# ਸ਼ੋਭਾ ਸ਼ਕਤੀ

ਹਰਚਰਨ ਸਿੰਘ

ਹਰਚਰਨ ਸਿੰਘ ਸ਼ੋਭਾ ਸ਼ਕਤੀ

# ਸ਼ੋਭਾ ਸ਼ਕਤੀ

[ਤਿੰਨ-ਅੰਕੀ ਨਾਟਕ]

ਹਰਚਰਨ ਸਿੰਘ

ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

ਨਮਸਕਾਰ

ਉਸ ਮਹਾਨ ਮਾਤਾ ਨੂੰ ਜਿਸ ਨੇ
ਪੰਡਿਤ ਜਵਾਹਰ ਲਾਲ ਨਹਿਰੂ
ਜਿਹੇ ਸਪੁੱਤਰ ਨੂੰ ਜਨਮ ਦਿੱਤਾ

੧੯੭੮

ਪਰਕਾਸ਼ਕ
ਆਰਸੀ ਪਬਲਿਸ਼ਰਜ਼, ਚਾਂਦਨੀ ਚੌਕ, ਦਿੱਲੀ

ਛਾਪਕ :
ਗਿਆਨੀ ਪ੍ਰਿੰਟਿੰਗ ਪ੍ਰੈਸ, ਦਿੱਲੀ-51
ਮੁੱਲ : ੬.੦੦

ਪ੍ਰਚਾਰ ਕਰਨ ਦੀ ਲੋੜ ਨਹੀਂ।

ਹਜ਼ਾਰਾਂ ਸਾਲਾਂ ਪਿਛੋਂ (ਗੁਪਤ ਸਮੇਂ ਤੋਂ ਬਾਅਦ) ਭਾਰਤ ਵਿਚ ਨਾਟਕ ਦੀ ਉਪਜ ਦੇ ਅਨੁਕੂਲ ਸਮਾਜਕ ਵਾਤਾਵਰਨ ਪੈਦਾ ਹੋਇਆ ਹੈ। ਨਾਟਕ ਕਲਾ ਦੇ ਵਿਕਸਨ ਲਈ ਤਿੰਨ ਅਵੱਸ਼ਕ ਸ਼ਰਤਾਂ ਹਨ : ਸੁਤੰਤਰਤਾ : ਅਮਨ ਤੇ ਖ਼ੁਸ਼ਹਾਲੀ।

ਨਾਟਕ ਉਸ ਵੇਲੇ ਹੀ ਪ੍ਰਗਟ ਹੁੰਦਾ ਹੈ ਜਦੋਂ ਲੋਕਾਂ ਦੀ ਹੋਣੀ ਉਨ੍ਹਾਂ ਦੇ ਆਪਣੇ ਹੱਥ ਹੁੰਦੀ ਹੈ। ਸੁਤੰਤਰਤਾ ਲੋਕਾਂ ਵਿਚ ਇਕ ਹੁਲਾਸ ਮਾਨਸਕ ਜਾਗ੍ਰਤੀ, ਸਮਾਜਕ ਹਿਲਜੁਲ ਪੈਦਾ ਕਰਦੀ ਹੈ। ਰਾਜਸੀ ਆਜ਼ਾਦੀ ਨਾਲ ਸਮਾਜਕ ਖੁਲ੍ਹ ਆਉਂਦੀ ਹੈ, ਕੀਮਤਾਂ ਬਦਲਦੀਆਂ ਹਨ। ਦੂਜੇ, ਨਾਟਕ ਸਮੂਹ ਤੇ ਵਿਸ਼ੇਸ਼ ਕਲਾ ਹੋਣ ਕਾਰਨ ਅਤੇ ਰੰਗ ਮੰਚ ਕਲਾ ਨਾਲ ਸਬੰਧਤ ਹੋਣ ਕਰ ਕੇ ਅਮਨ ਚੈਨ ਦੇ ਦਿਨਾਂ ਵਿਚ ਹੀ ਪ੍ਰਫੁਲਤ ਹੋ ਸਕਦੀ ਹੈ। ਲੜਾਈ ਝਗੜੇ ਜਾਂ ਜੰਗ ਦੀ ਅਵੱਸਥਾ ਵਿਚ ਤਾਂ ਪੰਛੀ ਆਲ੍ਹਣੇ ਨਹੀਂ ਬਣਾ ਸਕਦੇ, ਰੰਗ ਮੰਚ ਕਿਥੋਂ ਸਥਾਪਤ ਹੋਵੇ। ਪੰਜਾਬ ਵਿਚ ਤਾਹੀਓਂ ਕਿਸੇ ਪੁਰਾਤਨ ਰੰਗ ਮੰਚ ਦੇ ਨਿਸ਼ਾਨ ਨਹੀਂ ਮਿਲਦੇ। ਤੀਜੇ, ਨਾਟਕ ਖ਼ੁਸ਼ਹਾਲੀ ਦੀ ਕਲਾ ਹੈ। ਭਾਵੇਂ ਉਹ ਖ਼ੁਸ਼ਹਾਲੀ ਉੱਚੀ ਸ਼੍ਰੇਣੀ ਦੀ ਹੋਵੇ ਜਾਂ ਮਧ-ਸ਼੍ਰੇਣੀ ਜਾਂ ਜਨ ਸਾਧਾਰਣ ਦੀ। ਫ਼ਿਲਮ ਕਲਾ ਦੀ ਕਾਢ ਤੋਂ ਪਹਿਲਾਂ ਅਮੀਰਾਂ ਦੇ ਮਨ-ਪਰਚਾਵੇ ਦਾ ਸਾਧਨ ਨਾਟਕ ਹੀ ਸਨ।

ਪੰਜਾਬੀ ਨਾਟਕ ਦੀ ਘਾਟ ਦਾ ਆਮ ਚਰਚਾ ਕੀਤਾ ਜਾਂਦਾ ਹੈ। ਅਸਲ ਵਿਚ ਹਰ ਦੇਸ ਤੇ ਹਰ ਕਾਲ ਵਿਚ ਨਾਟਕ ਨੂੰ ਸੰਕਟ ਵਿਚ ਕਿਹਾ ਜਾਂਦਾ ਰਿਹਾ ਹੈ। ਸੋ ਨਿਰਾਸ ਹੋਣ ਦੀ ਲੋੜ ਨਹੀਂ। ਵੰਡ ਪਿਛੋਂ ਪੰਜਾਬ ਵਿਚ ਨਾਟਕਾਂ ਦੀ ਥੁੜ ਪੂਰੀ ਹੋਣ ਲਗ ਪਈ ਹੈ। ਹੋਰ ਉਤਸ਼ਾਹ ਜਨਕ ਕਾਰਨਾਂ ਤੋਂ ਬਿਨਾਂ ਸਮਾਜ ਦੇ ਅਸਲ ਨਾਟ ਘਰ ਵਿਚ ਮਨੁੱਖੀ ਪਾਤਰਾਂ ਨੂੰ ਸੁਤੰਤ੍ਰਤਾ ਨਾਲ ਬੋਲਣ ਤੇ ਵਿਚਰਨ ਦੀ ਖੁਲ੍ਹ ਮਿਲੀ ਹੈ। ਭਾਰਤ ਦੀ ਅੱਧੀ ਵਸੋਂ ਅਰਥਾਤ ਨਾਰੀ ਦੀ ਜਾਗ ਖੁਲ੍ਹ ਗਈ ਹੈ ਤੇ ਅਜੇ ਉਸ ਨੇ ਪਾਸਾ ਹੀ ਪਰਤਿਆ ਹੈ। ਸੰਸਾਰ ਦੇ ਸਭਿਆਚਾਰਕ ਇਤਿਹਾਸ ਤੇ ਝਾਤ ਮਾਰਿਆਂ ਪਤਾ ਲਗਦਾ ਹੈ ਕਿ ਕਿਸੇ ਦੇਸ਼ ਦੀ ਸਭਿਅਤਾ ਨੇ ਉਦੋਂ ਹੀ ਉੱਨਤੀ ਕੀਤੀ ਹੈ ਜਦੋਂ ਉਸ ਸਮਾਜ ਵਿਚ ਨਾਰੀ ਨੂੰ ਸਨਮਾਨਯੋਗ ਸਥਾਨ ਪ੍ਰਾਪਤ ਹੋਇਆ ਹੈ ਪੱਛਮੀ ਦੇਸ਼ਾਂ ਦੀ ਉੱਨਤੀ ਦਾ ਇਕ ਵੱਡਾ ਕਾਰਨ ਇਹੋ ਹੈ। ਇਸਲਾਮੀ ਮੁਲਕਾਂ ਵਿਚ ਨਾਰੀ ਅਜ ਦੀ ਲਤਾੜੀ ਹੋਈ ਅਵਸਥਾ ਵਿਚ ਅਤੇ ਪਰਦੇ ਵਿਚ ਕੈਦ ਹੈ। ਇਸੇ ਕਰ ਕੇ ਉਹ ਦੇਸ ਸਭਿਅਕ ਤੌਰ ਤੇ ਸਾਥੋਂ ਕਿਤੇ ਪਿਛੇ ਹਨ। ਵੇਦਕ ਕਾਲ ਵਿਚ ਭਾਰਤੀ ਇਸਤ੍ਰੀ ਦਾ ਸਮਾਜ ਵਿਚ ਕਾਫੀ ਉੱਚਾ ਦਰਜਾ ਸੀ, ਪਰ ਪਿਛੋਂ ਸਮਾਜਕ ਸਥਿਤੀ ਅਨੁਸਾਰ ਸਮੇਂ ਸਮੇਂ ਉਸ ਦੀ ਹਾਲਤ ਬਦਲਦੀ ਰਹੀ।



ਮੈਂ ਨਾਟਕ ਵਿਚ ਇਕ ਭਾਂਤ ਭਾਰਤੀ ਇਸਤਰੀ ਦੀ ਸਮੱਸਿਆ ਨੂੰ ਹੱਥ ਪਾਇਆ ਹੈ। ਮੇਰੇ ਪੂਰੇ ਨਾਟਕਾਂ ਦੇ ਵਿਸ਼ੇ ਮੁੱਢ ਤੋਂ ਵਿਸ਼ਾਲ, ਪ੍ਰਤੀਨਿਧ ਤੇ ਕੌਮੀ ਰੁਚੀ ਵਾਲੇ ਰਹੇ ਹਨ। ਰਾਜਾ ਪੋਰਸ ਤੋਂ ਸ਼ੋਭਾ ਸ਼ਕਤੀ ਤਕ ਲਗਭਗ ਇਹੋ ਧਾਰਾ ਕਾਇਮ ਰਹੀ ਹੈ। ਸ਼ੋਭਾ ਸ਼ਕਤੀ ਵਿਚ ਵੀ ਰਾਸ਼ਟਰੀ ਦ੍ਰਿਸ਼ਟੀ ਕੰਮ ਕਰ ਰਹੀ ਹੈ। ਇਸ ਵਿਚ ਭਾਰਤ ਦੀ ਇਸਤਰੀ ਨੂੰ ਨਵੀਂ ਸਥਿਤੀ ਤੇ ਬਦਲ ਰਹੇ ਰੂਪ ਵਿਚ ਪ੍ਰਗਟ ਕਰਨ ਦਾ ਯਤਨ ਕੀਤਾ ਹੈ। ਸੁਤੰਤਰਤਾ ਪਿਛੋਂ ਉਸ ਨੂੰ ਬੋਲਣ ਦਾ ਪੂਰਾ ਅਧਿਕਾਰ ਮਿਲਿਆ ਹੈ। ਹੁਣ ਉਹ ਆਪਣੇ ਦੁਖਾਂ ਨੂੰ ਨਾ ਕੇਵਲ ਪ੍ਰਗਟ ਕਰ ਸਕਦੀ ਹੈ, ਸਗੋਂ ਉਨ੍ਹਾਂ ਨੂੰ ਦੂਰ ਕਰਨ ਲਈ ਲੜ ਵੀ ਸਕਦੀ ਹੈ। ਕਾਨੂੰਨ ਉਸ ਦੇ ਅਧਿਕਾਰਾਂ ਦੀ ਰਾਖੀ ਲਈ ਬਣਾਏ ਗਏ ਹਨ, ਪਰ ਸਮੁਚੇ ਸਮਾਜ ਨੇ ਨਵੀਂ ਦ੍ਰਿਸ਼ਟੀ ਨੂੰ ਅਜੇ ਪੂਰੀ ਤਰ੍ਹਾਂ ਪ੍ਰਵਾਨ ਨਹੀਂ ਕੀਤਾ। ਮਰਦ ਦਾ ਉਸ ਵਲ ਰਵੱਈਆ ਅਜੇ ਬਹੁਤ ਘਟ ਬਦਲਿਆ ਹੈ। ਇਸ ਵਾਸਤੇ ਇਸਤਰੀ ਦੀ ਜਦੋਜਹਿਦ ਹਾਲੇ ਜਾਰੀ ਹੈ।

ਪੁਰਾਣੇ ਸਮੇਂ ਤੋਂ ਧਰਮ ਸ਼ਾਸਤਰਾਂ ਅਨੁਸਾਰ ਇਸਤਰੀ ਨੂੰ ਮਰਦ ਦੇ ਸਦਾ ਅਧੀਨ ਰਹਿਣ ਦੀ ਸਿਖਿਆ ਦਿਤੀ ਜਾਂਦੀ ਹੈ। ਇਤਿਹਾਸਕ ਹਾਲਤਾਂ ਨੇ ਉਸ ਨੂੰ ਨਿਰਬਲ ਸਾਹਸਹੀਨ ਤੇ ਪੂਰੀ ਤਰ੍ਹਾਂ ਮਰਦ ਦੇ ਪ੍ਰਾਧੀਨ ਕਰ ਦਿਤਾ ਸੀ। ਇਸ ਨਾਟਕ ਵਿਚ ਮੈਂ ਭਾਰਤੀ ਇਸਤਰੀ ਨੂੰ ਤਿੰਨ ਮੁਖ ਰੂਪਾਂ ਵਿਚ ਪੇਸ਼ ਕੀਤਾ ਹੈ – ਪੁੱਤਰੀ, ਪਤਨੀ ਅਤੇ ਮਾਂ। ਭੈਣ ਦਾ ਰਿਸ਼ਤਾ ਉਪ-ਰੂਪ ਰਖਿਆ ਹੈ। ਵਿਆਹ ਤੋਂ ਪਹਿਲਾਂ ਉਸ ਨੂੰ ਸਿਖਿਆ ਹੈ ਕਿ ਉਹ ਗਊ ਗਰੀਬਣੀ ਵਾਂਗ ਪਿਤਾ ਦੀ ਛਾਂ ਥਲੇ ਰਵ੍ਹੇ। ਵਿਆਹ ਪਿਛੋਂ ਉਹ ਪਤੀ ਪ੍ਰਮੇਸ਼ਵਰ ਦੇ ਪੂਰੀ ਤਰ੍ਹਾਂ ਅਧੀਨ ਰਹੇ ਅਤੇ ਬੁੱਢੀ ਹੋ ਕੇ ਉਹ ਪੁੱਤਰ ਦੀ ਆਗਿਆ ਅਨੁਸਾਰ ਪਿਛਲੀ ਜ਼ਿੰਦਗੀ ਭੋਗੇ, ਜਦੋਂ ਕਿ ਸੁਤੰਤਰਤਾ ਪਿਛੋਂ ਉਸ ਨੂੰ ਨਵੀਂ ਚੇਤਨਾ ਨੇ ਟੁੰਬ ਦਿਤਾ ਹੈ, ਉਸ ਨੂੰ ਸਨਮਾਨ ਨਾਲ ਜੀਣ ਥੀਣ ਤੇ ਬੋਲਣ ਦੇ ਅਧਿਕਾਰਾਂ ਦੀ ਸੂਝ ਹੋ ਗਈ ਹੈ, ਕੀ ਭਾਰਤ ਦੀ ਨਵੀਂ ਇਸਤ੍ਰੀ ਇਹ ਪਰੰਪਰਾਵਾਦੀ ਸਥਿਤੀ ਪ੍ਰਵਾਨ ਕਰਨ ਨੂੰ ਤਿਆਰ ਹੈ ? ਇਸ ਦਾ ਉੱਤਰ ਹੀ ਇਹ ਨਾਟਕ ਹੈ। ਮੈਂ ਇਸ ਬਾਰੇ ਵਿਸਥਾਰ ਵਿਚ ਜਾਣਾ ਨਹੀਂ ਚਾਹੁੰਦਾ। ਨਾਟਕ ਇਸ ਖ਼ਿਆਲ ਤੋਂ ਹੀ ਸਾਰਥਕ ਹੋ ਸਕਦਾ ਹੈ ਜੇਕਰ ਉਸ ਨੂੰ ਨਾਟਕੀ ਰੂਪ ਦਿਤਾ ਜਾਵੇ। ਦੂਜੇ ਸ਼ਬਦਾਂ ਵਿਚ ਬੋਧਕ ਵਿਚਾਰ ਨਾਟਕਾਂ ਦਾ ਗੁਣ ਨਹੀਂ, ਸਗੋਂ ਵਿਚਾਰਾਂ ਦਾ ਪਾਤਰਾਂ ਦੇ ਕਰਮ ਵਿਚੋਂ ਫੁਟਣਾ ਅਤੇ ਨਾਟਕੀ ਰੂਪ ਪ੍ਰਗਟ ਹੋਣਾ ਅਸਲ ਤੱਤ ਹੈ।

ਅਖ਼ੀਰ ਵਿਚ, ਇਸ ਨਾਟਕ ਦੀ ਨਾਇਕਾ ਸੋਭਾ ਬਾਰੇ ਮੈਂ ਦੋ ਸ਼ਬਦ ਜ਼ਰੂਰ ਕਹਾਂਗਾ। ਸੋਭਾ ਭਾਰਤ ਦੀ ਨਵੀਂ ਨਾਰੀ ਦਾ ਸੁਚੇਤ ਉਭਰਦਾ ਰੂਪ ਹੈ। ਉਹ ਇਸ ਨਾਟਕ ਦੀ

ਸੰਚਾਲਕ ਸ਼ਕਤੀ ਹੈ। ਉਸ ਦੇ ਸੁਭਾ ਤੋਂ ਨਾਟਕ ਦਾ ਕਾਰਜ ਉਤਪੰਨ ਹੁੰਦਾ ਅਤੇ ਵਿਕਾਸ ਕਰਦਾ ਹੈ। ਉਸ ਨੂੰ ਆਪਣੇ ਅਧਿਕਾਰਾਂ ਦੀ ਪੂਰੀ ਸੋਝੀ ਹੈ। ਉਹ ਮਾਪਿਆਂ ਤੋਂ ਸ਼ਾਦੀ ਦੀ ਚੋਣ ਦੀ ਖੁਲ੍ਹ ਮੰਗਦੀ ਹੈ। ਪੁਰਾਣੇ ਵਿਚਾਰਾਂ ਦਾ ਪਿਤਾ ਉਸ ਦਾ ਵਿਆਹ ਮਰਜ਼ੀ ਅਨੁਸਾਰ ਕਰਨਾ ਆਪਣਾ ਫ਼ਰਜ਼ ਤੇ ਅਧਿਕਾਰ ਸਮਝਦਾ ਹੈ। ਜੇਕਰ ਸ਼ੋਭਾ ਆਮ ਲੜਕੀਆਂ ਵਾਂਗ ਪਿਤਾ ਦੀ ਇੱਛਾ ਅਨੁਸਾਰ ਆਪਣੀ ਜ਼ਮੀਰ ਵਿਰੁਧ ਝੁਕ ਜਾਂਦੀ ਤਾਂ ਇਸ ਨਾਟਕ ਦੇ ਹੋਂਦ ਵਿਚ ਆਉਣ ਦਾ ਸਵਾਲ ਹੀ ਨਾ ਪੈਦਾ ਹੁੰਦਾ। ਪਰ ਉਸ ਦੇ ਵਿਚਾਰਾਂ ਤੇ ਸੁਭਾ ਦੀ ਪ੍ਰਬਲ ਸ਼ਕਤੀ ਇਸ ਨਾਟਕ ਨੂੰ ਜਨਮ ਦਿੰਦੀ ਤੇ ਅਗੇ ਤੋਰਦੀ ਹੈ।

ਦੂਜੇ ਅੰਕ ਵਿਚ ਸ਼ੋਭਾ ਆਰਥਕ ਤੌਰ ਤੇ ਸੁਤੰਤਰ ਹੈ। ਉਹ ਮਰਦ ਦੇ ਬਰਾਬਰੀ ਦੇ ਹੱਕਾਂ ਵਾਲੀ ਸਾਥਣ ਦੇ ਤੌਰ ਤੇ ਰਹਿਣ ਲਈ ਤਾ ਤਿਆਰ ਹੈ, ਪਰ ਜੁੱਤੀ ਜਾਂ ਜਾਇਦਾਦ ਦੀ ਹੈਸੀਅਤ ਵਿਚ ਰਹਿਣਾ ਪ੍ਰਵਾਨ ਨਹੀਂ ਕਰਦੀ। ਸਿੱਟਾ ਅਲਹਿਦਗੀ ਨਿਕਲਦਾ ਹੈ। ਤੀਜੇ ਨਾਟ ਵਿਚ ਜੇਕਰ ਉਹ ਪੁੱਤ ਨੂੰਹ ਨਾਲ ਸਮਝੌਤਾ ਕਰ ਲੈਂਦੀ ਤਾਂ ਪਿਛਲੀ ਜ਼ਿੰਦਗੀ ਸੁਖ ਨਾਲ ਬਤੀਤ ਕਰ ਸਕਦੀ ਸੀ, ਜਿਸ ਤਰ੍ਹਾਂ ਕਿ ਭਾਰਤ ਦੇ ਆਮ ਬਜ਼ੁਰਗ ਕਰਦੇ ਹਨ, ਪਰ ਸ਼ੋਭਾ ਦਾ ਜੀਵਨ ਸੁਤੰਤਰਤਾ ਦੇ ਸੱਚੇ ਵਿਚ ਢਲ ਚੁਕਾ ਸੀ, ਉਹ ਆਪਣਾ ਘਰ ਪੁੱਤਰ ਦੇ ਹਵਾਲੇ ਕਰ ਕੇ ਕਰਮ ਖੇਤਰ ਵਿਚ ਚਲੀ ਜਾਂਦੀ ਹੈ। ਸ਼ੋਭਾ ਤੋਂ ਬਿਨਾਂ ਇਸ ਨਾਟਕ ਦਾ ਇਕ ਹੋਰ ਮੁਖ ਤੇ ਵਿਸ਼ੇਸ਼ ਪਾਤਰ ਸਤੀਸ਼ ਹੈ, ਜੋ ਮੈਂ ਗੌਹਾਂ ਨਾਲ ਕਈ ਰੰਗਾਂ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ।

ਸਤੀਸ਼ ਸਮਕਾਲੀ ਜੀਵਨ ਦਾ ਇਕ ਪ੍ਰਤੀਨਿਧ ਪਾਤਰ ਹੈ। ਨਾਟਕ ਨੂੰ ਮੋੜਾ ਦੇਣ ਵਿਚ ਵੀ ਉਸ ਦਾ ਕਾਫ਼ੀ ਹੱਥ ਹੈ। ਪਹਿਲੇ ਅੰਕ ਵਿਚ ਮੈਂ ਉਸ ਤੋਂ ਕੁਝ ਗੱਲਾਂ ਓਹਲੇ (aside) ਵਿਚ ਅਖਵਾਈਆਂ ਹਨ। ਓਹਲੇ ਦੀ ਵਰਤੋਂ ਮੈਂ ਸੁਚੇਤ ਤੌਰ ਤੇ ਪਹਿਲੀ ਵਾਰ ਮੌਕੇ ਦੀ ਲੋੜ ਅਨੁਸਾਰ ਕੀਤੀ ਹੈ। ਕਈ ਦਫ਼ਾ ਅਸੀਂ ਕੋਈ ਗੱਲ ਕਹਿਣੀ ਚਾਹੁੰਦੇ ਹਾਂ, ਪਰ ਸਮਾਜਕ ਮਰਯਾਦਾ ਜਾਂ ਬਜ਼ੁਰਗੀ ਦੇ ਲਿਹਾਜ਼ ਵਿਚ ਆ ਕੇ ਕਹਿਣੋਂ ਝਕਦੇ ਜਾਂ ਡਰਦੇ ਹਾਂ। ਅਸਲ ਵਿਚ ਉਹ ਮੂੰਹ ਆਈ ਗੱਲ ਅੰਤਹਕਰਣ ਦੀ ਆਵਾਜ਼ ਹੁੰਦੀ ਹੈ, ਜਿਹੜੀ ਪਾਤਰ ਦੇ ਸੁਭਾ ਦਾ ਸਹੀ ਉਘਾੜ ਕਰਦੀ ਹੈ।

ਮੁੱਢ ਵਿਚ ਵੀ ਮੈਂ ਕਹਿ ਚੁਕਾ ਹਾਂ ਕਿ ਮੈਂ ਇਹ ਨਾਟਕ ਰੰਗ ਮੰਚ ਲਈ ਲਿਖਿਆ ਹੈ, ਭਾਵੇਂ ਜੀਵਨ ਮੰਚ ਤੇ ਵੀ ਇਹ ਪੂਰਾ ਉਤਰਦਾ ਹੈ। ਜੋ ਨਿਰਦੇਸ਼ਕ ਤੇ ਖੇਡਕਾਰ ਇਸ ਨੂੰ ਰੰਗ ਮੰਚ ਤੇ ਸਜੀਵ ਕਰਨ ਦਾ ਯਤਨ ਕਰਨਗੇ, ਮੈਂ ਉਨ੍ਹਾਂ ਦਾ ਧੰਨਵਾਦੀ ਹੋਵਾਂਗਾ। ਆਸ ਹੈ ਪਾਠਕ ਜਨ ਵੀ ਇਸ ਨੂੰ ਪਸੰਦ ਕਰਨਗੇ।

—ਹਰਚਰਨ ਸਿੰਘ

ਹੁਣ ਮੈਂ ਦਰਸ਼ਕਾਂ ਨੂੰ ਕੇਵਲ ਇਹੋ ਬਿਨੈ ਕਰਨੀ ਹੈ ਕਿ ਉਹ ਇਸ ਨਾਟਕ ਦੇ ਵਿਸ਼ੇ ਤੇ ਕਰਤਾ ਨਾਲ ਹਮਦਰਦੀ ਰਖਦੇ ਹੋਏ ਖੇਲ ਨੂੰ ਧਿਆਨ ਨਾਲ ਦੇਖਣ।

—ਕਾਲੀਦਾਸ

## ਪਾਤਰ

### (ਪਰਵੇਸ਼ ਕਰਮ ਅਨੁਸਾਰ)

ਸ਼ਾਂਤੀ ਦੇਵੀ
ਲੀਲਾ
ਦੀਨ ਦਿਆਲ ਕਪੂਰ
ਸਤੀਸ਼ ਕਪੂਰ
ਬਜ਼ੁਰਗ
ਸ਼ੋਭਾ
ਰਮੇਸ਼ ਚੰਦਰ
ਮੁਨਸ਼ੀ
ਇਕ ਔਰਤ
ਜਮਾਂਦਾਰਨੀ
ਰੇਖਾ
ਕੇਂਵਲ ਨੈਣ
ਮਾਈਆਂ

### ਨਾਟ ਪਹਿਲਾ

ਸਮਾਂ : ਸੰਨ ੧੯੪੮
ਰੁੱਤ : ਬਹਾਰ
ਵਕਤ : ਸਾਢੇ ਅੱਠ ਵਜੇ ਸਵੇਰੇ
ਝਾਕੀ : ਸੋਭਾ ਦੇ ਪਿਤਾ ਦਾ ਸਜੀਲਾ ਬਰਾਂਡਾ

### ਨਾਟ ਦੂਜਾ

ਸਮਾਂ : ਸੰਨ ੧੯੫੧
ਰੁੱਤ : ਪੱਤਝੜ
ਵਕਤ : ਨੌਂ ਵਜੇ ਸਵੇਰੇ
ਝਾਕੀ : ਸੋਭਾ ਦੇ ਪਤੀ ਦੇ ਘਰ ਦਾ ਸਾਧਾਰਨ ਕਮਰਾ

### ਨਾਟ ਤੀਜਾ

ਸਮਾਂ : ਸੰਨ ੧੯੬੮
ਰੁੱਤ : ਚੜ੍ਹਦਾ ਸਿਆਲ
ਵਕਤ : ਦਸ ਵਜੇ ਸਵੇਰੇ
ਝਾਕੀ : ਸੋਭਾ ਦੇ ਪੁੱਤਰ ਦੇ ਘਰ ਦਾ ਸੁਚੱਜਾ ਕਮਰਾ

ਨੋਟ : ਸਥਾਨ ਤਿੰਨ ਅੰਕਾਂ ਵਿਚ ਨਵੀਂ ਦਿੱਲੀ ਦੇ ਵੱਖੋ ਵੱਖ ਘਰ ਹਨ ।

## ਸੂਚਨਾ

'ਸ਼ੋਭਾ ਸ਼ਕਤੀ' ਨਾਟਕ ਨੂੰ ਖੇਡਣ ਲਈ ਕਰਤਾ ਦੀ ਹੇਠਲੇ ਪਤੇ ਤੋਂ ਲਿਖਤੀ ਆਗਿਆ (ਜੋ ਆਮ ਤੌਰ ਤੇ ਧੰਨਵਾਦ ਸਹਿਤ ਦਿੱਤੀ ਜਾਂਦੀ ਹੈ) ਲੈਣੀ ਜ਼ਰੂਰੀ ਹੈ, ਇਸ ਕਰ ਕੇ ਨਹੀਂ ਕਿ ਲੇਖਕ ਨੇ ਖੇਡਕਾਰਾਂ ਪਾਸੋਂ ਕਿਸੇ ਰਾਇਲਟੀ ਦੀ ਮੰਗ ਕਰਨੀ ਹੈ, (ਪੰਜਾਬੀ ਰੰਗ ਮੰਚ ਦੀ ਅਜਿਹੀ ਅਵਸਥਾ ਕਿਥੇ) ਸਗੋਂ ਨਾਟਕਕਾਰ ਇਸ ਰੰਗ ਮੰਚ ਦੇ ਇਤਿਹਾਸ ਤੋਂ ਜਾਣੂੰ ਰਹਿਣਾ ਚਾਹੁੰਦਾ ਹੈ ਅਤੇ ਖੇਡੇ ਜਾਣ ਦੀ ਸੂਰਤ ਵਿਚ ਨਿਰਦੇਸ਼ਕ ਨੂੰ ਵਿਸ਼ੇਸ਼ ਸੁਝਾ ਤੇ ਸੂਚਨਾਵਾਂ ਦੇਣਾ ਚਾਹਵੇਗਾ ।

**ਹਰਚਰਨ ਸਿੰਘ**

1048/15-B, ਚੰਡੀਗੜ੍ਹ

# ਸ਼ੋਭਾ ਸ਼ਕਤੀ

## ਨਾਟ ਪਹਿਲਾ

**ਝਾਕੀ :** ਦਿੱਲੀ ਦੀ ਇਕ ਨਵੀਂ ਬਸਤੀ ਵਿਚ ਇਕ ਸਜਰੀ ਬਣੀ ਕੋਠੀ ਦਾ ਬਰਾਂਡਾ । ਕੋਠੀ ਦਾ ਸਮੁੱਚਾ ਦ੍ਰਿਸ਼ ਉਚੇਚਤਾ ਤੇ ਸੁੰਦਰਤਾ ਦਾ ਰਲਵਾਂ ਪ੍ਰਭਾਵ ਪਾਉਂਦਾ ਹੈ । ਓਪਰੀ ਨਜ਼ਰੇ ਤੱਕਿਆਂ ਕੋਠੀ ਕਿਸੇ ਮਾਹਰ ਇੰਜੀਨੀਅਰ ਦਾ ਚਮਤਕਾਰ ਜਾਪਦੀ ਹੈ, ਪਰ ਸੂਝਵਾਨ ਅੱਖ ਨੂੰ ਸ਼ਾਇਦ ਇਹ ਉਸਾਰੀ ਕੁਝ ਸੁੰਞੀ ਸੁੰਞੀ ਜਾਂ ਸ਼ਖ਼ਸੀਅਤ ਤੋਂ ਰਤਾ ਸਖਣੀ ਜਾਪੇ ।

ਇਸ ਦੇ ਸਾਹਮਣੇ ਇਕ ਸੁੰਦਰ ਹਰਿਆਵਲਾ ਕਿੱਤਾ (ਲਾਅਨ) ਹੈ, ਜਿਸ ਵਿਚ ਸੁਚੱਜੇ ਹੱਥਾਂ ਦੇ ਲਾਏ ਵੇਲਾਂ ਬੂਟੇ, ਕੋਠੀ ਦੇ ਸੁਹਜ ਨੂੰ ਦੂਣਾ ਕਰ ਰਹੇ ਹਨ । ਬਰਾਂਡੇ ਦੇ ਨਾਲ ਨਾਲ ਰੰਗੀਨ ਗਮਲੇ ਰੱਖੇ ਹੋਏ ਹਨ, ਜਿਨ੍ਹਾਂ ਵਿਚ ਕਈ ਭਾਂਤ ਦੇ ਖਿੜੇ ਫੁੱਲ ਬਰਾਂਡੇ ਵਿਚਲੀ ਮਨੁੱਖੀ ਉਦਾਸੀ ਨਾਲ ਜ਼ਾਹਰਾ ਵਿਰੋਧ ਪ੍ਰਗਟ ਕਰ ਰਹੇ ਹ ਨ ।

ਬਰਾਂਡੇ ਦੇ ਇਕ ਕੋਨੇ ਵਿਚ ਮੈਨਾ ਦਾ ਪਿੰਜਰਾ ਲਟਕ ਰਿਹਾ ਹੈ । ਚੜ੍ਹਦੇ ਚੇਤ ਦੀ ਸੁਹਾਵਣੀ ਰੁੱਤ ਹੈ । ਸਵੇਰ ਦਾ ਨਾਸ਼ਤਾ ਬਰਾਂਡੇ ਵਿਚ ਹੀ ਕੀਤਾ ਜਾਪਦਾ ਹੈ, ਪਰ ਮੇਜ਼ਾਂ ਉਤੇ ਚਾਹ ਦਾ ਸਾਰਾ ਸਾਮਾਨ ਅਣਛੋਹਿਆ ਪਿਆ ਹੈ । ਇਕ ਅੰਗਰੇਜ਼ੀ ਅਖ਼ਬਾਰ ਵੀ ਹੈਰਾਨੀ ਭਰੇ ਮਨੁੱਖ ਵਾਂਗ ਮੂੰਹ ਅੱਡੀ ਅਡੋਲ ਪਈ ਹੈ ।

ਪਰਦਾ ਉੱਠਣ ਸਮੇਂ ਸ਼ਾਂਤੀ ਦੇਵੀ ਅਮੀਰਾਨਾਂ ਪਹਿਰਾਵੇ ਵਿਚ, ਕੁਰਸੀ ਉੱਤੇ ਕਿਸੇ ਡੂੰਘੀ ਚਿੰਤਾ ਦੀ ਹਾਲਤ ਵਿਚ ਬੇਆਰਾਮ ਬੈਠੀ ਹੈ । ਬਾਹਰੋਂ ਪਾਲਸ਼, ਪਰ ਅੰਦਰੋਂ ਘੁਣ ਖਾਧੀ ਲੱਕੜੀ ਵਾਂਗ ਸ਼ਾਂਤੀ ਦੇਵੀ ਦੀ ਆਤਮਾ ਤੇ ਮਨ ਵੀ ਸੁੰਞਾਂ ਤੇ ਖੋਖਲਾ ਜਾਪਦਾ ਹੈ । ਘਰ ਦੀ ਨੌਕਰਾਣੀ ਲੀਲਾ ਜੋ ਪਾਣੀ ਬਿਨ ਮਛਲੀ ਵਾਂਗ ਤਲਮਲਾ ਰਹੀ ਹੈ, ਘੜੀ ਮੁੜੀ ਸ਼ਾਂਤੀ ਦਾ ਧਿਆਨ ਆਪਣੀ ਗੱਲ ਵਲ ਖਿਚਦੀ ਹੈ । ਉਦਾਸ ਲੀਲਾ ਦਾ ਅੱਧਾ

ਧਿਆਨ ਅੰਦਰਲੇ ਦਰਵਾਜ਼ੇ ਵਲ ਹੈ, ਜੋ ਆਸ ਨਿਰਾਸ ਮਨ ਵਾਂਗ ਖੁਲ੍ਹਦਾ ਤੇ ਬੰਦ ਹੁੰਦਾ ਹੈ।

ਸ਼ਾਂਤੀ : ਅਜ ਜ਼ਰੂਰ ਕੁਝ ਹੋ ਕੇ ਰਵ੍ਹੇਗਾ, ਉਹ ਤਾਂ ਹੈ ਈ ਸਨ ਹਠੀ, ਕੁੜੀ ਉਨ੍ਹਾਂ ਨਾਲੋਂ, ਵਧ ਜ਼ਿਦੀ ਨਿਕਲੀ।

ਲੀਲਾ : (ਨਿਰਾਸਤਾ ਦੇ ਡੂੰਘੇ ਸਾਹ ਨਾਲ) ਏਸ ਭੇਤ 'ਚ ਮੇਰਾ ਖ਼ਾਹ-ਮ-ਖ਼ਾਹ ਦਰੜ ਹੋ ਗਿਐ।

ਸ਼ਾਂਤੀ : (ਦਿਲਾਸੇ ਨਾਲ) ਜ਼ਰਾ ਠੰਡੇ ਹੋ ਲੈਣ ਦੇ ਮੈਂ ਜ਼ਰੂਰ ਗੱਲ ਕਰਾਂਗੀ।

ਲੀਲਾ : ਬਾਊ ਜੀ ਤਾਂ ਠੰਢੇ ਹੋਣ ਵਾਲੇ ਨਹੀਂ, ਤੁਸੀਂ ਸ਼ੋਭਾ ਨੂੰ ਸਮਝਾਓ, ਕਾਹਲ ਨਾ ਕਰੇ।

ਸ਼ਾਂਤੀ : ਲੀਲਾ, ਮੈਂ ਉਸ ਨੂੰ ਕੀ ਸਮਝਾਵਾਂ, ਉਹ ਕੁਝ ਸੁਣਦੀ ਏ।

ਲੀਲਾ : ਬੀਬੀ ਜੀ, ਤੁਸੀਂ ਸਾਰੀ ਉਮਰ ਚੁੱਪ ਰਹੇ ਓ, ਹੁਣ ਚੁੱਪ ਰਹਿਣ ਦਾ ਵੇਲਾ ਨਹੀਂ ਜਦ ਪਾਣੀ ਸਿਰੋਂ ਲੰਘ ਜਾਊ ਤਾਂ ਈ ਬੋਲੋਗੇ।

ਸ਼ਾਂਤੀ : (ਟੋਕ ਦੀ ਚੋਭ ਦੇ ਪ੍ਰਭਾਵ ਥੱਲੇ) ਅੱਛਾ ਨਿਕਲ ਲੈਣ ਦੇ, ਕਰਦੀ ਆਂ ਗੱਲ।

ਲੀਲਾ : (ਤਰਲੇ ਨਾਲ) ਤੁਸੀਂ ਇਕ ਵਾਰ ਮੇਰੇ ਹੱਕ 'ਚ ਜ਼ੋਰ ਪਾ ਕੇ ਕਹਿ ਦੇਖੋ ਜੇ ਫੇਰ ਵੀ ਨਾ ਮੰਨੇ ਤਾਂ ਮੇਰੀ ਕਿਸਮਤ।

ਸ਼ਾਂਤੀ : ਲੀਲਾ, ਤੂੰ ਵੀ ਉਨ੍ਹਾਂ ਦੇ ਗੁਸੈਲ ਸੁਭਾ ਨੂੰ ਜਾਣਦੀ ਏਂ, ਅੱਗੇ ਕਦੇ ਉਨ੍ਹਾਂ ਮੇਰੀ ਗੱਲ ਮੰਨੀ ਏ।

ਲੀਲਾ : (ਅਤਿ ਨਿਰਾਸ ਹੋ ਕੇ) ਫੇਰ ਮੈਨੂੰ ਦੱਸੋ, ਮੈਂ ਕਿਹੜੇ ਖੂਹ ਡੁੱਬਾਂ ?

ਸ਼ਾਂਤੀ : (ਪਸੀਜ ਕੇ) ਅੱਛਾ, ਕਹਿ ਦੇਖਦੀਆਂ। ਅੱਗੇ ਕਿਹੜੀ ਝਾੜ ਝੰਭ ਨਹੀਂ ਕਰਦੇ।

ਲੀਲਾ : ਬੀਬੀ ਜੀ, ਮੈਂ ਤਾਂ ਤੁਹਾਡੇ ਆਸਰੇ ਈ ਦਿਨ ਕਟ ਰਹੀ ਆਂ। ਮੇਰਾ ਹੋਰ ਕੌਣ ਏ!

ਸ਼ਾਂਤੀ : ਨੀ ਚੁੱਪ! ਉਹ ਨਿਕਲੇ ਨੇ! (ਹੌਲੀ) ਦੇਖ ਕਿੱਦਾਂ ਭਰੇ ਭੀਤੇ ਹੋਏ ਨੇ। ਤੂੰ ਅੰਦਰ ਜਾਹ! ਅੱਛਾ, ਠਹਿਰ ਜਾ।

ਦੀਨ ਦਿਆਲ ਕਪੂਰ, ਜੋ ਇਕ ਰੱਜੇ ਪੁੱਜੇ ਬਾ-ਰੋਅਬ ਰੀਟਾਇਰਡ ਇੰਜੀਨੀਅਰ ਹਨ, ਸਖ਼ਤ ਗੁੱਸੇ ਦੀ ਹਾਲਤ ਵਿਚ ਅੰਦਰੋਂ ਨਿਕਲਦੇ ਹਨ। ਬੂਹੇ ਦੇ ਬੰਦ ਹੋਣ ਦੇ ਖੜਾਕ ਅਤੇ ਭਿਆਨਕ ਖੰਘੂਰਾ ਸੁਣ ਕੇ ਦੋਵੇਂ ਇਸਤ੍ਰੀਆਂ



ਤ੍ਰਹਿ ਜਾਂਦੀਆਂ ਹਨ। ਲੀਲਾ ਤਾਂ ਦੋ ਤਿੰਨ ਕਦਮ ਪਿਛੇ ਹਟ ਜਾਂਦੀ ਹੈ। ਉਸ ਨੂੰ ਦੇਖਦੇ ਸਾਰ ਕਪੂਰ ਦੇ ਮੱਥੇ ਦੀਆਂ ਤਿਊੜੀਆਂ ਉਭਰ ਆਉਂਦੀਆਂ ਹਨ।

ਕਪੂਰ : ਤੂੰ ਅਜੇ ਇਥੇ ਹੀ ਖੜੀ ਏਂ ? ਤੈਨੂੰ ਕਿਹਾ ਨਹੀਂ ਸੀ ਗੰਢੜੀ ਚੁੱਕ ਕੇ ਕੋਠੀ ਤੋਂ ਬਾਹਰ ਹੋ ਨਿਮਕਹਰਾਮ!

ਸ਼ਾਂਤੀ : (ਡਰਦੀ ਡਰਦੀ) ਕਿਥੇ ਜਾਵੇ ਵਿਚਾਰੀ! ਇਹਦਾ ਕੋਈ ਟਿਕਾਣਾ ਏਂ।

ਕਪੂਰ : ਚੁੱਪ ਰਹੁ! ਨਹੀਂ ਤਾਂ ਤੇਰਾ ਬੋਰੀਆ ਬਿਸਤਰਾ ਵੀ ਨਾਲ ਹੀ ਗੋਲ ਕਰਵਾ ਦਿਆਂਗਾ। ਸੱਪਣੀ ਨੂੰ ਭਾਵੇਂ ਸਾਰੀ ਉਮਰ ਦੁੱਧ ਪਿਆਓ, ਅਖ਼ੀਰ ਉਸ ਡੰਗ ਈ ਮਾਰਨਾ ਏਂ। ਏਸ ਮੀਸਣੀ ਨੂੰ ਮੈਂ ਕਦੇ ਓਏ ਤਕ ਨਹੀਂ ਕਿਹਾ, ਇਹਨੇ ਮੇਰੀ ਇਹ ਕਦਰ ਜਾਣੀ ਏਂ।

ਲੀਲਾ : (ਆਖ਼ਰੀ ਹੱਥ ਪੈਰ ਮਾਰਨ ਦੀ ਹਾਲਤ ਵਿਚ) ਬਾਊ ਜੀ, ਮੇਰਾ ਕਸੂਰ ਤਾਂ ਦਸੋ।

ਕਪੂਰ : (ਗੁੱਸੇ ਨਾਲ ਭੜਕ ਕੇ) ਕਸੂਰ! ਚਲਾਕ ਬਣਦੀ ਏਂ। ਸਾਡਾ ਖ਼ਾਨਦਾਨ ਬਰਬਾਦ ਕਰ ਕੇ ਰਖ ਦਿਤਾ ਵੇ ਤੂੰ।

ਲੀਲਾ : (ਕੁਝ ਹੋਰ ਹੌਸਲਾ ਫੜ ਕੇ) ਸ਼ੋਭਾ ਬੀਬੀ ਸਾਧਾਰਨ ਲੜਕੀ ਨਹੀਂ ਬਾਊ ਜੀ।

ਸ਼ਾਂਤੀ : ਨਾਲੇ ਇਹ ਉਹਦੀ ਆਯਾ ਰਹੀ ਏ, ਮਾਸਟਰਾਣੀ ਨਹੀਂ।

ਲੀਲਾ : (ਝਟ ਪਟ) ਬਾਊ ਜੀ, ਸ਼ੋਭਾ ਤੁਹਾਡੇ ਆਖੇ ਵਿਚ ਨਹੀਂ ਤਾਂ ਮੈਂ ਕੌਣ ਆਂ।

ਕਪੂਰ : ਕਿੰਨੀ ਭੋਲੀ ਬਣ ਕੇ ਦੱਸਣ ਲੱਗੀ ਏ, ਇਹ ਸਭ ਤੇਰੀ ਕਰਤੂਤ ਏ। (ਐਵੇਂ ਧਮਕਾਉਣ ਦੇ ਖ਼ਿਆਲ ਨਾਲ) ਤੂੰ ਚਿੱਠੀਆਂ ਪਹੁੰਚਾਂਦੀ ਰਹੀ ਏਂ।

ਲੀਲਾ : ਬਾਊ ਜੀ, ਤੁਸੀਂ ਮੈਨੂੰ ਸ਼ੋਭਾ ਦੀ ਸੇਵਾ ਤੇ ਲਾਇਆ ਸੀ, ਜੋ ਹੁਕਮ ਦਿੰਦੀ ਸੀ ਮੈਂ......

ਕਪੂਰ : ਜੇ ਉਹ ਖੂਹ ਵਿਚ ਛਾਲ ਮਾਰਦੀ, ਫ਼ੇਰ ਵੀ ਤੇਰਾ ਫ਼ਰਜ਼ ਨਹੀਂ ਸੀ ਰੋਕਣਾ।

ਸ਼ਾਂਤੀ : ਕਈ ਵਾਰ ਤਾਂ ਵਿਚਾਰੀ ਦਸ ਚੁੱਕੀ ਏ।

ਲੀਲਾ : ਬਾਊ ਜੀ, ਮੈਂ ਉਹਦੀ ਮਾਵਾਂ ਹਾਰ ਸਾਂ, ਬਥੇਰਾ ਕੁਝ ਕਹਿੰਦੀ ਰਹੀ ਆਂ।

ਸ਼ਾਂਤੀ : ਜਾਂ ਤੁਸੀਂ ਉਹਨੂੰ ਖੁਲ੍ਹੀ ਛੁੱਟੀ ਦਿਤੀ ਹੋਈ ਸੀ ਤਾਂ ਇਹ ਕੀ ਕਰਦੀ ਵਿਚਾਰੀ।

ਕਪੂਰ : (ਝੱਈ ਲੈ ਕੇ ਪੈਂਦਾ ਹੋਇਆ) ਧੀ ਦਾ ਖ਼ਿਆਲ ਰਖਣਾ ਮਾਂ ਦਾ ਫ਼ਰਜ਼ ਹੁੰਦੈ ਪਿਉ ਦਾ ਨਹੀਂ।

ਸ਼ਾਂਤੀ : ਤੁਸੀਂ ਮੁੰਡੇ ਦੀ ਨਿਗਰਾਨੀ ਕਰ ਕੇ ਦੇਖ ਲਵੋ।

ਕਪੂਰ : (ਉਸ ਦਾ ਨਾਂ ਸੁਣਦੇ ਸਾਰ ਗੁੱਸੇ ਨਾਲ ਲਾਲ ਪੀਲਾ ਹੁੰਦਾ ਹੋਇਆ) ਉਹਨੂੰ ਵੀ ਤੇਰੇ ਲਾਡਾਂ ਨੇ ਚੋੜ ਕੀਤਾ ਏ।

ਸ਼ਾਂਤੀ : ਮੇਰੇ ਲਾਡਾਂ ਨੇ ਨਹੀਂ, ਤੁਹਾਡੇ ਸਖਤ ਸੁਭਾ ਤੇ ਨਿਰਮੋਹ ਨੇ।

ਕਪੂਰ : ਤੂੰ ਮੈਥੋਂ ਚੋਰੀ ਉਹਦੀ ਜੇਬ ਭਰਦੀ ਰਹੀ ਏਂ।

ਲੀਲਾ : (ਗੱਲ ਨੂੰ ਆਪਣੇ ਮਤਲਬ ਵਲ ਲਿਆਉਂਦੀ ਹੋਈ) ਬਾਊ ਜੀ, ਉਹ ਲੜਕਾ ਘਰ ਆਂਦਾ ਜਾਂਦਾ ਸੀ, ਕੱਠੇ ਕਾਲਜ ਨੂੰ ਜਾਂਦੇ ਸੀ। ਮੈਂ ਕਿਹਾ ਸਭ ਤੁਹਾਡੀ ਮਰਜ਼ੀ ਨਾਲ.

ਕਪੂਰ : ਵੇਖਿਆ, ਨਿਕਲੀ ਨਾ ਗੱਲ ਸੱਚੀ। (ਸ਼ਾਂਤੀ ਨੂੰ ਡਾਂਟਦਾ ਹੋਇਆ) ਇਹ ਸਭ ਤੇਰੀ ਸ਼ਹਿ ਨਾਲ ਹੋਇਆ ਏ। ਤੂੰ ਜਿੰਨੀ ਚੁੱਪ ਕੀਤੀ ਏਂ, ਉੱਨੀ ਖ਼ਤਰਨਾਕ ਏਂ। ਸੱਪਣੀ ਵਾਂਗ ਬੈਠੀ ਵਿਸ ਘੋਲਦੀ ਰਹਿੰਦੀ ਏਂ। (ਦੰਦ ਪੀਂਹਦਾ ਹੋਇਆ) ਚਿੱਤ ਕਰਦੈ ਤੇਰੀ ਸਿਰੀ ਫੇਹ ਦਿਆਂ।

ਸ਼ਾਂਤੀ : ਅੱਗੇ ਕਿਹੜੀ ਘਟ ਕਰਦੇ ਓ।

ਲੀਲਾ : (ਪਛਤਾਵੇ ਵਿਚ) ਬਾਊ ਜੀ, ਮਾਤਾ ਜੀ ਦਾ ਕਸੂਰ ਤੇ ਤਾਂ ਹੋਏ ਜੇ ਸੋਭਾ ਕੁਝ ਲੁਕ ਛਿਪ ਕੇ ਕਰਦੀ ਹੋਵੇ। ਅਸੀਂ ਤਾਂ ਉਹਦੀਆਂ ਹਰਕਤਾਂ ਦੇਖ ਦੇਖ ਉਂਗਲਾਂ ਟੁਕਦੀਆਂ।

ਕਪੂਰ : ਇਹ ਤਾਂ ਮੈਂ ਵੀ ਜਾਣਦਾਂ, ਇਸ ਛੋਕਰੀ ਦਾ ਦਿਮਾਗ਼ ਅਸਮਾਨੇ ਚੜ੍ਹਿਆ ਹੋਇਐ।

ਸ਼ਾਂਤੀ : ਬਹੁਤਾ ਘਬਰਾਓ ਨਾ, ਉਹਨੂੰ ਆਪਣੇ ਭਲੇ ਬੁਰੇ ਦੀ ਸਾਰੀ ਸੋਝੀ ਏ।

ਕਪੂਰ : ਸੋਝੀ ਦੀਏ ਲਗਦੀਏ, ਜੁਆਨੀ ਕਮਲੀ ਹੁੰਦੀ ਏ। ਇਹਦੇ ਵਿਚ ਮੁੰਡੇ ਕੁੜੀਆਂ ਨੂੰ ਆਪਣੇ ਭਵਿਸ਼ ਦੀ ਹੋਸ਼ ਨਹੀਂ ਹੁੰਦੀ।

ਸ਼ਾਂਤੀ : ਸੋਭਾ ਆਮ ਲੜਕੀਆਂ ਵਰਗੀ ਲੜਕੀ ਨਹੀਂ, ਤੁਸੀਂ ਉਹਦਾ ਕੀ ਬੁਰਾ ਦੇਖਿਆ ਏ ?

ਕਪੂਰ : ਅਜੇ ਕੁਝ ਕਸਰ ਰਹਿ ਗਈ ਏ।

ਲੀਲਾ : ਬਾਊ ਜੀ, ਬੀਬੀ ਜੀ, ਸੱਚ ਕਹਿੰਦੇ ਨੇ। ਮਜ਼ਾਲ ਐ ਕੋਈ ਰਾਹ ਵਾਟੇ ਲੰਘਦਿਆਂ ਮਖ਼ੌਲ ਕਰ ਜਾਏ ਜਾਂ ਬੁਰੀ ਨਿਗਾਹ ਨਾਲ ਤੱਕ ਜਾਏ। ਫੇਰ ਐਨੇ ਅਮੀਰਾਂ ਦੀ ਧੀ ਹੋ ਕੇ ਸਾਦਾ ਈ ਸਾਦਾ।

ਕਪੂਰ : (ਕੁਝ ਸੁਖਾਵਾਂ ਸਾਹ ਲੈਂਦਾ ਹੋਇਆ) ਮੈਨੂੰ ਸੱਚ ਸੱਚ ਦਸੋ, ਕੀ ਉਹ ਠੀਕ ਸਿਵਲ ਮੈਰਿਜ ਕਰਵਾਣ ਲੱਗੀ ਏ ਕੇ ਐਵੇਂ ਮੈਨੂੰ ਡਰਾ ਰਹੀਆਂ ਹੋ ?



(ਲੀਲਾ ਨੂੰ) ਤੂੰ ਦੱਸ !

ਲੀਲਾ : (ਝੂਠੇ ਬੰਦੇ ਵਾਂਗ ਝਿਝਕ ਕੇ) ਮੈਨੂੰ ਤਾਂ ਜੀ ਇਸ ਗੱਲ ਦੀ ਉੱਕਾ ਖ਼ਬਰ ਨਹੀਂ। ਬੀਬੀ ਜੀ ਨੂੰ ਭਾਵੇਂ......

ਕਪੂਰ : ਇਨ੍ਹਾਂ ਮਾਵਾਂ ਧੀਆਂ ਦਾ ਤਾਂ ਇਕੋ ਰਾਜ਼ ਏ। ਮੈਨੂੰ ਹੀ ਮੂਰਖ ਬਣਾ ਰਹੀਆਂ ਨੇ।

ਸ਼ਾਂਤੀ : ਪਰ ਮੈਨੂੰ ਵੀ ਤਾਂ ਉਹਨੇ ਰਾਤ ਈ ਦਸਿਆ। ਸਾਰੀ ਰਾਤ ਮੱਥਾ ਮਾਰਦੀ ਰਹੀ ਆਂ, ਪਈ ਧੀਏ, ਇਹ ਕੰਮ ਨਾ ਕਰ, ਇੱਜ਼ਤਾਂ ਦੇ ਮਾਮਲੇ ਨੇ।

ਕਪੂਰ : ਪਰ ਤੂੰ ਮੈਨੂੰ ਰਾਤ ਕਿਉਂ ਨਾ ਦਸਿਆ ?

ਸ਼ਾਂਤੀ : ਰਾਤ ਤੁਸੀਂ ਕਲੱਬ ਤੋਂ ਚਿਰਾਕੇ ਆਏ ਸਓ। ਮੈਂ ਕਿਹਾ ਕਾਹਨੂੰ ਨੀਂਦ ਖ਼ਰਾਬ ਕਰਾਂ।

ਕਪੂਰ : (ਗੁੱਸੇ ਨਾਲ) ਮੈਂ ਕਹਿਨਾਂ ਤੇਰੀ ਮੱਤ ਨੂੰ ਖ਼ਬਰੇ ਕੀ ਹੋ ਗਿਐ। ਇਕ ਰਾਤ ਦੀ ਨੀਂਦ ਦਾ ਤੈਨੂੰ ਫ਼ਿਕਰ ਸੀ, ਜਿਹੜੀ ਹੁਣ ਸਾਰੀ ਉਮਰ ਦੀ ਬੱਜ ਲਗ ਜਾਣੀ ਏਂ, ਉਹਦਾ ਤੈਨੂੰ ਖ਼ਿਆਲ ਤਕ ਨਾ ਆਇਆ ?

ਸ਼ਾਂਤੀ : ਖ਼ਿਆਲ ਕਿਉਂ ਨਹੀਂ ਸੀ, ਮੈਨੂੰ ਤੁਹਾਡੇ ਨਾਲੋਂ ਘਟ ਦੁਖ ਏ। ਪਰ ਪਹਿਲਾਂ ਸਿਰਮੁੰਨੀ ਨੇ ਕਦੇ ਗੱਲ ਤਕ ਨਹੀਂ ਕੀਤੀ।

ਕਪੂਰ : (ਉਪਭਾਵਕ ਹੁੰਦਾ ਹੋਇਆ) ਤੈਨੂੰ ਚੰਗਾ ਭਲਾ ਪਤੈ ਪਰਸੋਂ ਨੂੰ ਜੰਞ ਢੁਕਣੀ ਏਂ। ਮੁਕੰਮਲ ਤਿਆਰੀ ਹੋ ਚੁਕੀ ਏ। ਇਨਵੀਟੇਸ਼ਨ ਵੰਡੇ ਜਾ ਚੁੱਕੇ ਨੇ। (ਆਪੇ ਤੋਂ ਬਾਹਰ ਹੁੰਦਾ ਹੋਇਆ) ਓਇ ਜ਼ਰਾ ਸੋਚੋ ਤਾਂ ਸਹੀ, ਕਲ੍ਹ ਦਾ ਦਿਨ ਬਾਕੀ ਰਹਿ ਗਿਆ ਏ। ਮੈਂ ਰਿਸ਼ਤੇਦਾਰਾਂ, ਦੋਸਤਾਂ, ਅਫ਼ਸਰਾਂ ਨੂੰ, ਕਿਹੜਾ ਮੂੰਹ ਦਿਖਾਵਾਂਗਾ। ਚਿੜੀ ਦਾ ਵੀ ਥੋੜ੍ਹਾ ਬਹੁਤ ਦਿਮਾਗ਼ ਹੁੰਦਾ ਹੋਵੇਗਾ, ਪਰ ਤੂੰ ਤਾਂ ਨਿਰੀ ਚਿੱਟੀ ਸਿੱਲ ਏਂ।

ਸ਼ਾਂਤੀ : (ਚੋਭ ਖਾ ਕੇ) ਰਾਤ ਦੱਸਣ ਨਾਲ ਜਿੱਦਾਂ ਕੋਈ ਫ਼ਰਕ ਪੈ ਜਾਣਾ ਸੀ।

ਕਪੂਰ : ਫ਼ਰਕ ! ਜੇ ਮੈਨੂੰ ਇਹਦਾ ਰਾਤ ਪਤਾ ਲਗ ਜਾਂਦਾ, ਮੈਂ ਅਜਿਹੀ ਧੀ ਦਾ ਗਲ ਘੁਟ ਕੇ ਅੰਦਰ ਹੀ ਦੱਬ ਦਿੰਦਾ।

ਸ਼ਾਂਤੀ : ਮਨ ਨੂੰ ਘਬਰਾਹਟ ਵਿਚ ਨਾ ਲਿਆਓ, ਕਚਹਿਰੀ ਜਾਣ ਤੋਂ ਪਹਿਲਾਂ ਜ਼ਰੂਰ ਘਰ ਆਵੇਗੀ ਵਾਅਦਾ ਕਰ ਕੇ......

ਕਪੂਰ : ਕੀ ਕਿਹਾ ਕਚਹਿਰੀ ! ਮੇਰੇ ਜੀਂਦੇ ਜੀ ਕਚਹਿਰੀ !!

ਸ਼ਾਂਤੀ : ਚੁੱਪ ਵੀ ਕਰੋ ਹੁਣ ! (ਇਸ਼ਾਰੇ ਨਾਲ) ਪਿੱਛੇ ਕਾਕਾ !

ਸਤੀਸ਼ ਕਪੂਰ, ਜੋ ਸੌਣ ਵਾਲੇ ਸੂਟ ਵਿਚ ਪਿਤਾ ਪਿੱਛੇ

ਚੁੱਪ ਚਾਪ ਆਣ ਖੜੋਤਾ ਸੀ, ਬੜੀ ਲਾ-ਪ੍ਰਵਾਹੀ ਨਾਲ ਅੱਗੇ ਆਉਂਦਾ ਹੈ।

ਸਤੀਸ਼ : ਮੰਮੀ, ਕਿਸ ਦਾ ਗਲਾ ਘੁਟ ਹੋਣ ਲੱਗਾ ਏ ਸਵੇਰੇ ਸਵੇਰੇ।

ਸ਼ਾਂਤੀ : ਸ਼ੋਭਾ ਦਾ।

ਸਤੀਸ਼ : ਓ ਹੋ ਹੋ ! ਐਨਾ ਪਾਪ ! ਸ਼ਾਸਤਰਾਂ ਵਿਚ ਲਿਖਿਆ ਏ, ਇਕ ਧੀ ਨੂੰ ਮਾਰਨਾ ਸੌ ਗਊਆਂ ਦੀ ਹੱਤਿਆ ਕਰਨ ਬਰਾਬਰ ਏ।

ਕਪੂਰ : (ਉਸ ਨੂੰ ਦੇਖਦੇ ਸਾਰ ਲਾਲ ਪੀਲਾ ਹੁੰਦਾ ਹੋਇਆ) ਆ ਗਿਐ ਵੱਡਾ ਸ਼ਾਸ਼ਤਰਾ-ਚਾਰੀਆ ! ਮਹਾਂ ਮੂਰਖ !

ਸਤੀਸ਼ : ਡੈਡੀ, ਸ਼ਾਸਤਰ ਤਾਂ ਅੱਜ ਕਲ੍ਹ ਹਰੀਜਨ ਵੀ ਪੜ੍ਹ ਸਕਦੇ ਨੇ। ਸ਼ਾਸਤਰ-ਗਿਆਤਾ ਹੋਣਾ ਹੁਣ ਕੋਈ ਭਾਰੀ ਗੱਲ ਨਹੀਂ ਰਹੀ। ਜਦੋਂ ਤੁਸੀਂ ਕੁਝ ਚਿਰ ਲਈ ਬਨਾਰਸ ਲੱਗੇ ਸੀ ਤਾਂ ਮੈਂ ਕਾਫ਼ੀ ਸੰਸਕ੍ਰਿਤ ਸਿਖ ਲਈ ਸੀ, ਇਸੇ ਕਰ ਕੇ ਹਿੰਦੀ ਸੰਸਕ੍ਰਿਤ ਦੇ ਸ਼ਬਦਾਂ ਦਾ ਮੇਰੀ ਬੋਲੀ ਵਿਚ ਵਧੇਰੇ ਪ੍ਰਯੋਗ ਹੁੰਦਾ ਏ।

ਕਪੂਰ : ਜਾਹ, ਆਪਣਾ ਕੰਮ ਕਰ ਜਾ ਕੇ। ਸਾਨੂੰ ਗੱਲ ਕਰਨ ਦੇ।

ਸ਼ਤੀਸ਼ : ਤੁਸੀਂ ਕਰੋ ਗੱਲ, ਮੈਂ ਰੋਕਦਾਂ। ਕੋਈ ਸ਼ੁਭ ਸਲਾਹ ਈ ਦਿਆਂਗਾ।

ਕਪੂਰ : ਤੂੰ ਮੇਰੀ ਗੱਲ ਵਿਚ ਦਖ਼ਲ ਨਾ ਦਿਆ ਕਰ, ਸੁਣਿਆ ?

ਸਤੀਸ਼ : ਡੈਡੀ, ਲੋਕ-ਤੰਤਰ ਰਾਜ ਵਿਚ ਹਰ ਇਕ ਨੂੰ ਆਪਣੀ ਰਾਏ ਦੇਣ ਦਾ ਅਧਿਕਾਰ ਏ। ਇਕ-ਪੁਰਖੇ ਰਾਜ ਦਾ ਸਮਾਂ ਲੰਘ ਚੁਕਾ ਏ।

ਕਪੂਰ : (ਅਖ਼ਬਾਰ ਦਾ ਵਰਕਾ ਉਲਟਾਂਦਾ ਹੋਇਆ) ਲੋਕ-ਤੰਤਰ ਦਾ ਬੱਚਾ ਨਾ ਹੋਵੇ ਤਾਂ।

ਸ਼ਾਂਤੀ : ਸਤੀਸ਼ ਬੇਟਾ, ਜਾਓ ਨ੍ਹਾਵੋ ਧੋਵੋ। ਹੁਣ ਉਠਿਆ ਏਂ ?

ਸਤੀਸ਼ : (ਬੜੀ ਲਾਪ੍ਰਵਾਹੀ ਨਾਲ) ਮੰਮੀ, ਰਾਤ, ਪੂਰੇ ਦੋ ਵਜੇ ਸੁੱਤਾ ਸਾਂ।

ਕਪੂਰ : ਇਹਨੇ ਕੀ ਘਰ ਨੂੰ ਕਲੱਬ ਸਮਝ ਰਖਿਆ ਏ। ਲੋਫ਼ਰ ਮੁੰਡਿਆਂ ਨੂੰ ਲਈ ਬੈਠਾ ਰਹਿੰਦਾ ਏ ਸਾਰੀ ਰਾਤ।

ਸਤੀਸ਼ : ਡੈਡੀ, ਮੈਂ ਘਰ ਨੂੰ ਕਲੱਬ ਬਣਾ ਰਖਿਆ ਏ ਤੇ ਤੁਸੀਂ ਕਲੱਬ ਨੂੰ ਘਰ ਬਣਾਇਆ ਹੋਇਐ। ਗੱਲ ਤਾਂ ਇਕੋ ਹੈ (ਹੱਸਦਾ ਹੋਇਆ) ਨਾਲੇ ਮੇਰੇ ਵਿਚਾਰ ਅਨੁਸਾਰ ਤਾਂ ਸੰਸਾਰ ਹੈ ਈ ਕਲੱਬ ਘਰ। ਜ਼ਿੰਦਗੀ ਹੋਰ ਹੈ ਕੀ – ਖਾਣਾ ਪੀਣਾ ਐਸ਼ ਕਰਨਾ। ਇਹ ਚਾਰ ਵਾਦੀਆਂ ਵਾਲਾ ਫ਼ਲਸਫ਼ਾ ਵਿਰਸੇ ਵਿਚੋਂ ਹੀ ਮਿਲਿਆ ਜਾਪਦਾ ਏ। (ਕਪੂਰ ਨੂੰ ਗੁੱਸੇ ਨਾਲ ਮੂੰਹ ਮਰੋੜ ਅਖ਼ਬਾਰ ਪੜ੍ਹਦਾ ਦੇਖ, ਓਹਲੇ



ਨਾਲ) ਮਨੁੱਖ ਕਿਉਂ ਦੂਜੇ ਨੂੰ ਆਪਣੇ ਅਸੂਲਾਂ ਤੋਂ ਉਲਟਾ ਚਲਾ ਕੇ ਖ਼ੁਸ਼ ਹੁੰਦਾ ਏ ?

ਸ਼ਾਂਤੀ : ਕਾਕਾ, ਤੈਨੂੰ ਕੀ ਕਿਹਾ ਏ, ਜਾਹ ਉਠ ਕੇ ਨਹਾ ਧੋ ਤੇ ਚਾਹ ਪੀ।

ਸਤੀਸ਼ : ਚਾਹ ਤਾਂ ਅੱਜ ਤੁਸੀਂ ਵੀ ਨਹੀਂ ਪੀਤੀ ਜਾਪਦੀ। ਮੈਂ ਕਿੱਦਾਂ ਗੁਸਤਾਖ਼ੀ ਕਰ ਸਕਦਾਂ।

ਕਪੂਰ : ਪੱਕਾ ਢੀਠ ਏ।

ਸਤੀਸ਼ : ਡੈਡੀ, ਢੀਠਪੁਣਾ ਵੀ ਜ਼ਿੰਦਗੀ ਦਾ ਇਕ ਸੁਨਹਿਰੀ ਅਸੂਲ ਏ। ਆਪੇ ਕਹਿੰਦੇ ਹੁੰਦੇ ਓ, ਢੀਠ ਹੋ ਕੇ ਕਿਸੇ ਕੰਮ ਵਿਚ ਜੁਟ ਜਾਓ ਬਸ ਫੇਰ ਪੌਂ ਬਾਰਾਂ। (ਦੋਹਾਂ ਵਲ ਵਾਰੋ ਵਾਰੀ ਦੇਖ ਕੇ) ਅੱਜ ਘਰ ਵਿਚ ਜ਼ਰੂਰ ਕੋਈ ਆਫ਼ਤ ਆਣ ਵਾਲੀ ਏ। ਮੇਜ਼ ਤੇ ਧਰੀ ਧਰਾਈ ਚਾਹ ਤੇ ਬੇਚੈਨ ਮੈਨਾ ਦੋਵੇਂ ਬਦਸ਼ਗਨੀ ਦੀਆਂ ਨਿਸ਼ਾਨੀਆਂ ਨੇ ਮੰਮੀ, ਸੱਚ ਦੱਸੋ, ਕੀ ਗੱਲ ਏ ?

ਸ਼ਾਂਤੀ : ਸ਼ੋਭਾ ਕਚਹਿਰੀ ਸ਼ਾਦੀ ਕਰਵਾਣ ਲੱਗੀ ਏ।

ਸ਼ਤੀਸ਼ : ਫੇਰ ਇਹ ਕਿਹੜੀ ਅਣਹੋਣੀ ਏ।

ਕਪੂਰ : ਹੋਰ ਸੁਣ ਲੈ।

ਸਤੀਸ਼ : ਡੈਡੀ, ਜੇ ਅੱਜ ਕਲ੍ਹ ਮੀਆਂ ਬੀਵੀ ਰਾਜ਼ੀ ਹੋ ਜਾਣ, ਨਾ ਉਹ ਮਾਪਿਆਂ ਨੂੰ ਪੁਛਦੇ ਨੇ, ਨਾ ਕਾਜ਼ੀ ਨੂੰ, ਬਸ ਸਿੱਧੇ ਕਚਹਿਰੀ ਨੂੰ...

ਕਪੂਰ : ਸਭ ਇਹਦੀ ਸਲਾਹ ਨਾਲ ਹੋ ਰਿਹਾ ਏ।

ਸਤੀਸ਼ : ਡੈਡੀ, ਪਿਆਰ ਦੇ ਮਾਮਲੇ ਵਿਚ ਕੌਣ ਕਿਸੇ ਦੀ ਸਲਾਹ ਲੈਂਦਾ ਏ।

ਕਪੂਰ : ਦੁਸ਼ਟਾ, ਤੇਰੀ ਸ਼ਹਿ ਤੋਂ ਬਿਨਾਂ ਉਹ ਐਨਾ ਹੌਸਲਾ ਨਹੀਂ ਸੀ ਕਰ ਸਕਦੀ।

ਸਤੀਸ਼ : ਡੈਡੀ, ਸੱਚ ਜਾਣੋ ਮੈਨੂੰ ਇਸ ਗੱਲ ਦੀ ਉੱਕਾ ਖ਼ਬਰ ਨਹੀਂ।

ਕਪੂਰ : ਝੂਠ ਨਾ ਬੋਲ। ਇਹ ਖ਼ਬਰ ਸੁਣ ਕੇ ਤੈਨੂੰ ਹੈਰਾਨੀ ਕਿਉਂ ਨਹੀਂ ਹੋਈ ?

ਰਤੀਸ਼ : ਮੈਨੂੰ ਉਸ ਦਿਨ ਵੀ ਹੈਰਾਨੀ ਨਹੀਂ ਸੀ ਹੋਈ ਜਿੱਦਣ ਸੇਠ ਰਾਧੂ ਮੱਲ ਦੀ ਲੜਕੀ ਹਰੀਜਨ ਡਰਾਈਵਰ ਨਾਲ ਨਿਕਲ ਗਈ ਸੀ। ਮਨੁੱਖੀ ਮਨ ਤੋਂ ਸਭ ਕੁਝ ਸੰਭਵ ਏ।

ਕਪੂਰ : ਬਕ ਨਾ, ਤੈਨੂੰ ਦੱਸੇ ਬਿਨਾਂ ਉਹ ਇਹ ਕਦਮ ਨਹੀਂ ਸੀ ਪੁਟ ਸਕਦੀ।

ਸਤੀਸ਼ : ਡੈਡੀ, ਤੁਸੀਂ ਭੁੱਲਦੇ ਓ, ਸ਼ੋਭਾ ਮੇਰੇ ਨਾਲੋਂ, ਕਿਤੇ ਵਧ ਸਾਹਸ ਤੇ ਸੂਝ ਵਾਲੀ ਲੜਕੀ ਏ। ਉਹਨੂੰ ਕਿਸੇ ਕੀ ਸ਼ਹਿ ਦੇਣੀ ਏਂ।

ਕਪੂਰ : (ਅੱਕ ਕੇ ਮੂੰਹ ਦੂਜੇ ਪਾਸੇ ਕਰ ਕੇ) ਏਸ ਪੁੱਠੀ ਮੱਤ ਵਾਲੇ ਨਾਲ ਗੱਲ ਕਰਨੀ

ਹੀ ਫ਼ਜ਼ੂਲ ਏ।

ਸਤੀਸ਼ : (ਕਪੂਰ ਨੂੰ ਲੀਲਾ ਵਲ ਘੂਰਦਾ ਦੇਖ ਕੇ) ਤੂੰ ਕਿਉਂ ਰੋਣੀ ਸੂਰਤ ਬਣਾਈ ਖੜੀ ਏਂ ?

ਲੀਲਾ : ਮੈਨੂੰ ਨੌਕਰੀ ਤੋਂ ਜਵਾਬ ਮਿਲ ਗਿਐ।

ਸਤੀਸ਼ : ਕਿਸ ਨੇ ਦਿਤਾ ਏ ?

ਲੀਲਾ : ਘਰ ਦੇ ਮਾਲਕ ਨੇ।

ਸਤੀਸ਼ : (ਓਹਲੇ ਨਾਲ) ਠੀਕ ਏ, ਡਾਢੇ ਦਾ ਗੁੱਸਾ ਮਾੜੇ ਬੰਦੇ ਤੇ ਈ ਨਿਕਲਦਾ ਏ। (ਉੱਚੀ) ਪਰ ਤੂੰ ਤਾਂ ਸੋਭਾ ਦੀ ਸੇਵਕਾ ਏਂ।

ਲੀਲਾ : ਤਨਖ਼ਾਹ ਤਾਂ ਬਾਬੂ ਜੀ ਦਿੰਦੇ ਨੇ।

ਸਤੀਸ਼ : ਤੂੰ ਤਨਖ਼ਾਹ ਕੀ ਕਰਨੀ ਏਂ। ਰੁੱਖੀ ਮਿੱਸੀ ਚੁਪ ਚਾਪ ਖਾਈ ਚਲ। ਤਨਖ਼ਾਹ ਤਾਂ ਹੁਣ ਡੈਡੀ ਨੂੰ ਵੀ ਨਹੀਂ ਮਿਲਣੀ। ਪੈਨਸ਼ਨ ਨਾਲ ਮਸਾਂ ਰੋਟੀ ਕਪੜਾ ਤੁਰਨਾ ਏਂ। ਦੇਖਦੀ ਨਹੀਂ ਸੁਭਾਅ ਵਿਚ ਕਿੰਨਾ ਫ਼ਰਕ ਪੈ ਗਿਆ ਏ।

ਕਪੂਰ : (ਜੋ ਹੁਣ ਤਕ ਗ਼ੁੱਸੇ ਨਾਲ ਉੱਬਲ ਰਿਹਾ ਸੀ) ਨਿਰਲੱਜ, ਤੈਨੂੰ ਖ਼ਬਰ ਨਹੀਂ ਨੌਕਰਾਂ ਨਾਲ ਕਿਸ ਤਰ੍ਹਾਂ ਗੱਲ ਕਰੀਦੀ ਏ।

ਸਤੀਸ਼ : ਡੈਡੀ, ਇੱਕੀ ਸਾਲਾਂ ਤੋਂ ਸਾਡੀ ਸੇਵਾ ਕਰ ਰਹੀ ਏ। ਉਹ ਇਕ ਤਰ੍ਹਾਂ ਘਰ ਦੀ ਮੈਂਬਰ ਏ। ਉਹਨੂੰ ਘਰ ਦੀ ਚੰਗੀ ਮੰਦੀ ਦਾ ਸਭ ਪਤਾ ਏ। ਸਾਡੇ ਦੁਖ ਸੁਖ ਨੂੰ ਉਹ......

ਕਪੂਰ : ਚੁਪ ਰਹੁ, ਮੂਰਖ ਲੱਗਾ ਏ, ਮੈਨੂੰ ਮੱਤਾਂ ਦੇਣ।

ਸਤੀਸ਼ : ਡੈਡੀ, ਕਈ ਦਫ਼ਾ ਮੂਰਖ ਦਾ ਕਿਹਾ ਆਉਲੇ ਨਾਲੋਂ ਵਧ ਸੁਆਦ ਦਿੰਦਾ ਏ।

ਕਪੂਰ : ਏਸ ਬੇਸ਼ਰਮ ਨੇ ਨਹੀਂ ਭੌਂਕਣ ਤੋਂ ਹਟਣਾ।

ਗੁੱਸੇ ਨਾਲ ਕੰਬਦਾ ਹੋਇਆ ਉਠਦਾ ਹੈ, ਅਤੇ ਬਰਾਂਡੇ ਦੇ ਦੂਜੇ ਪਾਸੇ ਜਾਂਦਾ ਹੈ।

ਸਤੀਸ਼ : (ਜ਼ਰਾ ਹੌਲੀ) ਮੱਮੀ, ਅਸਲ ਵਿਚ ਡੈਡੀ ਦਾ ਵੀ ਕੋਈ ਕਸੂਰ ਨਹੀਂ। ਸਾਰੀ ਉਮਰ ਹਕੂਮਤ ਕੀਤੀ ਏ, ਘਰ ਵੀ ਤੇ ਬਾਹਰ ਵੀ। ਹੁਣ ਵੱਡਾ ਦੁਖ ਇਹ ਵੇ ਪਈ ਧਰਮ ਪਤਨੀ ਵਾਂਗ ਲੜਕਾ ਤੇ ਲੜਕੀ ਮੇਰੀ ਆਗਿਆ ਅਨੁਸਾਰ ਕਿਉਂ ਨਹੀਂ ਚਲਦੇ। (ਸੁਣਾ ਕੇ) ਕੁਝ ਡੈਡੀ ਆਪਣਾ ਰਵੱਈਆ ਬਦਲਣ, ਕੁਝ ਅਸੀਂ ਆਪਣੇ ਆਪ ਨੂੰ......

ਕਪੂਰ : ਏਸ ਬੇ-ਹਯਾ ਨੂੰ ਆਖ ਚਲਾ ਜਾਵੇ।



ਸ਼ਾਂਤੀ : ਕਾਕਾ, ਨਸ਼ਾ ਤਾਂ ਨਹੀਂ ਪੀਤਾ ਹੋਇਆ ਤੂੰ।

ਸਤੀਸ਼ : ਮੱਮੀ, ਸ਼ਰਾਬ ਤੋਂ ਤਾਂ ਮੈਨੂੰ ਸਖ਼ਤ ਨਫ਼ਰਤ ਏ, ਜਦੋਂ ਉਤਰਦੀ ਏ, ਬਹੁਤ ਬੁਰਾ ਅਸਰ ਪਾਉਂਦੀ ਏ। ਬੰਦੇ ਦਾ ਸੁਭਾਅ ਈ ਚਿੜਚਿੜਾ ਕਰ ਦਿੰਦੀ ਏ।

ਕਪੂਰ : (ਦੰਦ ਪੀਂਹਦਾ ਹੋਇਆ) ਮੈਂ ਸਤਿਆ ਪਿਆਂ, ਮੂੰਹ ਬੰਦ ਕਰ ਕੇ ਰਖ ਦਿਆਂਗਾ।

ਸਤੀਸ਼ : (ਜ਼ਰਾ ਹੌਲੀ) ਮੂੰਹ ਤਾਂ ਬੰਦੇ ਦਾ ਉਹੋ ਬੰਦ ਕਰ ਸਕਦੈ ਜਿਹਨੇ ਖੋਲ੍ਹਿਆ ਏ।

ਕਪੂਰ : (ਗੁੱਸੇ ਨਾਲ ਸਤੀਸ ਵਲ ਜਾਂਦਾ ਹੋਇਆ) ਏਦਾਂ ਨਹੀਂ ਏਸ ਭੌਂਕਣ ਤੋਂ ਹਟਣਾ।

ਸਤੀਸ਼ : (ਨਸ ਕੇ ਕੁਰਸੀ ਪਿਛੇ ਹੁੰਦਾ ਹੋਇਆ) ਡੈਡੀ ਜ਼ਬਾਨ ਦੇ ਤਾਂ ਤੁਸੀਂ ਬਹੁਤ ਸਖ਼ਤ ਸੀ, ਪਰ ਐਦਾਂ ਹੱਥੀਂ ਕਦੇ ਨਹੀਂ ਸੀ ਉਤਰੇ। (ਜਾਣੋਂ ਹਥਿਆਰ ਸੁਟਦਾ ਹੋਇਆ) ਅਜ ਦਿਲ ਨੂੰ ਜ਼ਰੂਰ ਕੋਈ ਭਾਰੀ ਸੱਟ ਲੱਗੀ ਏ।

ਕਪੂਰ : ਅਸੀਂ ਕਿਸ ਮੁਸੀਬਤ ਵਿਚ ਫਸੇ ਹੋਏ ਆਂ, ਇਹਨੂੰ ਕੋਈ ਲੱਥੀ ਚੜ੍ਹੀ ਦੀ ਨਹੀਂ।

ਸਤੀਸ਼ : ਮੈਨੂੰ ਵੀ ਤਾਂ ਇਸੇ ਗੱਲ ਦੀ ਚਿੜ੍ਹ ਏ, ਮੇਰੇ ਸਾਹਮਣੇ ਘਰ ਦੀ ਗੱਲ ਕਿਉਂ ਨਹੀਂ ਕਰਦੇ। ਦੁਰਕਾਰਦੇ ਕਿਉਂ ਓ ?

ਸ਼ਾਂਤੀ : ਕਾਕਾ, ਤੂੰ ਹੀ ਸੋਭਾ ਨੂੰ ਸਮਝਾ, ਕੀ ਸਾਡੇ ਸਿਰ ਸੁਆਹ ਪਾਉਣ ਲੱਗੀ ਏ।

ਸਤੀਸ਼ : ਮੈਂ ਕੌਣ ਆਂ ਸੋਭਾ ਨੂੰ ਸਮਝਾਉਣ ਵਾਲਾ। ਉਹ ਮੇਰੇ ਵਰਗੇ ਬੇਸਮਝਾਂ ਨੂੰ ਸਿੱਧੇ ਰਸਤੇ ਪਾਉਣ ਜੋਗੀ ਏ। ਡੈਡੀ ਉਹਦੇ ਨਾਲ ਬਹਿਸ ਕਰ ਕੇ ਤਾਂ ਦੇਖਣ। ਦਿੱਲੀ ਯੂਨੀਵਰਸਿਟੀ ਵਿਚ ਦੋ ਦਫ਼ਾ ਡੀਬੇਟ ਵਿਚੋਂ ਫ਼ਸਟ ਰਹੀ ਏ।

ਕਪੂਰ : ਤਾਹੀਉਂ ਚੰਨ ਚਾੜ੍ਹਨ ਲੱਗੀ ਏ ਨਾ। ਰੌਸ਼ਨ ਕਰਨ ਲੱਗੀ ਏ ਸਾਨੂੰ ਜਗ ਜਹਾਨ ਵਿਚ।

ਸਤੀਸ਼ : ਤੁਸੀਂ ਉਹਦੇ ਨਾਲ ਧੀਰਜ ਨਾਲ ਗੱਲ ਕਰੋ। ਉਹ ਕੇਵਲ ਦਲੀਲ ਨਾਲ ਬਦਲ ਸਕਦੀ ਏ। ਜੇ ਤੁਸੀਂ ਰੁਹਬ ਜਾਂ ਦਾਬਾ ਦਿਓਗੇ ਫੇਰ ਕੰਮ ਹੋਰ ਵਿਗੜੇਗਾ। ਗੇਂਦ ਨੂੰ ਜਿੰਨੀ ਜ਼ੋਰ ਦੀ ਮਾਰ, ਉੱਨੀ ਉੱਚੀ ਉਭਰਦੀ ਏ।

ਕਪੂਰ : ਇਹਦੇ ਨਾਲ ਗੱਲ ਕਰਨੀ ਫ਼ਜ਼ੂਲ ਏ, ਇਹਦਾ ਦਿਮਾਗ਼ ਭਰਿਸ਼ਟ ਹੋ ਗਿਆ ਏ।

ਸਤੀਸ਼ : ਡੈਡੀ, ਤੁਸੀਂ ਆਪੇ ਕਹਿੰਦੇ ਹੁੰਦੇ ਓ, ਮੁੰਡਿਆਂ ਨੂੰ ਕੁੜੀਆਂ ਵਾਂਗ ਸ਼ਰੀਫ਼ ਹੋਣ ਦੀ ਲੋੜ ਨਹੀਂ, ਕਿਉਂਕਿ ਸ਼ਰਾਫ਼ਤ ਅਜ ਉੱਨਤੀ ਲਈ ਅਵੱਸ਼ਕ ਗੁਣ

ਨਹੀਂ ਰਿਹਾ ।

ਕਪੂਰ : ਤੂੰ ਤਰੱਕੀ ਕਰ ਚੁੱਕਾ ਚੋੜ ਚਾਨਣਾ ।

ਸਤੀਸ਼ : ਡੈਡੀ, ਸੱਚ ਜਾਣੋਂ ਮੈਂ ਉਹ ਗੁਣ ਗ੍ਰਹਿਣ ਕਰ ਰਿਹਾਂ, ਜੋ ਤਰੱਕੀ ਲਈ ਅਤੀ ਜਰੂਰੀ ਨੇ, ਜਿਵੇਂ ਮੇਲ ਮਿਲਾਪ, ਚੁਸਤੀ ਚਲਾਕੀ, ਝੂਠ ਫਰੇਬ, ਬੇਈਮਾਨੀ, ਖੱਦਰਪੋਸ਼ੀ ਲਿਸ਼ਕੀ ਪੁਸ਼ਕੀ ਸ਼ਖਸੀਅਤ......

ਕਪੂਰ : ਇਹਦੇ ਦਿਮਾਗ਼ ਦਾ ਜ਼ਰੂਰ ਕੋਈ ਸਕਰੀਊ ਢਿੱਲਾ ਏ ।

ਸਤੀਸ਼ : (ਹੱਸਦਾ ਹੋਇਆ) ਡੈਡੀ ਜਦੋਂ ਸਕਰੀਊ ਦੇ ਪੇਚ ਮਰ ਜਾਣ, ਫੇਰ ਉਹ ਕਸ ਵੀ ਨਹੀਂ ਹੋ ਸਕਦਾ ।

ਟੈਲੀਫੋਨ ਦੀ ਘੰਟੀ ਵਜਦੀ ਹੈ : ਸਤੀਸ਼ ਜਾਣ ਲੱਗਾ ਰੁਕ ਜਾਂਦਾ ਹੈ ।

ਸ਼ਾਂਤੀ : ਕਾਕਾ !

ਸਤੀਸ਼ : ਡੈਡੀ, ਸੁਣੋ ਫ਼ੋਨ !

ਸ਼ਾਂਤੀ : ਕਾਕਾ ਤੂੰ ਉਠ ।

ਸਤੀਸ਼ : ਮੈਂ ਖ਼ਾਹ-ਮ-ਖ਼ਾਹ ! ਕਿਸੇ ਠੇਕੇਦਾਰ ਦਾ ਹੋਵੇਗਾ । ਡੈਡੀ ਨਾਲ ਕੋਈ ਗੁਪਤ ਗੱਲ ਕਰਨੀ ਹੋਵੇਗੀ ।

ਕਪੂਰ : (ਉਠ ਕੇ ਜਾਂਦਾ ਹੋਇਆ) ਇਹਨੇ ਅਸਲੋਂ ਲੋਈ ਲਾਹ ਦਿਤੀ ਏ, ਕੋਈ ਡਰ ਭਉ ਨਹੀਂ ਰਿਹਾ ।

ਸਤੀਸ਼ : (ਕਪੂਰ ਦੇ ਜਾਣ ਪਿਛੋਂ) ਮੰਮੀ, ਭਉ ਜਾਂ ਤਾਂ ਮਹਾਂਪੁਰਸ਼ਾਂ ਦਾ ਲਥਦੈ ਜਾਂ ਸ਼ੈਤਾਨ ਦਾ ।

ਘਰ ਦਾ ਕੁੱਤਾ ਟਾਈਗਰ ਨੱਠ ਕੇ ਆਉਂਦਾ ਹੈ । ਕਪੂਰ ਦੇ ਕਦਮਾਂ ਵਿਚ ਲਿਟਦਾ ਹੈ, ਫੇਰ ਉੱਛਲ ਉੱਛਲ ਕੇ ਹੱਥ ਚੁੰਮਦਾ ਹੈ । ਕਪੂਰ ਉਸ ਨੂੰ ਪਿਆਰ ਕਰਦਾ ਹੈ ।

ਸਤੀਸ਼ : ਮੰਮੀ, ਜੇ ਸਾਨੂੰ ਟਾਈਗਰ ਨਾਲੋਂ ਅੱਧਾ ਪਿਆਰ ਵੀ ਮਿਲ ਜਾਂਦਾ, ਸ਼ਾਇਦ ਅਸੀਂ ਵੀ ਬੰਦੇ ਬਣ ਜਾਂਦੇ ।

ਸ਼ਾਂਤੀ : ਮੁੰਡਿਆ, ਤੂੰ ਅਜ ਪਾਗਲ ਤਾਂ ਨਹੀਂ ਹੋ ਗਿਆ ।

ਸਤੀਸ਼ : ਇਕ ਧਿਰ ਜ਼ਰੂਰ ਪਾਗਲ ਏ, ਜਾਂ ਅਸੀਂ ਦੋਵੇਂ ਭੈਣ ਭਰਾ ਜਾਂ ਫੇਰ ਤੁਸੀਂ । ਲੀਲਾ ਵਿਚਾਰੀ ਹੋਸ਼ ਵਿਚ ਏ, ਉਹਨੂੰ ਤੁਸੀਂ ਕੱਢਣ ਲੱਗੇ ਓ । (ਮੁਸਕ੍ਰਾਂਦਾ ਹੋਇਆ) ਮੰਮੀ, ਕੀ ਸੁੰਘਦੇ ਓ, ਮੈਂ ਪੀਤੀ ਹੋਈ ਨਹੀਂ ।



ਸ਼ਾਂਤੀ : ਕਾਕਾ, ਨਾ ਬੋਲਿਆ ਕਰ ਉਨ੍ਹਾਂ ਅੱਗੇ, ਝਟ ਚੰਡ ਚੜ੍ਹ ਜਾਂਦਾ ਏ ।

ਸਤੀਸ਼ : ਮੰਮੀ, ਪੱਛਮੀ ਪ੍ਰਭਾਵ ਨੇ ਸਾਡੀ ਘਰੋਗੀ ਜ਼ਿੰਦਗੀ ਖ਼ਤਮ ਕਰ ਦਿੱਤੀ ਏ । ਕਲੱਬਾਂ ਵਿਚ ਗੂੜ੍ਹੇ ਘਰਾਨੇ ਘਰਾਂ ਵਿਚ ਓਪਰੇ ਰਿਸ਼ਤੇ ।

ਸ਼ਾਂਤੀ : (ਉਸ ਦੀ ਗੱਲ ਅਣਸੁਣੀ ਕਰ ਕੇ) ਪਤਾ ਨਹੀਂ ਕੀ ਵੈਰ ਏ ਤੇਰੇ ਨਾਲ ਪਿਛਲੇ ਜਨਮ ਦਾ ।

ਸਤੀਸ਼ : ਮੰਮੀ, ਇਹ ਸਭ ਤੁਹਾਡਾ ਕਸੂਰ ਏ ।

ਸ਼ਾਂਤੀ : (ਅਤਿ ਹੈਰਾਨੀ ਵਿਚ) ਵੇ ਮੇਰਾ ਕਿਸ ਤਰ੍ਹਾਂ ?

ਸਤੀਸ਼ : ਤੁਸੀਂ ਸਾਰੀ ਉਮਰ ਉਨ੍ਹਾਂ ਨੂੰ ਕਿਸੇ ਗੱਲੋਂ ਨਹੀਂ ਟੋਕਿਆ, ਚੰਗੀ ਕਰਨ, ਚਾਹੇ ਮੰਦੀ । ਅਸੀਂ ਤਾਂ ਨਿੱਕੇ ਜਿਹੇ ਸਾਂ । ਘਰ ਵਿਚ ਕਿੰਨਾ ਲੁਚਪੁਣਾ ਹੁੰਦਾ ਰਿਹਾ, ਹਰ ਰੋਜ਼ ਨਾਚ ਰੰਗ, ਸ਼ਰਾਬ ਜੂਆ......

ਸ਼ਾਂਤੀ : ਬੱਚਾ, ਤੇਰੇ ਵਾਂਗ ਅਗੋਂ ਬੋਲਦੀ ਤਾਂ ਕਦੋਂ ਦੀ ਬਿਲੇ ਲੱਗੀ ਹੁੰਦੀ । ਫੇਰ ਤੁਹਾਨੂੰ ਕਿੱਦਾਂ ਪਾਲਦੀ । ਮੇਰਾ ਮਨ ਨਹੀਂ ਦੁਖਾਂ ਨਾਲ ਭਰਿਆ ਹੋਇਆ, ਖੂਹ ਏ । (ਅੱਖਾਂ ਭਰ ਕੇ) ਸੌਂਕਣ ਜੀਂਦੀ ਰਹਿੰਦੀ ਫੇਰ ਖ਼ੌਰੇ ਕੀ ਹਾਲ ਹੋਣਾ ਸੀ । ਸ਼ੁਕਰ ਏ ਪ੍ਰਮਾਤਮਾ ਦਾ ।

ਸਤੀਸ਼ : (ਮਹਿਸੂਸ ਕੇ) ਮੰਮੀ, ਅਸੀਂ ਜ਼ਰੂਰ ਤੇਰੀ ਕੁੱਖ ਦੀ ਆਵਾਜ਼ ਆਂ । ਤੇਰੇ ਦੱਬੇ ਹੋਏ ਅਰਮਾਨਾਂ ਦਾ ਰੂਪ । ਕਰਨੀ ਦੇ ਫਲ ਇਸੇ ਜਨਮ 'ਚ ਭੁਗਤਣੇ ਪੈਂਦੇ ਨੇ । ਯਾਦ ਏ ਓਦਨ ਸ਼ਰਨਾਰਥੀਆਂ ਦੇ ਡੈਪੂਟੇਸ਼ਨ ਨੂੰ ਚੰਦਾ ਦੇਣ ਤੋਂ ਇਨਕਾਰ ਕੀਤਾ, ਉਨ੍ਹਾਂ ਨੇ ਦੋ ਚਾਰ ਸੁਣਾ ਦਿਤੀਆਂ ਤਾਂ ਸਾਰੀ ਰਾਤ ਸੌਂ ਨਾ ਸਕੇ । ਮੰਮੀ, ਜਿਨ੍ਹਾ ਤੂੰ ਦੁਖ ਸਿਹਾ ਏ, ਉਨ੍ਹਾਂ ਨੂੰ ਵੀ ਸਹਿਣਾ ਪੈਣਾ ਏਂ, ਭਾਵੇਂ ਅਸੀਂ ਚਾਹੀਏ ਭਾਵੇਂ ਨਾ । ਬੱਚੇ ਤਾਂ ਖੂਹ ਦੀ ਆਵਾਜ਼ ਹੁੰਦੇ ਨੇ । ਦੱਸੋ, ਅਸੀਂ ਕਦੇ ਤੁਹਾਡੇ ਅੱਗੇ ਵੀ ਬੋਲੇ ਆਂ ।

ਸ਼ਾਂਤੀ : ਕਾਕਾ, ਹੁਣ ਤਾਂ ਬਹੁਤ ਸੁਧਰ ਗਏ ਨੇ ।

ਸਤੀਸ਼ : ਤਾਹੀਓਂ ਰੋਜ਼ ਰਾਤ ਨੂੰ ਕਲੱਬ ਵਿਚ ਸ਼ੁਧ ਹੋਣ ਜਾਂਦੇ ਨੇ । ਪਰ ਮੰਮੀ, ਕਲੱਬ ਵਿਚ ਡੈਡੀ ਬਿਲਕੁਲ ਹੋਰ ਹੁੰਦੇ ਨੇ । ਇਉਂ ਜਾਪਦੈ ਇਨ੍ਹਾਂ ਵਰਗਾ ਖ਼ੁਸ਼ਤਬ੍ਹਾ ਬੰਦਾ ਈ ਕੋਈ ਨਹੀਂ ।

ਸ਼ਾਂਤੀ : (ਦਿਲਚਸਪੀ ਮਹਿਸੂਸਦੀ ਹੋਈ) ਤੂੰ ਕਦੋਂ ਵੇਖਿਆ ਏ ?

ਸਤੀਸ਼ : ਮੰਮੀ ਮੈਂ ਵੀ ਉਸੇ ਪਿਉ ਦਾ ਹੀ ਪੁਤ ਹਾਂ । ਓਸ ਕਲੱਬ ਵਿਚ ਮੈਂ ਵੀ ਲੁਕ ਛਿਪ ਕੇ ਜਾਂਦਾ ਹਾਂ । ਜੇ ਤੁਸੀਂ ਡੈਡੀ ਦਾ ਮਿਸਿਜ਼ ਡੇਵਿਡ ਨਾਲ ਡਾਂਸ ਦੇਖ ਲਵੋ

ਹੈਰਾਨ ਈ ਹੋ ਜਾਵੇ ।

ਸ਼ਾਂਤੀ : ਅਸੀਂ ਕਿਥੇ ਦੇਖਣਾ ਏ ।

ਸਤੀਸ਼ : ਪਰਸੋਂ ਐਤਵਾਰ ਚਲੋ । ਤੁਸੀਂ ਬੁਰਕਾ ਪਾ ਲਿਓ । ਮੈਂ ਤੁਹਾਡਾ ਪੁਤਰ ਅਬਦੁੱਲਾ ਬਣ ਜਾਊਂ ।

ਸ਼ਾਂਤੀ : ਕਮਲਾ, ਕੀ ਗੱਲਾਂ ਕਰਦੈ ।

ਸਤੀਸ਼ : ਮੱਮੀ, ਅਜ ਕਲ੍ਹ ਵੱਡੇ ਆਦਮੀਆਂ ਦੀਆਂ ਦੋ ਦੋ ਜ਼ਿੰਦਗੀਆਂ ਨੇ, ਘਰ ਵਿਚ ਹੋਰ, ਬਾਹਰ ਹੋਰ । ਹੁਣੇ ਕੋਈ ਠੇਕੇਦਾਰ ਆ ਜਾਵੇ, ਫੇਰ ਦੇਖੋ ਡੈਡੀ ਕਿੱਦਾਂ ਬਦਲਦੇ ਨੇ ।

ਸ਼ਾਂਤੀ : ਓ ਜਾਣੇ ਕਾਕਾ, ਤੂੰ ਮੇਰਾ ਆਖਾ ਮੰਨ । ਗੁਜ਼ਾਰਾ ਵੀ ਕਰਨਾ ਹੋਇਆ ਕਿਸੇ ਤਰ੍ਹਾਂ ।

ਸਤੀਸ਼ : ਮੱਮੀ ਅਸੀਂ ਤੁਹਾਡੇ ਵਾਂਗ ਜ਼ੋਰ ਜ਼ੁਲਮ ਨਾਲ ਸਮਝੌਤਾ ਨਹੀਂ ਕਰ ਸਕਦੇ । ਅਨਿਆਂ ਤੇ ਵਧੀਕੀ ਨਹੀਂ ਸਹਾਰ ਸਕਦੇ । ਸ਼ੋਭਾ ਤਾਂ ਮੇਰੇ ਨਾਲੋਂ ਵਧ ਮਹਿਸੂਸਦੀ ਏ ।

ਲੀਲਾ : ਕਾਕਾ ਜੀ, ਮੂੰਹ ਦੇ ਕੌੜੇ ਨੇ ਦਿਲ ਦੇ ਐਨੇ ਬੁਰੇ ਨਹੀਂ ।

ਸ਼ਾਂਤੀ : ਨਾਲੇ ਉਨ੍ਹਾਂ ਨੂੰ ਬਲੱਡ ਪਰੈੱਸ਼ਰ ਦੀ ਬੀਮਾਰੀ ਵੀ ਤਾਂ ਹੋਈ ।

ਸਤੀਸ਼ : ਉਸ ਦੇ ਹੋਰ ਕਾਰਨ ਨੇ । ਸ਼ਰਾਬ ਘਟ ਪੀਣ, ਮੱਮੀ, ਜੇ ਮੇਰੇ ਨਾਲ ਵੀ ਰੋਜ਼ ਇੱਦਾਂ ਹੁੰਦੀ ਰਹੀ, ਯਾਦ ਰਖੀਂ, ਮੈਨੂੰ ਵੀ ਕੋਈ ਬੀਮਾਰੀ ਲਗ ਜਾਣੀ ਏਂ । ਅੱਜ ਹੀ ਦਿਮਾਗ ਨੂੰ ਬੁਖ਼ਾਰ ਚੜ੍ਹਿਆ ਹੋਇਆ ਏ ।

ਸ਼ਾਂਤੀ : ਜਾਹ ਤੂੰ ਚਾਰ ਦਿਨ ਸੈਰ ਸਪਾਟਾ ਕਰ ਆ !

ਸਤੀਸ਼ : ਤਾਂ ਜੋ ਤੁਸੀਂ ਸ਼ੋਭਾ ਦਾ ਗਲ ਆਸਾਨੀ ਨਾਲ ਘੁਟ ਸਕੋ ।

ਸ਼ਾਂਤੀ : (ਦੁਖੀ ਹੋ ਕੇ) ਉਹ ਬਦਲ ਨਹੀਂ ਸਕਦੇ, ਤੁਸੀਂ ਲਿਫਦੇ ਨਾ ਹੋਏ । ਮੇਰੀ ਜਾਨ ਨੂੰ ਸਿਆਪਾ ।

ਸਤੀਸ਼ : ਮੱਮੀ, ਅਸੀਂ ਹਰ ਜਾਇਜ਼ ਗੱਲ ਖਿੜੇ ਮੱਥੇ ਮੰਨਣ ਨੂੰ ਤਿਆਰ ਆਂ । ਦਸੋ ਅਸੀਂ ਉਨ੍ਹਾਂ ਦਾ ਸਤਿਕਾਰ ਨਹੀਂ ਕਰਦੇ । ਕਦੇ ਕਿਸੇ ਦੇ ਸਾਹਮਣੇ ਵੀ ਉਨ੍ਹਾਂ ਦੀ ਨਿੰਦਾ ਜਾਂ ਨਿਰਾਦਰੀ ਕੀਤੀ ਏ । ਜੇ ਘਰ ਵਿਚ ਸਾਨੂੰ ਬੋਲਣ ਦਾ ਹੱਕ ਨਾ ਹੋਵੇ ਤਾਂ ਕੀ ਇਹ ਹਨੇਰ ਨਹੀਂ ?

ਸ਼ਾਂਤੀ : ਕਾਕਾ, ਅੱਜ ਤਾਂ ਤੂੰ ਵੀ ਹੱਦ ਕਰ ਦਿੱਤੀ ਏ ।

ਸਤੀਸ਼ : ਮੱਮੀ, ਦੁਖੇ ਹੋਏ ਦਿਲੋਂ ਸੜੀਆਂ ਭੁੱਜੀਆਂ ਹੀ ਨਿਕਲਦੀਆਂ ਨੇ ।



ਸ਼ਾਂਤੀ : (ਗੱਲ ਬਦਲਣ ਲਈ) ਅੱਛਾ, ਇਹਨੂੰ ਦਸ ਵਿਚਾਰੀ ਕਿਧਰ ਜਾਵੇ ।

ਸਤੀਸ਼ : ਸ਼ੋਭਾ ਨੂੰ ਆ ਲੈਣ ਦਿਓ, ਕਰਦੇ ਆਂ ਕੋਈ ਬੰਦੋਬਸਤ । ਸ਼ਾਇਦ ਭੈਣ ਨਾਲ ਈ ਲੈ ਜਾਵੇ ।

ਲੀਲਾ : ਪਰ ਕਾਕਾ ਜੀ ਮੇਰਾ ਕਸੂਰ ਕੀ ਐ ?

ਸਤੀਸ਼ : ਹੈ ਪਗਲੀ, ਸਾਡਾ ਕਸੂਰ ਕੀ ਏ ? ਤੇਰੇ ਸਾਹਮਣੇ ਸਾਨੂੰ ਦਿਨ ਰਾਤ ਗਾਲ੍ਹਾਂ ਝਾੜਾਂ ਪੈਂਦੀਆਂ ਨੇ । ਘਰੋਂ ਕਢਣ ਦੇ ਡਰਾਵੇ ਮਿਲਦੇ ਨੇ । ਸਿਰਫ਼ ਇਸ ਕਰ ਕੇ ਕਿ ਅਸੀਂ ਬੋਲਣ ਦਾ ਹੱਕ ਮੰਗਦੇ ਆਂ । ਜਾਂ ਇਸ ਕਰ ਕੇ ਕਿ ਸਾਡੇ ਹੁੰਦਿਆਂ ਉਨ੍ਹਾਂ ਨੂੰ ਪੁਰਾਣੀਆਂ ਖੁਲ੍ਹਾਂ ਨਹੀਂ ਰਹੀਆਂ । ਮੇਰਾ ਤਾਂ ਇਸ ਘਰ ਵਿਚ ਦਮ ਘੁਟ ਹੋਣ ਲਗ ਪਿਆ ਏ । ਸ਼ੋਭਾ ਖ਼ਾਤਰ ਦਿਨ ਕਟੀ ਕਰ ਰਿਹਾਂ, ਨਹੀਂ ਤਾਂ ਇਕ ਪਲ ਨਾਂ ਠਹਿਰਾਂ । ਕੁੱਤੇ ਜਿੰਨੀ ਕਦਰ ਨਹੀਂ ਇਸ ਘਰ ਵਿਚ ।

ਸ਼ਾਂਤੀ : ਬੱਚਾ, ਪ੍ਰਮਾਤਮਾ ਈ ਜਾਣਦਾ ਏ, ਜਿੱਦਾਂ ਮੈਂ ਦਿਨ ਕੱਟੇ ਨੇ ।

ਸਤੀਸ਼ : ਮੱਮੀ; ਤੇਰੀ ਚੁਪ ਸਾਧਨਾ ਨੇ ਖ਼ੌਰੇ ਮੇਰੇ ਅੰਦਰ ਕੀ ਬਰੂਦ ਭਰ ਦਿਤਾ ਏ । (ਰੋਂਦੀ ਦੇਖ ਕੇ) ਮੱਮੀ, ਤੁਸੀਂ ਭਲਾ ਕਿਉਂ ਰੋਂਦੇ ਓ ! ਅੱਛਾ, ਮੈਂ ਸਿਰ ਵਿਚ ਪਾਣੀ ਪਾ ਆਵਾਂ ਮਤੇ ਬੁਖ਼ਾਰ ਉਤਰ ਈ ਜਾਵੇ ।

ਸ਼ਾਂਤੀ : ਜਾਹ ਰੱਬ ਤੇਰਾ ਭਲਾ ਕਰੇ ।

ਲੀਲਾ ਝਟ ਪਟ ਬੁਰਸ਼, ਪੇਸਟ ਤੇ ਤੌਲੀਆ ਲਿਆ ਕੇ ਦਿੰਦੀ ਹੈ । ਸਤੀਸ਼ ਬੁਰਸ਼ ਮੂੰਹ ਵਿਚ ਪਾ ਕੇ ਜਾਣ ਲਗਦਾ ਹੈ, ਕਪੂਰ ਨੂੰ ਗੁੱਸੇ ਨਾਲ ਆਪਣੇ ਆਪ ਬੋਲਦਾ ਆਉਂਦਾ ਦੇਖ ਫੇਰ ਰੁਕ ਜਾਂਦਾ ਹੈ ।

ਸਤੀਸ਼ : (ਲੀਲਾ ਨੂੰ) ਪਾਣੀ ਦਾ ਗਲਾਸ ਲਿਆਈਂ ।

ਸ਼ਾਂਤੀ : ਗ਼ੁਸਲਖ਼ਾਨੇ ਵਿਚ ਜਾਹ ! (ਲੀਲਾ ਨੂੰ) ਤੂੰ ਬੁਰਸ਼ ਇਥੇ ਕਿਉਂ ਚੁਕ ਲਿਆਈ ਏਂ ?

ਲੀਲਾ : ਕਾਕਾ ਜੀ ਕਹਿੰਦੇ ਸਨ ।

ਸਤੀਸ਼ : ਮੱਮੀ, ਚੁਪ !

ਕਪੂਰ : ਬੇਹਯਾ, ਮੈਨੂੰ ਦੱਸਣ ਲੱਗੀ ਏ ਹੱਸ ਕੇ ।

ਸ਼ਾਂਤੀ : ਹਾਏ, ਹਾਏ, ਕੀ ਹੋਇਆ, ਕਿਸ ਦਾ ਸੀ ?

ਕਪੂਰ : ਉਸ ਨਿਰਲਜ ਛੋਕਰੀ ਦਾ, ਇਹੋ ਜਿਹੀ ਗੰਦੀ ਉਲਾਦ ਨਾਲੋਂ ਤੇ ਬੰਦਾ ਬੇਉਲਾਦਾ ਈ ਚੰਗਾ ।

ਸ਼ਾਂਤੀ : ਤੁਸੀਂ ਫ਼ੋਨ ਵਿਚ ਈ ਤਾਂ ਨਹੀਂ ਝਾੜਾਂ ਪਾਈਆਂ ?

ਕਪੂਰ : ਹੋਰ ਮੈਂ ਉਹਨੂੰ ਅਸ਼ੀਰਵਾਦ ਦਿੰਦਾ, ਪਈ ਸ਼ਾਬਾਸ਼, ਬਹੁਤ ਚੰਗਾ ਕੰਮ ਕਰਨ ਲੱਗੀ ਏਂ ।

ਸ਼ਾਂਤੀ : (ਦੁਖੀ ਹੋ ਕੇ) ਉਹਨੂੰ ਘਰ ਤਾਂ ਆ ਲੈਣ ਦਿੰਦੇ ।

ਕਪੂਰ : ਆ ਰਹੀ ਏ ਆਪਣਾ ਮਨਹੂਸ ਚਿਹਰਾ ਦਿਖਾਣ ।

ਸ਼ਾਂਤੀ : ਅੱਛਾ ਆ ਰਹੀ ਏ !

ਕਪੂਰ : ਹੋਰ ਉਹਨੂੰ ਡਰ ਮਾਰਿਆ ਹੋਇਐ ਕਿਸੇ ਦਾ । (ਇਕ ਦਮ ਲਾਲ ਪੀਲਾ ਹੁੰਦਾ ਹੋਇਆ) ਮੈਂ ਵੀ ਆਪਣੀ ਆਈ ਤੇ ਆਇਆ ਹੋਇਆਂ । ਮੈਂ ਇਹ ਉਸ਼ਟੰਡ ਰੋਕ ਕੇ ਦਸਾਂਗਾ ।

ਸਤੀਸ਼ : ਡੈਡੀ ਜਲਦਬਾਜ਼ੀ ਨਾ ਕਰੋ, ਕੋਈ ਫ਼ਾਇਦਾ ਨਹੀਂ ਹੋਵੇਗਾ । ਲੜਕੀ ਬਾਲਗ਼ ਏ, ਆਪਣੀ ਮਰਜ਼ੀ ਕਰ ਸਕਦੀ ਏ ।

ਸ਼ਾਂਤੀ : (ਬਾਹਰ ਵਲ ਦੇਖਦੀ ਹੋਈ ਘਬਰਾਹਟ ਨਾਲ) ਹਾਏ ! ਧੀਰਜ ਨਾਲ ਗੱਲ ਕਰੋ ।

ਸਤੀਸ਼ : ਠੀਕ ਏ, ਤੁਸੀਂ ਠੰਡੇ ਹੋ ਲਵੋ, ਧੀਰਜ ਤੇ ਦਲੀਲ ਨਾਲ ਗੱਲ ਕਰਿਓ, ਮੈਂ ਵੀ ਕਹਾਂਗਾ ।

ਕਪੂਰ : ਕਮੀਨਾ, ਤੂੰ ਨਹੀਂ ਮੇਰੇ ਨਾਲ ਕਲਾਮ ਕਰਨੀ ਹੋਵੇਗੀ ।

ਸਤੀਸ਼ : ਮੱਮੀ, ਦਸੋ ਮੈਂ ਕੁਝ ਕਿਹਾ ਏ ?

ਸ਼ਾਂਤੀ : (ਕਰੜੀ ਹੋ ਕੇ) ਕੋਈ ਮਾੜੀ ਗੱਲ ਆਖੀ ਏ ਮੁੰਡੇ ਨੇ ।

ਕਪੂਰ : ਚੁਪ ਰਹੁ, ਬਕ ਨਾ ।

ਸਤੀਸ਼ : (ਮਾਂ ਦੇ ਹੱਕ ਵਿਚ ਕਰੜਾ ਹੋ ਕੇ) ਉਹ ਚੁਪ ਕਿੱਦਾਂ ਰਹਿ ਸਕਦੀ ਏ, ਉਸ ਦੀ ਧੀ ਦੀ ਜ਼ਿੰਦਗੀ ਤੇ ਮੌਤ ਦਾ ਸਵਾਲ ਏ ।

ਕਪੂਰ : ਚੰਗਾ ਫੇਰ ਲਾ ਲਉ ਜਿਹੜਾ ਤੁਹਾਡਾ ਜ਼ੋਰ ਲਗਦਾ ਏ । ਮੈਨੂੰ ਤੁਹਾਡੀ ਸਾਰੀ ਸਾਜ਼ਸ਼......

ਸਤੀਸ਼ : ਜ਼ੋਰ ਲਾਉਣ ਦਾ ਸਵਾਲ ਈ ਪੈਦਾ ਨਹੀਂ ਹੁੰਦਾ, ਕੋਈ ਰੱਸਾ ਖਿੱਚਣਾ ਏਂ । ਇਹ ਤਾਂ ਅਸੂਲਾਂ ਤੇ ਵਿਚਾਰਾਂ ਦਾ ਝਗੜਾ ਏ । ਦਲੀਲਾਂ ਨਾਲ ਹੀ ਨਜਿੱਠਿਆ ਜਾ ਸਕਦਾ ਏ । ਸਾਜ਼ਸ਼ ਦੀ ਇਸ ਵਿਚ ਕੀ ਗੱਲ ਏ ।

ਸ਼ਾਤੀ : ਕਾਕਾ, ਫੇਰ ਤੂੰ ਹੀ ਕੋਈ ਰਾਹ ਦਸ ।

ਸਤੀਸ਼ : ਸੋਭਾ ਸੁਤੰਤਰ ਵਿਚਾਰਾਂ ਵਾਲੀ ਲੜਕੀ ਏ । ਉਸ ਨਾਲ ਸਹਿਜ ਨਾਲ ਗੱਲ



ਕਰੋ । ਉਹਨੂੰ ਕੋਈ ਭਾਰਾ ਭੁਲੇਖਾ ਲੱਗਾ ਜਾਪਦਾ ਏ ਜਿਹੜੀ ਕਾਹਲ ਕਰ ਰਹੀ ਏ । ਉਹਨੂੰ ਬੇਜਾਨ ਗੁੱਡੀ ਨਾ ਸਮਝੋ ।

ਸ਼ਾਂਤੀ : ਕਾਕਾ ਧੀਆਂ ਪੁਤ ਮਾਪਿਆਂ ਦੇ ਖਿਡੌਣੇ ਈ ਹੁੰਦੇ ਨੇ ।

ਸਤੀਸ਼ : ਖੇਡੋ ਫੇਰ ।

ਕਪੂਰ : ਮਰਜ਼ੀ ਨਾਲ ਸ਼ਾਦੀ ਕਰਨਾ ਮਾਪਿਆਂ ਦਾ ਹੱਕ ਤੇ ਫ਼ਰਜ਼ ਏ ।

ਸਤੀਸ਼ : ਬਸ, ਇਹੋ ਫ਼ਰਕ ਏ ਸਾਡਾ ਤੇ ਤੁਹਾਡਾ । ਇਹ ਵਿਚਾਰਾਂ ਤੇ ਆਦਰਸ਼ਾਂ ਦਾ ਫ਼ਰਕ ਏ, ਦ੍ਰਿਸ਼ਟੀਕੋਣਾਂ ਦਾ ਫ਼ਰਕ ਏ, ਪੁਰਾਣੇ ਤੇ ਨਵੇਂ ਜ਼ਮਾਨੇ ਦਾ ਫ਼ਰਕ ਏ । ਸੁਲ੍ਹਾ ਸਫ਼ਾਈ ਹੋ ਹੀ ਕਿਸ ਤਰ੍ਹਾਂ ਸਕਦੀ ਏ ।

ਕਪੂਰ : ਤੂੰ ਘਰੋਂ ਦਫ਼ਾ ਹੋਵੇਂ ਆਪੇ ਠੰਡ ਵਰਤ ਜਾਵੇ ।

ਕਪੂਰ ਗ਼ੁੱਸੇ ਨਾਲ ਉਠ ਕੇ ਕੋਠੀ ਤੋਂ ਬਾਹਰ ਜਾਂਦਾ ਹੈ ।
ਸਤੀਸ਼ ਉਸ ਨੂੰ ਬੜੇ ਗਹੁ ਨਾਲ ਦੇਖਦਾ ਹੈ ।

ਸ਼ਾਂਤੀ : ਅਜ ਦਿਨ ਈ ਚੰਦਰਾ ਚੜ੍ਹਿਆ ਏ । ਜ਼ਰੂਰ ਕੁਝ ਹੋ ਕੇ ਰਵ੍ਹੇਗਾ । ਮੇਰੀ ਸਵੇਰ ਦੀ ਅੱਖ ਫ਼ਰਕਦੀ ਏ । ਕੁੜੀ ਵੀ ਪੁਜ ਕੇ ਹੱਠੀ ਏ ।

ਸਤੀਸ਼ : ਹਠੀ ਨਾ ਆਖੋ ਮੱਮੀ. ਮਜ਼ਬੂਤ ਇਰਾਦੇ ਦੀ ਆਖੋ । ਸੁਤੰਤਰ ਸੋਚਾਂ ਤੇ ਅਮਲਾਂ ਵਾਲੀ ਲੜਕੀ ਆਖੋ । ਨਵੀਂ ਨਾਰੀ ਦੀ ਜਾਗ ਦਾ ਰੂਪ ਆਖੋ । ਸਗੋਂ ਮਾਣ ਹੋਣਾ ਚਾਹੀਦੈ ਤੁਹਾਨੂੰ ਆਪਣੀ ਧੀ ਤੇ । ਦਸੋ, ਇਸ ਵਾਤਾਵਰਨ ਵਿਚ ਉਸ ਦੀ ਸ਼ਖ਼ਸੀਅਤ ਕਿਸ ਤਰ੍ਹਾਂ ਮੌਲ ਸਕਦੀ ਏ, ਜਦੋਂ ਪਿਤਾ ਦੀ ਮਾਰੂ ਛਤਰ ਛਾਂ ਉਸ ਦਾ ਜੀਵਨ ਨਸ਼ਟ ਕਰਨ ਨੂੰ ਫਿਰੇ । ਬਗ਼ਾਵਤ ਨਾ ਕਰੇ ਤਾਂ ਹੋਰ ਕੀ ਕਰੇ ।

ਸ਼ਾਂਤੀ : ਕੁਝ ਦਿਨ ਠਹਿਰ ਲਵੇ, ਆਪੇ ਠੰਡੇ ਪੈ ਜਾਣਗੇ ।

ਸਤੀਸ਼ : ਉਹ ਠੰਡੇ ਪੈਣ ਵਾਲੇ ਨੇ । ਉਨ੍ਹਾਂ ਹੋਰ ਦੋ ਦਿਨਾਂ ਨੂੰ ਨਿਕੰਮੇ ਜਿਹੇ ਮੁੰਡੇ ਨਾਲ ਨਰੜ ਕੇ ਸਾਹ ਲੈਣਾ ਏ ।

ਸ਼ਾਂਤੀ : ਮੈਂ ਤਾਂ ਬੜੀ ਸ਼ੋਭਾ ਸੁਣੀ ਏ ।

ਸਤੀਸ਼ : ਡੈਡੀ ਦੇ ਮੂੰਹੋਂ ਸੁਣੀ ਏ ਨਾ, ਦੋਸਤ ਦਾ ਲੜਕਾ ਜੁ ਹੋਇਆ । ਡੈਡੀ ਨੇ ਉਹਦੇ ਨਾਲ ਕੱਟਣੀ ਏਂ ਕਿ ਸੋਭਾ ਨੇ ? ਮੱਮੀ, ਤੁਸੀਂ ਅਜ ਕਲ੍ਹ ਦੇ ਮੁੰਡੇ ਕੁੜੀਆਂ ਨੂੰ ਨਹੀਂ ਸਮਝ ਸਕਦੇ । ਮੈਂ ਉਹਨੂੰ ਚੰਗੀ ਤਰ੍ਹਾਂ ਜਾਣਦਾਂ । ਉਹ ਹਰਗਿਜ਼ ਸੋਭਾ ਦੇ ਯੋਗ ਨਹੀਂ । ਹਾਂ, ਜੇ ਸੋਭਾ ਦੀ ਸਲਾਹ ਲੈ ਲੈਂਦੇ, ਫੇਰ ਸ਼ਾਇਦ ਕੋਈ ਗੱਲ ਬਣ ਜਾਂਦੀ । ਸਿਰਫ਼ ਛਡਣ ਵਾਲੀ ਤਾਂ ਹੈ ਨਹੀਂ, ਸ਼ਾਇਦ ਮਾਪਿਆਂ

ਤੇ ਤਰਸ ਕਰ ਲੈਂਦੀ।

ਸ਼ਾਂਤੀ : ਹੁਣ ਸਲਾਹ ਲੈ ਲਵਾਂਗੇ।

ਸਤੀਸ਼ : ਹੁਣ ਕੋਈ ਫ਼ਾਇਦਾ ਨਹੀਂ, ਵਕਤ ਬੀਤ ਚੁੱਕਾ ਏ।

ਸ਼ਾਂਤੀ : (ਚਿੰਤਾ ਨਾਲ) ਫੇਰ ਕੀ ਬਣੇਗਾ, ਉਨ੍ਹਾਂ ਵੀ ਢਿੱਲੇ ਨਹੀਂ ਪੈਣਾ। ਮੈਂ ਜਾਣਦੀ ਆਂ ਉਨ੍ਹਾਂ ਦੇ ਸੁਭਾ ਨੂੰ।

ਸਤੀਸ਼ : ਉਨ੍ਹਾਂ ਨੂੰ ਤਾਂ ਇਹ ਚਿੱੜ ਏ ਪਈ ਚੁੱਪ ਚਾਪ ਮੇਰਾ ਹੁਕਮ ਕਿਉਂ ਨਹੀਂ ਮੰਨਿਆ। ਦੋਸਤੀਆਂ ਪਾਲਦੇ ਨੇ, ਧੀ ਦਾ ਸੁਖ ਮਰਾਮ ਨਹੀਂ ਦੇਖਦੇ।

ਸ਼ਾਂਤੀ : ਹੁਣ ਖ਼ੋਰੇ ਕਿਧਰ ਚਲੇ ਗਏ ਨੇ ?

ਸਤੀਸ਼ : ਕਿਸੇ ਵਕੀਲ ਦੀ ਸਲਾਹ ਲੈਣ ਗਏ ਹੋਣੇ ਨੇ।

ਸ਼ਾਂਤੀ : ਇਹ ਕੀ ! ਘਰ ਦੀ ਗੱਲ ਘਰ ਵਿਚ ਈ ਰਹਿਣੀ ਚਾਹੀਦੀ ਏ।

ਸਤੀਸ਼ : ਸਗੋਂ ਕਲ੍ਹ ਨੂੰ ਅਖਬਾਰਾਂ ਵਿਚ ਪ੍ਰਕਾਸ਼ਤ ਹੋਵੇਗੀ, ਤੁਹਾਡੀ ਤੇ ਰੱਜ ਕੇ ਸੋਭਾ ਹੋਵੇਗੀ।

ਸ਼ਾਂਤੀ : ਅਖਬਾਰਾਂ ਵਾਲਿਆਂ ਨੂੰ ਕਿੱਦਾਂ ਪਤਾ ਲਗ ਜਾਵੇਗਾ ?

ਸਤੀਸ਼ : ਡੈਡੀ ਦੇ ਵਿਰੋਧ ਕਾਰਨ ਗੱਲ ਨਸ਼ਰ ਹੋਵੇਗੀ। (ਹੱਸਦਾ ਹੋਇਆ) ਜਿੱਦਾਂ ਕਸ਼ਮੀਰ ਦਾ ਮਸਲਾ ਯੂ. ਐਨ. ਓ. ਵਿਚ ਲਿਜਾਣ ਨਾਲ ਸਾਰੀ ਦੁਨੀਆਂ ਦਾ ਬਣ ਗਿਆ ਏ।

> ਕਾਰ ਦੇ ਹਾਰਨ ਦੀ ਆਵਾਜ਼ ਸੁਣਾਈ ਦਿੰਦੀ ਹੈ। ਸਾਰੇ ਉਸ ਵਲ ਦੇਖਦੇ ਹਨ। ਕਿਸੇ ਨੂੰ ਪਛਾਣਨ ਦਾ ਯਤਨ ਹੁੰਦਾ ਹੈ। ਇਕ ਬਾ-ਰੋਅਬ ਅਮੀਰ ਪਹਿਰਾਵੇ ਵਾਲਾ ਬਜ਼ੁਰਗ ਅਗੇ ਆਉਂਦਾ ਹੈ।

ਸਤੀਸ਼ : (ਸਵਾਗਤ ਲਈ ਅਗੇ ਵਧ ਕੇ) ਆਓ ਜੀ, ਜੀ ਆਇਆਂ ਨੂੰ ! ਐਧਰ ਬੈਠੋ ਜੀ।

ਬਜ਼ੁਰਗ : ਕਪੂਰ ਸਾਹਿਬ ਕਿੱਥੇ ਨੇ ?

ਸਤੀਸ਼ : ਜੀ ਉਹ ਤਾਂ ਹੁਣੇ ਕਿਧਰੇ ਗਏ ਨੇ।

ਬਜ਼ੁਰਗ : ਕਿਤੇ ਮੇਰੇ ਵਲ ਨਾ ਗਏ ਹੋਣ ?

ਸਤੀਸ਼ : ਸ਼ਾਇਦ ਤੁਹਾਡੇ ਵਲ ਈ ਗਏ ਨੇ ?

ਬਜ਼ੁਰਗ : ਗੱਡੀ ਲੈ ਕੇ ਗਏ ਨੇ ?

ਸਤੀਸ਼ : ਜੀ, ਹਾਂ ਹਾਂ।



ਬਜ਼ੁਰਗ : ਅੱਛਾ, ਮੈਂ ਚਲਦਾਂ (ਸੋਚਦਾ ਹੋਇਆ) ਫ਼ੋਨ ਕਰ ਵੇਖਾਂ।

ਸਤੀਸ਼ : ਮੇਰਾ ਖਿਆਲ ਏ, ਅਜੇ ਟਿਕਾਣੇ ਨਹੀਂ ਪੁੱਜੇ ਹੋਣੇ।

ਬਜ਼ੁਰਗ : ਠੀਕ, (ਚਲਦਾ ਹੋਇਆ) ਬੜੀ ਕਾਹਲ ਕੀਤੀ ਉਨ੍ਹਾਂ ਨੇ।

ਸਤੀਸ਼ : ਜ਼ਰਾ ਬੈਠੋ ਨਾ ਜੀ, ਤੁਹਾਨੂੰ ਬਹੁਤ ਤਕਲੀਫ ਹੋਈ ਏ। ਮਾਈ, ਚਾਹ ਲਿਆ ਝਟਾ ਪਟ।

ਬਜ਼ੁਰਗ : (ਉਸ ਦੀਆਂ ਗੱਲਾਂ ਤੋਂ ਪ੍ਰਭਾਵਤ ਹੋ ਕੇ) ਮਿਹਰਬਾਨੀ ! ਚਾਹ ਦੀ ਕੋਈ ਇੱਛਾ ਨਹੀਂ। ਮੈਂ ਦੇਖਦਾਂ ਕਿਤੇ ਘਰ ਈ ਨਾ ਪੁਜ ਜਾਣ। ਜ਼ਰੂਰੀ ਗੱਲਾਂ ਤੈਅ ਕਰਨੀਆਂ ਸਨ।

ਸਤੀਸ਼ : ਮਾਲਕ ਓ ਜੀ।

> ਬਜ਼ੁਰਗ ਛੇਤੀ ਛੇਤੀ ਜਾਂਦਾ ਹੈ। ਕਾਰ ਦੇ ਚਲਣ ਦੀ ਆਵਾਜ਼ ਆਉਂਦੀ ਹੈ।

ਸਤੀਸ਼ : ਮੰਮੀ, ਸ਼ੋਭਾ ਦਾ ਡੈਡੀ ਵਲੋਂ ਸਹੇੜਿਆ ਸਹੁਰਾ ਸੀ।

ਸ਼ਾਂਤੀ : ਮੈਂ ਵੀ ਪਛਾਣ ਲਿਆ ਸੀ, ਤਾਹਿਓਂ ਮੈਂ ਪਿੱਠ ਮੋੜ ਲਈ ਸੀ। ਮੇਰਾ ਦਿਲ ਅਜੇ ਤਕ ਧਕ ਧਕ ਕਰਦੈ। ਸ਼ੁਕਰ ਐ ਹੋਰ ਈ ਕੰਮ ਵਿਗੜ ਚਲਿਆ ਸੀ।

ਸਤੀਸ਼ : ਓਧਰ ਸੋਭਾ ਆਣ ਵਾਲੀ ਏ, ਹੁਣੇ ਨਾਟਕ ਸਿਖਰ ਤੇ ਪੁਜ ਜਾਣਾ ਸੀ ਭਲੇ ਬਚੇ।

ਸ਼ਾਂਤੀ : ਕਾਕਾ, ਤੂੰ ਬਹੁਤ ਹੁਸ਼ਿਆਰੀ ਤੋਂ ਕੰਮ ਲਿਆ। ਜੇ ਬੈਠ ਜਾਂਦਾ ਫੇਰ ?

ਸਤੀਸ਼ : ਮੰਮੀ, ਡੈਡੀ ਭਾਵੇਂ ਮੈਨੂੰ ਮੂਰਖ ਹੀ ਸਮਝਦੇ ਨੇ, ਪਰ ਦੁਨੀਆਂ ਨੂੰ ਤਾਂ ਮੈਂ ਉਂਗਲਾਂ ਤੇ ਨਚਾ ਸਕਦਾਂ।

ਸ਼ਾਂਤੀ : (ਖੁਸ਼ ਹੋ ਕੇ) ਨਵੇਂ ਜ਼ਮਾਨੇ ਦਾ ਮੁੰਡਾ ਜੁ ਹੋਇਆ।

ਸਤੀਸ਼ : ਐਟਮ ਦੇ ਜ਼ਮਾਨੇ ਦਾ ਮੰਮੀ। ਪਰ ਸ਼ੋਭਾ ਦਾ ਮੁਕਾਬਲਾ ਨਹੀਂ ਕਰ ਸਕਦਾ। ਉਹ ਤਾਂ ਮਰ ਜਾਣੀ ਸਪੁਤਨਿਕ ਏ।

ਸਾਂਤੀ : ਪਰ ਦੋ ਤਿੰਨਾਂ ਦਿਨਾਂ ਦੀ ਉਹਦੀ ਅਜ਼ੀਬ ਹਾਲਤ ਏ।

ਸਤੀਸ਼ : ਮੰਮੀ, ਅਸੀਂ ਬਹੁਤ ਕੁਝ ਕਰ ਸਕਦੇ ਸਾਂ, ਪਰ ਹਰ ਕੰਮ ਲਈ ਢੁਕਵਾਂ ਵਾਤਾਵਰਨ ਹੋਣਾ ਜ਼ਰੂਰੀ ਏ। ਸੋਭਾ ਤੋਂ ਤਾਂ ਮੈਨੂੰ ਅਜੇ ਵੀ ਬਹੁਤ ਆਸਾਂ ਨੇ। ਪ੍ਰਤਿਭਾ ਆਪਣਾ ਰਾਹ ਆਪ ਲੱਭ ਲੈਂਦੀ ਏ।

ਲੀਲਾ : ਸੋਭਾ ਆ ਰਹੀ ਏ !

ਸ਼ਾਂਤੀ : ਹੈਂ ! ਆ ਗਈ ਏ ?

ਸਾਰੇ ਬੜੀ ਉਤਸੁਕਤਾ ਨਾਲ ਬਾਹਰ ਵਲ ਵੇਖਦੇ ਹਨ ।

ਸਤੀਸ਼ : ਮੱਮੀ ਦੇਖ, ਕਿੱਦਾਂ ਪਤਝੜ ਦੀ ਉਦਾਸੀ ਪਿਛੋਂ ਬਹਾਰ ਦੇ ਖੇੜੇ ਵਾਂਗ ਆ ਰਹੀ ਏ ਮੁਸਕਾਣਾਂ ਵੰਡਦੀ । ਕਿੰਨੀ ਚੁਸਤ ਚਾਲ ਏ । ਹਾਣੀ ਮਸਾ ਨਾਲ ਰਲਦਾ ਏ ।

ਲੀਲਾ : (ਆਸ ਨਾਲ ਪੁੰਗਰ ਕੇ) ਕਿੰਨੀ ਖ਼ੁਸ਼ ਏ ਅੱਜ ਸ਼ੋਭਾ ਬੀਬੀ !

ਸਤੀਸ਼ : ਵੱਡੀ ਭੈਣ ਸੱਚ ਕਹਿੰਦੀ ਹੁੰਦੀ ਸੀ, ਜਦੋਂ ਗੱਲ ਕਰਦੀ ਏ ਮੂੰਹੋਂ ਫੁੱਲ ਕਿਰਦੇ ਨੇ ।

ਸ਼ਾਂਤੀ : ਬਹੁਤ ਈ ਸਾਦਾ ਏ, ਮੇਰੀ ਬੱਚੀ ।

ਸਤੀਸ਼ : ਇਹਨੂੰ ਕਹਿੰਦੇ ਨੇ ਸਾਦਗੀ ਵਿਚ ਸੁੰਦਰਤਾ ।

ਸ਼ਾਂਤੀ : (ਅੱਖਾਂ ਭਰ ਕੇ) ਬੜੀ ਉਦਾਸ ਏ ਮੇਰੀ ਬੱਚੀ ।

ਸਤੀਸ਼ : ਮੱਮੀ, ਇਹ ਤੁਹਾਡੇ ਦਿਲ ਉਦਾਸੀ ਏ । ਸ਼ੋਭਾ ਤਾਂ ਬਹੁਤ ਖ਼ੁਸ਼ ਏ ।

ਸ਼ਾਂਤੀ : ਬੱਚਾ, ਤੂੰ ਔਰਤ ਦੇ ਦਿਲ ਦੀਆਂ ਕੀ ਜਾਣੇਂ । ਮੁੰਡਾ ਵੀ ਤੇ ਕੋਈ ਮਾੜਾ ਨਹੀਂ ।

ਸਤੀਸ਼ : ਸ਼ੋਭਾ ਨੂੰ ਐਰ ਗ਼ੈਰ ਸਾਥੀ ਪਸੰਦ ਨਹੀਂ ਸੀ ਆ ਸਕਦਾ । ਬੜਾ ਹੋਣਹਾਰ ਲੜਕਾ ਏ ।

ਸ਼ਾਂਤੀ : ਸੱਚ ਮੁੱਚ ਢੁਕਵੀਂ ਜੋੜੀ ਏ, ਜੇ ਉਹ ਦੇਖ ਲੈਣ ਖੌਰੇ ਮੰਨ ਈ ਜਾਣ ।

ਸਤੀਸ਼ : ਜ਼ਰੂਰ ਮੰਨ ਜਾਣਗੇ । ਤੁਸੀਂ ਤਕੜੇ ਰਹੋ । ਸਭ ਕੁਝ ਠੀਕ ਹੋ ਜਾਵੇਗਾ ।

ਸਾਰੇ ਸਵਾਗਤ ਲਈ ਜ਼ਰਾ ਅੱਗੇ ਵਧਦੇ ਹਨ । ਸ਼ੋਭਾ ਤਿੱਖੇ ਨੈਣ ਨਕਸ਼ਾਂ ਅਤੇ ਪਤਲੇ ਅੰਗਾਂ ਵਾਲੀ ਚੁਸਤ ਲੜਕੀ ਹੈ । ਉਸ ਦੀ ਸ਼ਕਲ ਸੂਰਤ ਚਾਲ ਢਾਲ ਅਤੇ ਗੱਲ ਬਾਤ ਤੋਂ ਸਿਆਣਪ ਤੇ ਸੁਚੱਜਤਾਂ ਦਾ ਪ੍ਰਭਾਵ ਪੈਂਦਾ ਹੈ । ਉਸ ਦਾ ਹਾਣੀ ਰਮੇਸ਼ ਗੰਭੀਰ, ਖ਼ੂਬਸੂਰਤ ਨੌਜਵਾਨ ਹੈ ।

ਸਤੀਸ਼ : ਹੈਲੋ ਦੀਦੀ, ਹੈਲੋ ਰਮੇਸ਼ !

ਸ਼ੋਭਾ : ਮੇਰੇ ਮੱਮੀ ! ਮੇਰੇ ਚੰਨ ਵੀਰ !

ਰਮੇਸ਼ : ਨਮਸਕਾਰ ਮਾਤਾ ਜੀ, ਨਮਸਤੇ ਸਤੀਸ਼ ।

ਰਮੇਸ਼ ਸ਼ਾਂਤੀ ਦੇਵੀ ਦੇ ਪੈਰਾਂ ਨੂੰ ਛੂੰਹਦਾ ਹੈ ।

ਸ਼ਾਂਤੀ : ਜੀਉਂਦਾ ਰਹੁ, ਜਵਾਨੀਆਂ ਮਾਣ ।

ਸ਼ੋਭਾ : (ਮਾਂ ਦੇ ਗਲ ਨਾਲ ਵੇਲ ਵਾਂਗ ਲਿਪਟ ਕੇ) ਮੱਮੀ, ਮੇਰੀ ਚੰਗੀ ਮੱਮੀ ।



ਸਤੀਸ਼ : ਮੱਮੀ, ਸ਼ੋਭਾ ਨੂੰ ਵੀ ਅਸੀਸ ਦਿਓ ਨਾ ।

ਸ਼ਾਂਤੀ : (ਉਦਾਸ ਹੋ ਕੇ) ਜੀਉਂਦੀ ਵਸਦੀ ਰਹੁ ।

ਸਤੀਸ਼ : ਬੁੱਢ ਸੁਹਾਗਣ ਹੋ ਧੀਏ, ਆਖ ।

ਸ਼ੋਭਾ : ਮੱਮੀ, ਤੁਸੀਂ ਉਦਾਸ ਕਿਉਂ ਹੋ ? ਰੋ ਕੇ ਹਟੇ ਓ । ਮੱਮੀ, ਮੈਂ ਤੁਹਾਨੂੰ ਕਿੰਨੀ ਦਫ਼ਾ ਕਿਹਾ ਏ, ਮੇਰੀ ਖ਼ਾਤਰ ਬਿਲਕੁਲ ਦੁਖੀ ਨਾ ਹੋਇਆ ਕਰੋ ।

ਸ਼ਾਂਤੀ : ਕੋਈ ਗਲ ਨਹੀਂ, ਤੈਨੂੰ ਦੇਖ ਕੇ ਮੇਰੀਆਂ ਅੱਖਾਂ ਭਰ ਆਈਆਂ ਨੇ ।

ਸ਼ੋਭਾ : (ਜੱਫੀ ਪਾ ਕੇ ਬਿਠਾਂਦੀ ਹੋਈ) ਮਾਵਾਂ ਠੰਡੀਆਂ ਛਾਵਾਂ ! ਸੱਚ ਈ ਕਹਿੰਦੇ ਨੇ

ਸਤੀਸ਼ : (ਸ਼ਰਾਰਤ ਨਾਲ ਗਾ ਕੇ)

ਮਾਵਾਂ ਤੇ ਧੀਆਂ ਰਲ ਬੈਠੀਆਂ ਨੀ ਮਾਏ ।<br>
ਕੋਈ ਕਰਦੀਆਂ ਗਲੋਲੜੀਆਂ ।<br>
ਕਣਕਾਂ ਲੰਮੀਆਂ ਧੀਆਂ ਕਿਉਂ ਜੰਮੀਆਂ ਨੀ ਮਾਏ ।

ਸ਼ੋਭਾ : ਲੱਗਾ ਏ ਮਰਾਸੀ ਗੌਣ ।

ਸਤੀਸ਼ : ਮਾਪੇ ਮੰਨਣ ਨਾ ਮੰਨਣ ਅਸਾਂ ਤੁਹਾਡਾ ਕਾਰਜ ਰਚਾ ਦਿਤਾ ਹੈ ।

ਸ਼ੋਭਾ : (ਲੀਲਾ ਨੂੰ) ਤੂੰ ਜਾਹ ਚਾਹ ਲਿਆ, ਤੇਰਾ ਦੁਖ ਮੈਂ ਚਿਹਰੇ ਤੋਂ ਪੜ੍ਹ ਲਿਆ ਏ । ਮੇਰੇ ਨਾਲ ਚਲੀਂ, ਸੁਣੇਆਂ ।

ਲੀਲਾ : (ਖ਼ੁਸ਼ੀ ਨਾਲ ਟਪਦੀ ਹੋਈ) ਹੁਣੇ ਲਿਆਈ ਸ਼ੋਭਾ ਬੀਬੀ !

ਸਤੀਸ਼ : ਦੇਖਿਆ ਮੱਮੀ, ਤੇਰੀ ਧੀ ਦੀ ਹੋਂਦ ਨੇ ਖੇੜਾ ਲੈ ਆਂਦਾ ਏ ਘਰ ਵਿਚ ।

ਸ਼ੋਭਾ : ਵੀਰ ਤੂੰ ਕੀ ਸੁਾਂਗ ਬਣਾਇਆ ਹੋਇਆ ਏ । ਅੱਖਾਂ ਵਿਚ ਉਨੀਂਦਰਾ ਕਿਉਂ ਏ । ਕਿਵੇਂ ਕੰਡੇਰਨੇ ਵਾਂਗ ਵਾਲ ਉਠੇ ਹੋਏ ਨੇ, ਕਿਤੇ ਡੈਡੀ ਨਾਲ ਝਗੜ ਕੇ ਤਾਂ ਨਹੀਂ ਹਟਿਆ ? ਕਿਉਂ ਬਜ਼ੁਰਗ ਨੂੰ ਤੰਗ ਕਰਦਾ ਹੁੰਦਾ ਏਂ । ਚੁੱਪ ਕਰ ਰਿਹਾ ਕਰ ।

ਸਤੀਸ਼ : ਮੱਮੀ, ਦੇਖਿਆ ਕਿੱਦਾਂ ਹਰ ਦਿਲ ਦਾ ਭੇਦ ਲੈਂਦੀ ਫਿਰਦੀ ਏ । ਬਹੁਤ ਚਤੁਰ ਏ । ਸ਼ੋਭਾ, ਤੇਰੀ ਅਕਲ ਨੂੰ ਕੋਈ ਨਜ਼ਰ ਨਾ ਲਾ ਦੇਵੇ ।

ਸ਼ੋਭਾ : ਮੱਮੀ ਇਹਦਾ ਮਤਲਬ ਪਤਾ ਕੀ ਏ, ਪਈ ਮੇਰੀ ਅਕਲ ਦੀ ਕੋਈ ਵਡਿਆਈ ਕਰੇ । ਠੀਕ ਏ ਜੀ ਆਪਣੀ ਅਕਲ ਹਰ ਇਕ ਨੂੰ ਬਹੁਤੀ ਲੱਗਦੀ ਏ ।

ਸਤੀਸ਼ : (ਵਾਲ ਖਿਚ ਕੇ) ਤੂੰ ਤਾਹੀਉਂ ਜੂੜਾ ਕਰਦੀ ਏਂ, ਮਤੇ ਗੁਤ ਥਾਣੀ ਮੱਤ ਗਿੱਟਿਆਂ ਨੂੰ ਨਾ ਉਤਰ ਜਾਵੇ ।

ਸ਼ੋਭਾ : (ਬਰਾਬਰ ਉਸ ਦੇ ਵਾਲਾਂ ਨੂੰ ਹੱਥ ਪਾ ਕੇ) ਠਹਿਰ, ਤੇਰੀ ਹੋਸ਼ ਟਿਕਾਣੇ

ਲਿਆਵਾਂ !

ਸਤੀਸ਼ : ਦੇਖ ਲੈ ਮੰਮੀ ।

ਸੋਭਾ : (ਨੱਸ ਕੇ ਸ਼ਾਂਤੀ ਪਿਛੇ ਹੋ ਕੇ) ਮੰਮੀ, ਇਹਨੂੰ ਹਟਾ ਲਓ । ਮਛਰਨ ਲੱਗਾ ਜੇ । ਮਾਰ ਖਾਏਗਾ । ਅੱਜ ਅਸੀਂ ਦੋ ਜਣੇ ਆਂ ।

ਸਤੀਸ਼ : ਅੱਛਾ ਜੀ ! ਇਹ ਗੱਲ ਏ !

ਸੋਭਾ : ਹਾਂ ਜੀ, 'ਕੱਲਾ' ਕੱਲਾ ਤੇ ਦੋ ਯਾਰਾਂ ।

ਸ਼ਾਂਤੀ : ਤੁਸੀ ਅਜੀਬ ਓ, ਕਿੱਡੀ ਗੱਲ ਏ । ਉਹ ਘਬਰਾਂਦੇ ਫਿਰਦੇ ਨੇ। ਤੁਹਾਡੇ ਯਾਦ ਚਿਤ ਵੀ ਨਹੀਂ ।

ਸੋਭਾ : ਮੰਮੀ, ਇਹੋ ਸਾਡਾ ਤੇ ਤੁਹਾਡਾ ਫ਼ਰਕ ਏ । ਤੁਸੀਂ ਸਾਧਾਰਨ ਗੱਲ ਨੂੰ ਵੀ ਪਹਾੜ ਜਿੱਡੀ ਬਣਾ ਦੇਂਦੇ ਓ, ਅਸੀਂ ਵੱਡੀ ਤੋਂ ਵੱਡੀ ਗੱਲ ਨੂੰ ਸਾਧਾਰਨ ਸਮਝਦੇ ਹਾਂ ।

ਸਤੀਸ਼ : ਤੁਸੀਂ ਰਾਈ ਦਾ ਪਹਾੜ ਬਣਾ ਦੇਂਦੇ ਓ, ਤੇ ਅਸੀਂ ਪਹਾੜ ਪੁਟ ਕੇ ਚੂਹਾ ।

ਸੋਭਾ : (ਏਧਰ ਉਧਰ ਝਾਤ ਮਾਰ ਕੇ) ਡੈਡੀ ਨਹੀਂ ਦਿਸਦੇ ਕਿਧਰੇ ।

ਸਤੀਸ਼ : ਉਹ ਸ਼ਾਇਦ ਵਕੀਲ ਦੀ ਸਲਾਹ ਲੈਣ ਗਏ ਨੇ ।

ਸੋਭਾ : (ਰਮੇਸ਼ ਨਾਲ ਮੁਸਕ੍ਰਾ ਕੇ) ਕੀ ਲੋੜ ਸੀ, ਵਕੀਲ ਸਾਹਿਬ ਤੇ ਨਾਲ ਈ ਨੇ ।

ਸਤੀਸ਼ : ਫੇਰ ਤਾਂ ਕਚਹਿਰੀ ਜਾਣ ਦੀ ਵੀ ਲੋੜ ਨਹੀਂ । ਇਨ੍ਹਾਂ ਨੂੰ ਮੁਖ਼ਤਿਆਰਨਾਮਾ ਦੇ ਦਿਓ, ਆਪੇ ਭੁਗਤ ਆਉਣਗੇ ।

ਸ਼ਾਂਤੀ : (ਮਸਕ੍ਰਾਉਂਦੀ ਹੋਈ) ਤੁਸੀ ਤਾਂ ਕਮਲੇ ਓ । ਖ਼ੌਰੇ ਕਿਧਰ ਚਲੇ ਗਏ ਨੇ ।

ਸੋਭਾ : ਮੰਮੀ ਡੈਡੀ ਫ਼ੋਨ ਵਿਚ ਈ ਗੁੱਸੇ ਹੋਣ ਲਗ ਪਏ । ਮੈਂ ਵੀ ਹੂੰ ਹਾਂ ਕਰਦੀ ਰਹੀ । ਕੋਲ ਖਲੋਤਿਆਂ ਨੂੰ ਪਤਾ ਵੀ ਨਾ ਲੱਗਣ ਦਿਤਾ ।

ਸਤੀਸ਼ : ਅਰਥਾਤ ਕੋਲ ਖਲੋਤਿਆ ਨੂੰ ਬੁਧੂ ਬਣਾਇਆ ।

ਸੋਭਾ : ਸਤੀਸ਼ !

ਸਤੀਸ਼ : (ਸੋਭਾ ਦੀ ਘੂਰੀ ਤੇ ਮੁਸਕ੍ਰਾਂਦਾ ਹੋਇਆ) ਹਾਂ ਭੈਣ !

ਸੋਭਾ : ਮੰਮੀ ਕੀ ਏ ਤੁਹਾਡੇ ਮਨ ਵਿਚ । ਮੇਰੇ ਵਲ ਇਸ ਤਰ੍ਹਾਂ ਕਿਉਂ ਦੇਖੀ ਜਾਂਦੇ ਓ

ਸ਼ਾਂਤੀ : (ਅੱਖਾਂ ਪੂੰਝ ਕੇ) ਕੁਝ ਨਹੀਂ ।

ਸੋਭਾ : ਮੰਮੀ, ਇਹ ਨਾ ਸਮਝ ਲੈਣਾ ਪੜ੍ਹ ਲਿਖ ਕੇ ਧੀਆਂ ਮਾਂਵਾਂ ਨੂੰ ਭੁੱਲ ਜਾਂਦੀਆਂ ਨੇ । ਨਹੀਂ ! ਮਾਂ ਨਾਲੋਂ ਠੰਡੀ ਛਾਂ ਸੰਸਾਰ ਵਿਚ ਕੋਈ ਨਹੀਂ । ਅੱਜ ਤੁਸੀਂ ਮੈਨੂੰ ਬਹੁਤ ਹੀ ਪਿਆਰੇ ਲਗਦੇ ਓ ।

ਸਤੀਸ਼ : ਵਿਆਹ ਵਾਲੇ ਦਿਨ ਮਾਂ ਨਾਲੋਂ ਵਧ ਦੀ ਪਿਰ ਕੌਣ ਹੋ ਸਕਦੀ ਏ ।



ਸੋਭਾ : ਬਿਲਕੁਲ ਸੱਚ ਏ !

ਦੋਵੇਂ ਹੌਲੀ ਹੌਲੀ ਕੁਝ ਗੱਲਾਂ ਕਰਦੀਆਂ ਹਨ ।

ਸਤੀਸ਼ : ਤੁਸੀਂ ਸੁਣਾਓ ਹੋਣ ਵਾਲੇ ਜੀਜਾ ਜੀ । ਬੜੇ ਚੁੱਪ ਚਾਪ ਓ । ਸੋਭਾ ਨਾਲ ਕਿੱਦਾਂ ਨਿਭੇਗੀ, ਉਹ ਤਾਂ ਮਰ ਜਾਣੀ ਬਹੁਤ ਬਹਿਸ ਕਰਦੀ ਏ ।

ਰਮੇਸ਼ : ਮੈਂ ਜਾਣਦਾਂ ਚੰਗੀ ਤਰ੍ਹਾਂ । ਮੈਂ ਵੀ ਬਰਾਬਰ ਬਹਿਸ ਵਿਚ ਹਿੱਸਾ ਲੈਂਦਾ ਰਿਹਾਂ ।

ਸੋਭਾ : ਸਤੀਸ਼, ਸੋਚ ਸਮਝ ਕੇ ਗੱਲ ਕਰੀਂ ।

ਸਤੀਸ਼ : ਘਬਰਾ ਨਾ, ਮੈਂ ਸਾਲੀ ਨਹੀਂ ਜੋ ਜੀਜੇ ਨੂੰ ਚੂੰਡੀ ਵੱਢ ਦਊਂ ਜਾਂ ਜੁੱਤੀ ਚੁਰਾ ਲਊਂ ।

ਸੋਭਾ : ਮੈਂ ਤੇਰੇ ਸੁਭਾਅ ਨੂੰ ਜਾਣਦੀ ਆਂ । ਰਮੇਸ਼ ਜੀ, ਇਹਦੀ ਗੱਲ ਦਾ ਗ਼ੁਸਾ ਨਾ ਕਰਿਓ । ਇਹ ਤਾਂ ਡੈਡੀ ਨੂੰ ਵੀ ਟਿਚਕਰ ਕਰਨੋਂ ਨਹੀਂ ਟਲਦਾ । ਉਹ ਇਸ ਗੱਲੋਂ ਬਹੁਤ ਖਿਝਦੇ ਨੇ । ਹੈ ਤਾਂ ਸਿਆਣਾ, ਪਰ ਜ਼ਰਾ ਪਾਗਲਪਨ......

ਸਤੀਸ਼ : ਪ੍ਰਤਿਭਾ ਤੇ ਪਾਗਲਪਨ ਦਾ ਧੁਰੋਂ ਮੇਲ ਤੁਰਿਆ ਆਇਐ ।

ਸੋਭਾ : ਵਾਹ ਵਾਹ ! ਕਿਆ ਕਹਿਣੇ ਜੀਨੀਅਸ ਦੇ ।

ਰਮੇਸ਼ : ਸਤੀਸ਼ ਜੀ ਨੂੰ ਮੈਂ ਜਾਣਦਾਂ, ਬਹੁਤ ਖ਼ੁਸ਼ ਤਬ੍ਹਾ ਨੇ ।

ਸਤੀਸ਼ : ਸੁਣਿਆ ਏ ਵਕਾਲਤ ਸ਼ੁਰੂ ਕਰ ਦਿੱਤੀ ਏ ?

ਰਮੇਸ਼ : ਹਾਂ, ਅਜੇ ਥੋੜਾ ਚਿਰ ਈ ਹੋਇਐ ।

ਸਤੀਸ਼ : ਤਾਹੀਓਂ ਸ਼ਾਦੀ ਦੀ ਕਾਹਲ ਕਰਨ ਲੱਗੇ ਓ । ਕਾਹਲ ਸਾਡੇ ਖ਼ਾਨਦਾਨ ਦਾ ਔਗੁਣ ਏ, ਤੁਹਾਡੇ ਦਾ ਸੋਨੂੰ ਪਤਾ ਨਹੀਂ ।

ਸੋਭਾ : ਸਤੀਸ਼, ਇਨ੍ਹਾਂ ਨੂੰ ਇਕ ਮੁਨਸ਼ੀ ਦੀ ਬੜੀ ਲੋੜ ਏ ।

ਸਤੀਸ਼ : ਭੈਣ, ਤੇਰੇ ਨਾਲੋਂ ਚੰਗਾ ਸਲਾਹਕਾਰ ਇਨ੍ਹਾਂ ਨੂੰ ਦਿੱਲੀ ਭਰ ਵਿਚੋਂ ਨਹੀਂ ਮਿਲ ਸਕਦਾ ।

ਸੋਭਾ : ਪਰ ਮੁਨਸ਼ੀ ਵਿਚ ਅਕਲ ਨਾਲੋਂ ਵਧੇਰੇ ਚੁਸਤੀ ਤੇ ਚਲਾਕੀ ਚਾਹੀਦੀ ਏ ।

ਸਤੀਸ਼ : (ਛਾਤੀ ਤੇ ਹੱਥ ਰਖ ਕੇ ਤੇ ਝੁਕ ਕੇ) ਜੇ ਮੈਂ ਇਸ ਯੋਗ ਹਾਂ, ਤਾਂ ਮੇਰੀ ਸੇਵਾ ਭੈਣ ਤੇ ਭਣੋਈਏ ਦਿਆਂ ਕਦਮਾਂ ਵਿਚ ਹਾਜ਼ਰ ਏ ।

ਸ਼ਾਂਤੀ : ਇਹਨੂੰ ਕੁਝ ਦਿਨ ਜ਼ਰੂਰ ਲੈ ਜਾਵੋ । ਝਾੜਾਂ ਝੰਬਾਂ ਤੋਂ ਬਚ ਜਾਵੇ ।

ਸਤੀਸ਼ : ਮੰਮੀ ਨੂੰ ਮੇਰਾ ਬਹੁਤ ਫ਼ਿਕਰ ਏ, ਆਪਣਾ ਕੋਈ ਖ਼ਿਆਲ ਨਹੀਂ ।

ਸੋਭਾ : ਮਾਵਾਂ ਹੁੰਦੀਆਂ ਹੀ ਕੁਰਬਾਨੀ ਦੀਆਂ ਮੂਰਤਾਂ ਨੇ । ਫੇਰ ਸਾਡੀ ਮੰਮੀ ਨੇ ਹੋਰ ਵੀ ਵਧੇਰੇ ਕਸ਼ਟ ਸਹੇ ਨੇ ।

ਸਤੀਸ਼ : ਇਹ ਦਸੋ ਰਮੇਸ਼ ਜੀ, ਤੁਹਾਡੇ ਮਾਪਿਆਂ ਨੇ ਇਹ ਰਿਸ਼ਤਾ ਸਵੀਕਾਰ ਕਰ ਲਿਆ ਏ।

ਰਮੇਸ਼ : ਬਹੁਤ ਖ਼ੁਸ਼ੀ ਨਾਲ। ਅੱਜ ਉਹ ਵੀ ਕਚਹਿਰੀ ਆ ਰਹੇ ਨੇ।

ਸਤੀਸ਼ : ਤਾਂ ਤੇ ਬਹੁਤ ਸਮਝਦਾਰ ਨੇ, ਜ਼ਮਾਨੇ ਅਨੁਸਾਰ। ਪਰ ਸਾਡੇ ਡੈਡੀ ਕੁਝ ਵੱਟੇ ਹੋਏ ਨੇ। ਸਖ਼ਤ ਸੁਭਾ ਦੇ ਜ਼ਰਾ।

ਸ਼ੋਭਾ : (ਘੂਰ ਕੇ) ਸਤੀਸ਼, ਲੀਲਾ ਨੂੰ ਆਖ ਚਾਹ ਲਿਆਵੇ ਛੇਤੀ।

ਸਤੀਸ਼ : ਲੀਲਾ ਆਪਣਾ ਫ਼ਰਜ਼ ਚੰਗੀ ਤਰ੍ਹਾਂ ਪਛਾਣਦੀ ਏ, ਲਓ ਉਹ ਲਿਆ ਰਹੀ ਏ।

ਰਮੇਸ਼ : ਸਤੀਸ਼ ਜੀ, ਮੈਨੂੰ ਦੱਸੀ ਏ ਸ਼ੋਭਾ ਨੇ ਸਾਰੀ ਗੱਲ।

ਸਤੀਸ਼ : ਪਰ ਤੁਹਾਨੂੰ ਘਬਰਾਉਣ ਦੀ ਕੋਈ ਲੋੜ ਨਹੀਂ ਅਸੀਂ ਤੁਹਾਡੇ ਨਾਲ ਹਾਂ।

ਸ਼ੋਭਾ : ਭਰਾ ਤੂੰ ਵੀ ਧੀਰਜ ਤੋਂ ਕੰਮ ਲਿਆ ਕਰ, ਬਜ਼ੁਰਗ ਆਪਣੇ ਆਪ ਨੂੰ ਛੇਤੀ ਨਹੀਂ ਢਾਲ ਸਕਦੇ। ਉਨ੍ਹਾਂ ਦੇ ਕੀ ਵੱਸ। ਨਾਲੇ ਫੇਰ ਡੈਡੀ ਤਾਂ ਅੰਗ੍ਰੇਜ਼ਾਂ ਦੇ ਜ਼ਮਾਨੇ ਦੇ ਅਫ਼ਸਰ ਨੇ।

ਸਤੀਸ਼ : ਅਖ਼ੀਰ ਉਨ੍ਹਾਂ ਨੂੰ ਆਪਣਾ ਰਵੱਈਆ ਬਦਲਣਾ ਪੈਣਾ ਏ।

ਸ਼ੋਭਾ : ਮੰਮੀ, ਤੁਸੀਂ ਉਨ੍ਹਾਂ ਨੂੰ ਮਨਾਓ, ਅਸੀਂ ਬਾਕਾਇਦਾ ਸ਼ਾਦੀ ਕਰਨ ਨੂੰ ਤਿਆਰ ਹਾਂ। ਅਜੇ ਤਕ ਕੁਝ ਨਹੀਂ ਵਿਗੜਿਆ। ਫ਼ੋਨ ਵਿਚ ਤਾਂ ਉਨ੍ਹਾਂ ਮੇਰੀ ਗੱਲ ਵੀ ਨਹੀਂ ਸੁਣੀ।

ਸਤੀਸ਼ : ਯਾਦ ਏ ਇਕ ਵਾਰ ਰਉਂ ਵਿਚ ਆਇਆਂ ਉਨ੍ਹਾਂ ਆਪ ਦਸਿਆ ਸੀ। ਜਿੰਨਾ ਚਿਰ ਤਕ ਮੈਂ ਤੁਹਾਡੀ ਮਾਂ ਨੂੰ ਅੱਖੀਂ ਨਹੀਂ ਸੀ ਵੇਖ ਲਿਆ ਵਿਆਹ ਲਈ ਹਾਂ ਨਹੀਂ ਸੀ ਕੀਤੀ।

ਸ਼ੋਭਾ : ਫੇਰ ਮੰਮੀ, ਕਿਥੇ ਉਹ ਜ਼ਮਾਨਾ ਕਿਥੇ ਇਹ। ਅੱਧੀ ਸਦੀ ਦਾ ਫ਼ਰਕ ਸਮਝੋ। ਮੰਮੀ, ਤੁਸੀਂ ਚੁਪ ਚਾਪ ਕਿਉਂ ਓ ? ਤੁਸੀਂ ਤਾਂ ਖ਼ੁਸ਼ ਹੋ ਨਾ ?

ਸ਼ਾਂਤੀ : ਮੇਰੀ ਘਰ ਵਿਚ ਕੌਣ ਸੁਣਦੈ, ਨਾ ਤੁਸੀਂ ਤੇ ਨਾ ਉਹ।

ਸਤੀਸ਼ : ਭੈਣ ਜੀ, ਲਾ ਗਏ ਨੇ ਚੋਟ ਮੰਮੀ।

ਸ਼ੋਭਾ : (ਮਿਠਾਸ ਤੇ ਨਿੱਘ ਨਾਲ) ਮੰਮੀ ਜੀ, ਜੇ ਨਾ ਪੁਛਦੀ ਹੁੰਦੀ ਤਾਂ ਮੈਂ ਤੁਹਾਡੀ ਅਸੀਸ ਲੈਣ ਕਿਉਂ ਆਉਂਦੀ।

ਸਤੀਸ਼ : ਮੰਮੀ, ਫ਼ਰਜ਼ ਕਰੋ ਤੁਸੀਂ ਸ਼ੋਭਾ ਦੀ ਥਾਂ ਹੁੰਦੇ—ਪੜ੍ਹੀ ਲਿਖੀ ਸੁਚੱਜੀ ਲੜਕੀ, ਆਜ਼ਾਦ ਭਾਰਤ ਦੀ ਸੁਤੰਤਰ ਨਾਰੀ। ਫੇਰ ਤੁਸੀਂ ਕੀ ਕਰਦੇ ?

ਸ਼ਾਂਤੀ : (ਕੁਝ ਸ਼ਰਮਾ ਕੇ) ਕਮਲਾ ਮੁੰਡਾ, ਕੀ ਗੱਲਾਂ ਕਰਦੈ।



ਸਤੀਸ਼ : (ਕੁਤ ਕੁਤਾੜੀਆਂ ਕਢ ਕੇ) ਹੱਸ ਪਏ ਨੇ ਮੰਮੀ ਜੀ। ਸ਼ਾਦੀ ਵਾਲਾ ਦਿਨ ਚੇਤੇ ਆ ਗਿਆ ਸਾਡੀ ਮੰਮੀ ਨੂੰ।

ਸ਼ੋਭਾ : ਮੰਮੀ ਦਾ ਤਾਂ ਓਸ ਪਿੰਜਰੇ ਪਈ ਮੈਨਾ ਵਾਲਾ ਹਾਲ ਏ। ਇਨ੍ਹਾਂ ਦੀਆਂ ਸਭ ਆਸਾਂ ਉਮੰਗਾਂ ਪਤੀ ਦੇ ਰੁਅਬ ਥੱਲੇ ਦੱਬੀਆਂ ਗਈਆਂ ਨੇ (ਜੱਫੀ ਪਾ ਕੇ) ਮੰਮੀ ਜੀ ਕੀ ਤੁਸੀਂ ਚਾਹੁੰਦੇ ਓ, ਮੈਂ ਵੀ ਤੁਹਾਡੇ ਵਾਂਗ ਪਿੰਜਰੇ ਪੈ ਜਾਵਾਂ !

ਸ਼ਾਂਤੀ : (ਭਰੀਆਂ ਅੱਖਾਂ ਨਾਲ ਸਿਰ ਹਿਲਾ ਕੇ) ਨਹੀਂ।

ਸਤੀਸ਼ : ਲੈ ਸ਼ੋਭਾ, ਦਿਲੋਂ ਮੰਮੀ ਦੀਆਂ ਸ਼ੁਭ ਇੱਛਾਵਾਂ ਤੇਰੇ ਨਾਲ ਨੇ।

ਸ਼ੋਭਾ : (ਭਰੇ ਹੋਏ ਗਲੇ ਨਾਲ) ਮਾਂ ਮਾਂ ਈ ਹੁੰਦੀ ਏ। ਪਿਉ ਕਠੋਰ ਚਿਤ ਹੋ ਸਕਦੈ, ਪਰ ਮਾਂ ਧੀ ਦਾ ਦੁਖ ਨਹੀਂ ਸਹਾਰ ਸਕਦੀ।

ਸਤੀਸ਼ : ਮਲਕੀ ਨੇ ਵੀ ਤਾਂ ਵਿਆਹ ਤੋਂ ਪਹਿਲਾਂ ਰਾਂਝਾ ਸਵੀਕਾਰ ਕਰ ਲਿਆ ਸੀ, ਇਹ ਤਾਂ ਚੂਚਕ ਸੀ ਜੋ ਸਮਾਜ ਦੇ ਭੂਤ ਤੋਂ ਡਰ ਗਿਆ ਸੀ।

ਸ਼ੋਭਾ : ਮੈਨੂੰ ਪਹਿਲੋਂ ਪਤਾ ਸੀ, ਮੰਮੀ ਜ਼ਰੂਰ ਮੇਰਾ ਸਾਥ ਦੇਣਗੇ।

ਸਤੀਸ਼ : ਉਹ ਤਾਂ ਡੈਡੀ ਤੋਂ ਡਰਦੇ ਦਿਲ ਦੀ ਗੱਲ ਨਹੀਂ ਸਨ ਕਰਦੇ, ਉਂਜ ਮੰਮੀ ਸਾਡੇ ਸੱਚ ਮੁਚ ਦੇਵੀ ਨੇ।

ਸ਼ੋਭਾ : ਠੀਕ, ਸਖ਼ਤ ਸੁਭਾ ਪਤੀ ਨਾਲ ਨਿਭਾਉਣੀ ਅਤੀ ਕਰੜੀ ਸਾਧਨਾ ਏ।

ਸਤੀਸ਼ : ਅਨਗਿਣਤ ਭਾਰਤੀ ਇਸਤ੍ਰੀਆਂ ਦਾ ਇਹੋ ਹਾਲ ਏ।

ਲੀਲਾ : (ਛੇਤੀ ਛੇਤੀ ਨੇੜੇ ਆ ਕੇ) ਚੁਪ ! ਚੁਪ ! ਬਾਊ ਜੀ !

ਸ਼ਾਂਤੀ : ਹੈਂ ਆ ਗਏ ?

ਸਤੀਸ਼ : ਡੈਡੀ ਨੇ, ਕਿਤੇ ਹਊਆ ਤਾਂ ਨਹੀਂ। (ਰਮੇਸ਼ ਦੇ ਅਗੇ ਹੋ ਕੇ) ਰਮੇਸ਼ ਜੀ, ਤੁਸੀਂ ਛੇਤੀ ਐਧਰ ਦੀ ਪਿਛਲੇ ਪਾਸੇ ਨੂੰ ਤਸ਼ਰੀਫ਼ ਲੈ ਜਾਓ। ਕੁਝ ਚਿਰ ਤ੍ਰਿਸ਼ੰਕੂ ਵਾਂਗ ਆਪ ਵਿਚਾਲੇ ਲਟਕੋ। ਲੀਲਾ, ਲੈ ਜਾ ਐਧਰ ਦੀ ਝਟਾ ਪਟ।

ਸ਼ਾਂਤੀ : ਉਨ੍ਹਾਂ ਦੇ ਪਿਛੇ ਕੌਣ ਏ ?

ਸਤੀਸ਼ : ਬਦਰੀ ਨਾਥ ਵਕੀਲ, ਹੋਰ ਕੌਣ।

ਸ਼ੋਭਾ : (ਗਹੁ ਨਾਲ ਦੇਖਦੀ ਹੋਈ) ਬੜੇ ਚੁਪ ਚਾਪ ਨੀਵੀਂ ਪਾਈ ਆ ਰਹੇ ਨੇ। ਹਾਇ ਮੈਨੂੰ ਬਹੁਤ ਤਰਸ ਆ ਰਿਹੈ ਪਿਤਾ ਜੀ ਤੇ।

ਸਤੀਸ਼ : ਫੇਰ ਉਨ੍ਹਾਂ ਦੀ ਗੱਲ ਮੰਨ ਜਾ, ਦੁਖੀ ਕਿਉਂ ਕਰਦੀ ਏਂ।

ਸ਼ੋਭਾ : ਕਿੰਨੀ ਔਖੀ ਸਮੱਸਿਆ ਏ ਮੇਰੇ ਲਈ। ਮੰਮੀ, ਮੇਰਾ ਸਾਥ ਦੇਣਾ, ਮੈਂ ਉਨ੍ਹਾਂ ਨੂੰ ਦਲੀਲ ਨਾਲ ਮਨਾਉਣ ਦਾ ਯਤਨ ਕਰਾਂਗੀ। ਸਤੀਸ਼, ਤੂੰ ਚੁਪ ਰਹੀਂ।

ਸ਼ਾਂਤੀ : ਚੁੱਪ ਕਰੋ ਹੁਣ ।

ਕਪੂਰ ਸਿੱਧਾ ਉਨ੍ਹਾਂ ਵਲ ਆਉਂਦਾ ਏ ਅਤੇ ਵਕੀਲ ਦਫ਼ਤਰ ਵਲ ਜਾਂਦਾ ਹੈ ।

ਸੋਭਾ : (ਅਗੇ ਵਧ ਕੇ ਆਦਰ ਨਾਲ) ਪਿਤਾ ਜੀ !

ਕਪੂਰ । (ਕੋਈ ਭਾਵ ਨਾ ਪ੍ਰਗਟ ਕਰਦਾ ਹੋਇਆ) ਆ ਗਈ ਏਂ ਸੋਭਾ ।

ਸੋਭਾ : ਪਿਤਾ ਜੀ ਤੁਸੀਂ ਐਨੇ ਨਾਰਾਜ਼ ਕਿਉਂ ਓ ?

ਕਪੂਰ : ਤੈਨੂੰ ਅਜੇ ਤਕ ਮੇਰੀ ਨਾਰਾਜ਼ਗੀ ਦਾ ਕਾਰਨ ਪਤਾ ਨਹੀਂ ਲੱਗਾ ? (ਸ਼ਕ ਕਰਦਾ ਹੋਇਆ) ਸਭ ਕੁਝ ਦਸ ਦਿਤਾ ਹੋਣਾ ਏ ਇਹਨਾਂ ।

ਸੋਭਾ : ਅਜੇ ਤਾਂ ਮੈਂ ਆ ਕੇ ਖੜੀ ਈ ਹੋਈ ਆਂ ।

ਕਪੂਰ : ਤੂੰ ਸਿਆਣੀਆਂ ਧੀਆਂ ਵਾਲੀ ਗੱਲ ਕਰਨ ਲਗੀ ਏਂ ।

ਸੋਭਾ : ਤੁਸੀਂ ਮੇਰੇ ਪੂਜਯ ਪਿਤਾ ਓ, ਸਮਝਾਓ ਮੈਂ ਕੀ ਗ਼ਲਤੀ ਕਰ ਰਹੀ ਆਂ ।

ਕਪੂਰ : (ਕੁਝ ਹੈਰਾਨ ਤੇ ਨਰਮ ਹੋ ਕੇ) ਸੋਭਾ, ਤੂੰ ਸਿਆਣੀ ਵਿਆਣੀ ਹੋ ਕੇ ਕਿਉਂ ਸਾਨੂੰ ਨਸ਼ਰ ਕਰਨ ਲੱਗੀ ਏਂ ।

ਸੋਭਾ : ਕਿਸ ਤਰ੍ਹਾਂ ਪਿਤਾ ਜੀ ?

ਕਪੂਰ : ਸਾਡੀ ਪਿਛਲੀ ਜਿੰਦਗੀ ਤਲਖ ਕਰਨ ਲੱਗੀ ਏ । ਸਾਡੀ ਇੱਜ਼ਤ, ਰੀਝਾਂ ਤੇ ਉਮੰਗਾਂ ਦਾ ਖ਼ੂਨ ਕਰਨ ਲੱਗੀ ਏਂ ।

ਸੋਭਾ : ਕਦੇ ਮਰ ਕੇ ਵੀ ਮੇਰੇ ਮਨ ਵਿਚ ਅਜਿਹੀ ਭਾਵਨਾਂ ਨਹੀਂ ਹੋ ਸਕਦੀ ।

ਕਪੂਰ : ਜੰਞ ਨੂੰ ਬੂਹੇ ਤੋਂ ਮੋੜਨ ਲੱਗੀ ਏਂ ਇਹ ਕੋਈ ਨਿੱਕੀ ਜਿਹੀ ਗੱਲ ਏ ? ਸਾਡੀ ਇੱਜ਼ਤ ਦਾ ਸਵਾਲ ਏ ।

ਸੋਭਾ : ਓਧਰ ਮੇਰੀ ਸਾਰੀ ਜ਼ਿੰਦਗੀ ਦਾ ਸਵਾਲ ਏ ਪਿਤਾ ਜੀ ।

ਕਪੂਰ : ਸਿਆਣੀਆਂ ਧੀਆਂ ਹਮੇਸ਼ਾਂ ਮਾਪਿਆਂ ਦੀ ਆਗਿਆ ਮੁਤਾਬਕ ਚਲਦੀਆਂ ਆਈਆਂ । ਮਾਪੇ ਧੀ ਦੀ ਹਮੇਸ਼ਾਂ ਬੇਹਤਰੀ ਸੋਚਦੇ ਨੇ । ਅਜ ਖ਼ਾਨਦਾਨ ਦੀ ਇੱਜ਼ਤ ਤੇਰੇ ਹੱਥ ਵਿਚ ਹੈ ।

ਸਤੀਸ਼ : ਡੈਡੀ ਨੇ ਦਲੀਲ ਭਰੀ ਗੱਲ ਕੀਤੀ ਏ । ਵਕੀਲ ਕੋਈ ਸਮਝਦਾਰ ਜਾਪਦਾ ਏ । ਬੜੀ ਨੇਕ ਸਲਾਹ......

ਕਪੂਰ : (ਗੁੱਸੇ ਨਾਲ) ਪਾਜੀਆ, ਦੂਰ ਹੋ ਜਾ ਮੇਰੀਆਂ ਅੱਖਾਂ ਤੋਂ ।

ਸੋਭਾ : (ਘੂਰ ਕੇ) ਸਤੀਸ਼ !

ਸ਼ਾਂਤੀ : (ਹੌਲੀ) ਕਾਕਾ, ਤੈਨੂੰ ਐਨਾ ਵੀ ਪਤਾ ਨਹੀਂ ਕਿਹੜੀ ਗੱਲ ਕਿਸ ਮੌਕੇ ਕਹਿਣੀ ਏ । ਜਾਹ ਉਠ, ਫੇਰ ਗੁੱਸਾ ਚੜ੍ਹਾ ਦਿਤਾ ਏ ।

ਸਤੀਸ਼ ਉੱਠ ਕੇ ਕੁਰਸੀ ਪਿਛੇ ਖੜਾ ਹੋ ਜਾਂਦਾ ਹੈ ।



ਸੋਭਾ : ਪਿਤਾ ਜੀ, ਸੱਚ ਪੁੱਛਦੇ ਓ, ਮੈਂ ਓਸ ਲੜਕੇ ਨੂੰ ਅੱਛੀ ਤਰ੍ਹਾਂ ਜਾਣਦੀ ਆਂ । ਅਮੀਰਾਂ ਦਾ ਵਿਗੜਿਆ ਹੋਇਆ ਮੁੰਡਾ ਏ, ਨੀਵੇਂ ਆਚਰਣ ਵਾਲਾ । ਫੇਰ ਉਹਦੀ ਤਾਲੀਮ ਕੀ ਏ ?

ਕਪੂਰ : ਜੇ ਸਾਡੀ ਚੋਣ ਗਲਤ ਏ ਤਾਂ ਕੀ ਗਾਰੰਟੀ ਏ ਤੇਰੀ ਚੋਣ ਠੀਕ ਨਿਕਲੇ ।

ਸਤੀਸ਼ : ਗੱਲ ਡੈਡੀ ਦੀ ਠੀਕ ਏ ।

ਸੋਭਾ : ਅਗੋਂ ਦਾ ਤਾਂ ਬੰਦਾ ਭੁਲੇਖਾ ਖਾ ਸਕਦੈ, ਪਰ ਐਸ ਵੇਲੇ ਤਾਂ ਠੀਕ ਜਾਪਦੀ ਏ । ਤੁਹਾਡੇ ਸਹੇੜੇ ਵਰ ਦੇ ਨੁਕਸ ਤਾਂ ਪਹਿਲੋਂ ਪਤਾ ਨੇ ।

ਸਤੀਸ਼ : ਅੱਖੀਂ ਵੇਖ ਕੇ ਮੱਖੀ ਨਿਗਲਨੀ ਮੁਸ਼ਕਲ ਏ ।

ਕਪੂਰ : ਜੇ ਪਿਛੋਂ ਤੇਰੀ ਚੋਣ ਗ਼ਲਤ ਨਿਕਲੀ ਫੇਰ ?

ਸੋਭਾ : ਫੇਰ ਅਲਹਿਦਾ ਹੋ ਜਾਵਾਂਗੇ ।

ਕਪੂਰ : ਪਿਛੋਂ ਜੇ ਪਛਤਾਏਂਗੀ ਹੁਣੇ ਕਿਉਂ ਨਹੀਂ ਸਿਆਣਪ ਨਾਲ ਕੰਮ ਲੈਂਦੀ ।

ਸਤੀਸ਼ : ਸੋਭਾ, ਇਹ ਗੱਲ ਡੈਡੀ ਨੇ ਬਹੁਤ ਸਿਆਣਪ ਦੀ ਕੀਤੀ ਏ । ਕਾਹਲ ਨਾ ਕਰ, ਇਹ ਤਾਂ ਮੈਂ ਵੀ ਕਹਾਂਗਾ । ਕਾਹਲ ਭਾਵੀ ਵੀ ਹੋ ਸਕਦੀ ਏ ।

ਕਪੂਰ : ਮੈਂ ਮੰਨਦਾ, ਤੂੰ ਬਹੁਤ ਸਮਝਦਾਰ ਸੁਚੱਜੀ ਲੜਕੀ ਏਂ, ਪਰ ਤੇਰੇ ਸੁਭਾ ਵਿਚ ਕਾਹਲ ਤੇ ਤੇਜ਼ੀ ਵੀ ਤਾਂ ਹੈ । ਇਸੇ ਕਰ ਕੇ ਅਕਸਰ ਤੂੰ ਗ਼ਲਤ ਚੋਣ ਵੀ ਕਰ ਬੈਠਦੀ ਏਂ । ਬੀ. ਏ, ਦੇ ਮਜ਼ਮੂਨਾਂ ਦੀ ਗੱਲ ਯਾਦ ਕਰ ਲੈ । ਪਿਛੋਂ ਬਦਲਣੇ ਪਏ ਸਨ ।

ਸਤੀਸ਼ : ਸਿਆਣਾ ਕਾਂ ਕਈ ਦਫ਼ਾ ਕੁਥਾਂ ਡਿੱਗਦਾ ਏ ।

ਸੋਭਾ : ਕਾਹਲ ਸਦਾ ਭੈੜੀ ਨਹੀਂ ਹੁੰਦੀ, ਜਾਨ ਬਚਾਉਣ ਲਈ ਬਹੁਤ ਦਫ਼ਾ ਗੁਣਕਾਰੀ ਵੀ ਸਾਬਤ ਹੁੰਦੀ ਹੈ ।

ਕਪੂਰ : ਫੇਰ ਤੈਨੂੰ ਚੰਗਾ ਭਲਾ ਪਤੈ, ਅਸੀ ਪਾਣੀ ਵਾਂਗ ਪੈਸਾ ਰੁੜ੍ਹਾ ਚੁਕੇ ਆਂ ।

ਸੋਭਾ : ਉਹ ਗਹਿਣਾ ਕਪੜਾ ਸਾਰਾ ਘਰ ਵਿਚ ਈ ਏ ਨਾ ਪਿਤਾ ਜੀ, ਬਾਹਰ ਥੋੜਾ ਸੁੱਟ ਦਿਤਾ ਏ ।

ਕਪੂਰ : ਜਿਹੜਾ ਸੋਨਾ ਖ਼ਾਸ ਕਰ ਕਪੜਾ ਇਕ ਦਫ਼ਾ ਖਰੀਦਿਆ ਜਾਵੇ ਫੇਰ ਉਸ ਦਾ ਉਹ ਮੁੱਲ ਨਹੀਂ ਰਹਿੰਦਾ ।

ਸੋਭਾ : ਭਰਾ ਜੀ ਦੇ ਵਿਆਹ ਤੇ ਕੰਮ ਆ ਜਾਏਗਾ ।
ਕਪੂਰ : ਉਹਦੀ ਸ਼ਾਦੀ ਹੋ ਚੁੱਕੀ ਉਹ ਤੇਰੇ ਨਾਲੋਂ ਵੀ ਚੌੜ ਏ ।
ਸੋਭਾ : ਮੈਂ ਤੁਹਾਡਾ ਕੁਝ ਖ਼ਰਚ ਨਹੀਂ ਕਰਵਾਣਾ ਚਾਹੁੰਦੀ ।
ਕਪੂਰ : ਜੇ ਮੇਰੀ ਮਰਜ਼ੀ ਦੇ ਖ਼ਿਲਾਫ ਚੱਲੇਂਗੀ ਤਾਂ ਮੈਂ ਫੁੱਟੀ ਕੌਡੀ ਨਹੀਂ ਦਿਆਂਗਾ । ਯਾਦ ਰਖੀਂ ।
ਸੋਭਾ : ਧੀ ਲਈ ਵਿਦਿਆ ਦਾ ਦਾਨ ਹੀ ਸਭ ਤੋਂ ਵਧੀਆ ਦਾਜ ਹੈ ।
ਸ਼ਾਂਤੀ : ਤੂੰ ਭੋਲੀ ਏਂ ਬੱਚੀਏ, ਸਾਰੀ ਉਮਰ ਸਹੁਰੇ ਤਾਹਨੇ ਮਾਰਨਗੇ, ਜੇ ਘਰੋਂ ਬੁੱਚੀ ਜਾਏਂਗੀ ।
ਸੋਭਾ : ਮੈਂ ਆਪ ਕਮਾ ਕੇ ਕਸਰ ਪੂਰੀ ਕਰ ਦੇਵਾਂਗੀ । ਇਸ ਵੇਲੇ ਮੈਨੂੰ ਕੇਵਲ ਤੁਹਾਡੀਆਂ ਸ਼ੁਭ ਇੱਛਾਵਾਂ ਦੀ ਲੋੜ ਏ ।
ਕਪੂਰ : ਮੇਰੀ ਆਤਮਾ ਤੈਨੂੰ ਬਦ-ਦੁਆ ਦੇਵੇਗੀ ।
ਸਤੀਸ਼ : ਡੈਡੀ! ਐਨੇ ਉਪਭਾਵਕ ਨਾ ਹੋਵੋ, ਦਲੀਲ ਨਾਲ ਗੱਲ ਕਰੋ ।
ਕਪੂਰ : ਦਲੀਲ ਦਿਆ ਬਚਿਆ, ਵੱਡੇ ਤੋਂ ਵੱਡਾ ਫ਼ਲਾਸਫਰ ਅਜਿਹੀ ਹਾਲਤ ਵਿਚ ਜਜ਼ਬਾਤੀ ਹੋਣ ਤੋਂ ਰਹਿ ਨਹੀਂ ਸਕਦਾ । ਤੈਨੂੰ ਕੀ ਖ਼ਬਰ ਏ ਬੰਦੇ ਨੂੰ ਭੈੜੀ ਉਲਾਦ ਦਾ ਕਿੰਨਾ ਦੁਖ ਹੁੰਦਾ ਏ । ਮੈਨੂੰ ਰਹਿ ਰਹਿ ਕੇ ਖ਼ਿਆਲ ਆਉਂਦੇ, ਕਿੰਨੀਆਂ ਮੁਸ਼ਕਲਾਂ ਤੇ ਸਫ਼ਾਰਸ਼ਾਂ ਨਾਲ ਇਹ ਰਿਸ਼ਤਾ ਲਿਆ ਸੀ ।
ਸੋਭਾ : ਪਿਤਾ ਜੀ, ਸਫ਼ਾਰਸ਼ਾਂ ਨਾਲ ਦਿਲ ਨਹੀਂ ਜੋੜੇ ਜਾ ਸਕਦੇ ।
ਸਤੀਸ਼ : (ਓਹਲੇ) ਉਂਜ ਧਨ ਨਾਲ ਅੱਜ ਸਭ ਕੁਝ ਖ਼ਰੀਦਿਆ ਜਾ ਸਕਦੈ ।
ਸੋਭਾ : ਪਿਤਾ ਜੀ, ਮੈਂ ਤੁਹਾਡੀ ਹਰ ਸੰਭਵ ਤੇ ਯੋਗ ਗੱਲ ਮੰਨਣ ਨੂੰ ਤਿਆਰ ਹਾਂ ।
ਕਪੂਰ : (ਫੇਰ ਆਸਵੰਦ ਹੁੰਦਾ ਹੋਇਆ) ਅਸੀਂ ਕੋਈ ਪ੍ਰੇਮ-ਵਿਵਾਹ ਕੀਤਾ ਸੀ. ਦੇਖ ਲਓ ਵਾਹ ਵਾਹ ਨਿਭ ਗਈ ਏ ।
ਸਤੀਸ਼ : (ਓਹਲੇ) ਵਾਹ ਵਾਹ ਕਿਆ ਕਹਿਣੇ, ਬਘਿਆੜ ਤੇ ਬਕਰੀ ਦਾ ਜੋੜ ।
ਸੋਭਾ : ਪਿਤਾ ਜੀ, ਉਹ ਜ਼ਮਾਨਾ ਹੋਰ ਸੀ, ਫੇਰ ਮਾਤਾ ਜੀ ਪੜ੍ਹੇ ਹੋਏ ਨਹੀਂ ਸਨ ।
ਕਪੂਰ : ਪੜ੍ਹੀ ਅਨਪੜ੍ਹ ਦਾ ਕੀ ਫ਼ਰਕ ਏ ।
ਸਤੀਸ਼ : ਬਹੁਤ ਭਾਰੀ ! ਜੇ ਉਸ ਸਮੇਂ ਵਿਆਹੁਤਾ ਨੂੰ ਪਤਾ ਵੀ ਹੁੰਦਾ ਸੀ ਕਿ ਉਸ ਦਾ ਲਾੜਾ ਨਾਲਾਇਕ ਏ, ਗੁਸੈਲ ਸੁਭਾ ਏ, ਸ਼ਰਾਬੀ ਕਬਾਬੀ ਤੇ ਜੂਏਬਾਜ਼ ਏ ਤਾਂ ਵੀ ਗਊ ਗਰੀਬਣੀ ਸਾਹ ਘੁਟ ਕੇ ਡੋਲੀ ਵਿਚ ਪੈ ਜਾਂਦੀ ਸੀ ।
ਕਪੂਰ : ਸਾਡੇ ਦੇਸ ਵਿਚ ਅਗੇ ਵੀ ਕਚਹਿਰੀ ਨਾਲੋਂ ਧਰਮ ਅਨੁਸਾਰ ਹੋਈਆਂ ਸ਼ਾਦੀਆਂ



ਜ਼ਿਆਦਾ ਨਿਭਦੀਆਂ ਨੇ ।
ਸੋਭਾ : ਇਹ ਪਾਲਣਾ ਤੇ ਪੜ੍ਹਾਈ ਤੇ ਨਿਰਭਰ ਏ ਪਿਤਾ ਜੀ, ਵਿਆਹ ਦੀ ਮੁੱਢਲੀ ਸ਼ਰਤ ਦੋ ਧਿਰਾਂ ਦੀ ਰਜ਼ਾਮੰਦੀ ਜ਼ਰੂਰੀ ਏ ।
ਸਤੀਸ਼ : ਘਟੋ ਘਟ ਧੱਕੇਸ਼ਾਹੀ ਨਹੀਂ ਹੋਣੀ ਚਾਹੀਦੀ ।
ਕਪੂਰ : ਧੱਕੇਸ਼ਾਹੀ ਦਾ ਬੱਚਾ ਨਾ ਹੋਵੇ ਤਾਂ ।

ਟੈਲੀਫੋਨ ਦੀ ਘੰਟੀ ਵਜਦੀ ਹੈ ।

ਸਤੀਸ਼ : ਤੁਸੀਂ ਕਰੋ ਗੱਲ ਮੈਂ ਸੁਣਦਾ ।
ਕਪੂਰ : ਬੈਠਦਾ ਕਿ ਨਹੀਂ ।
ਸਤੀਸ਼ : ਡੈਡੀ, ਮੈਂ ਬੁਲਾ ਲਵਾਂਗਾ ਜੇ ਤੁਹਾਡਾ ਹੋਇਆ ਤਾਂ ।
ਕਪੂਰ : ਠਾਹਿਰ ਜਾ ਤੈਨੂੰ ਕਿਹੈ । ਕਿਸੇ ਅਫ਼ਸਰ ਤੋਂ ਵਕਤ ਲੈਣਾ ਏਂ । ਹੋਰ ਉਲਟ ਪੁਲਟ ਬੋਲ ਪਵੇਂਗਾ । ਮੈਨੂੰ ਪਤੈ, ਜਿੰਨੀ ਕੁ ਅਕਲ ਦਾ ਤੂੰ ਮਾਲਕ ਏਂ ।
ਸ਼ਤੀਸ਼ : (ਕਪੂਰ ਦੇ ਜਾਣ ਪਿਛੋਂ) ਮੱਮੀ, ਹੋਇਆ ਕੰਮ ਖ਼ਰਾਬ, ਮਸਾਂ ਮਸਾਂ ਗੱਲ ਠੰਡੀ ਪੈਣ ਲੱਗੀ ਸੀ ।
ਸੋਭਾ : ਕਿਉਂ ਕੀ ਹੋ ਗਿਆ ?
ਸਤੀਸ਼ : ਜ਼ਰੂਰ, ਡੈਡੀ ਵਲੋਂ ਸਹੇੜੇ ਤੇਰੇ ਸਹੁਰੇ ਦਾ ਹੋਣਾ ਏ ।
ਸੋਭਾ : (ਮਾਂ ਨੂੰ) ਇਥੋਂ ਹੋ ਕੇ ਗਿਆ ਏ ?
ਸ਼ਾਂਤੀ : ਆਇਆ ਤਾਂ ਸੀ, ਕਾਕੇ ਨੇ ਗੱਲੀਂ ਬਾਤੀਂ ਟਾਲ ਛਡਿਆ ।
ਸਤੀਸ਼ : ਹੁਣ ਉਨ੍ਹਾਂ ਦਾ ਪਾਰਾ ਸਗੋਂ ਚੜ੍ਹ ਜਾਣਾ ਏਂ । ਬਹੁਤ ਬੁਰੀ ਗੱਲ ਹੋਈ ਏ । ਮੈਨੂੰ ਪਤਾ ਹੁੰਦਾ, ਮੈਂ ਰਸੀਵਰ ਹੀ ਥੱਲੇ ਰਖ ਦੇਣਾ ਸੀ ।
ਸੋਭਾ : ਸ਼ਾਇਦ ਕਿਸੇ ਹੋਰ ਦਾ ਹੋਵੇ ।
ਸਤੀਸ਼ : ਜਿਸ ਗੱਲ ਦਾ ਡਰ ਹੋਵੇ, ਉਹੋ ਹੋ ਕੇ ਰਹਿੰਦੀ ਏ ।

ਕਪੂਰ ਘਬਰਾਹਟ ਵਿਚ ਆਉਂਦਾ ਹੈ । ਸਾਰੇ ਚੁੱਪ ਹੋ ਜਾਂਦੇ ਹਨ ਅਤੇ ਕਪੂਰ ਵਲ ਕਿਸੇ ਉਡੀਕ ਵਿਚ ਦੇਖਦੇ ਹਨ ।

ਕਪੂਰ : ਓਸ ਲੜਕੇ ਦੇ ਪਿਉ ਦਾ ਸੀ । ਘਰ ਆਇਆ ਸੀ ?
ਸਤੀਸ਼ : (ਝਟ ਪਟ) ਆਏ ਸਨ । ਅਸੀਂ ਬਥੇਰਾ ਕਿਹਾ, 'ਬੈਠੋ ਤਸ਼ਰੀਫ਼ ਰਖੋ, ਚਾਹ ਪਾਣੀ ਪੀਓ, ਹੁਣੇ ਆ ਜਾਂਦੇ ਨੇ', ਪਰ ਉਹ ਝਟ ਪਟ ਉਠ ਕੇ ਚਲੇ ਗਏ ।
ਕਪੂਰ : ਹੁਣ ਫੇਰ ਆ ਰਿਹਾ ਏ ।
ਸ਼ਾਂਤੀ : (ਡਰ ਦੇ ਭਾਵ ਨਾਲ) ਫੇਰ ਆ ਰਿਹਾ ਏ ਘਰ ?

ਸਤੀਸ਼ : ਡੈਡੀ, ਤੁਸਾਂ ਰੋਕਣਾ ਸੀ ।

ਕਪੂਰ : ਓਸ ਮੇਰੀ ਗੱਲ ਈ ਨਹੀਂ ਸੁਣੀ, 'ਘਰ ਦੀ ਰਹਿਣਾ ਮੈਂ ਆਇਆ' ਕਹਿ ਕੇ ਇਕ ਦਮ ਬੰਦ ਕਰ ਦਿਤਾ ।

ਸਤੀਸ਼ : ਜੇ ਹੁਕਮ ਦਿਓ ਤਾਂ ਮੈਂ ਗੇਟ ਤੇ ਰੋਕਾਂ ।

ਕਪੂਰ : ਤੂੰ ਬੈਠਾ ਰਹੁ ਚੁੱਪ ਕਰਕੇ । ਦੱਸ, ਮੈਂ ਕਿਹੜੇ ਮੂੰਹ ਨਾਲ ਓਸ ਭਲੇਮਾਣਸ ਨਾਲ ਗੱਲ ਕਰਾਂਗਾ ।

ਸਤੀਸ਼ : ਮੈਨੂੰ ਆਗਿਆ ਦਿਓ ਮੈਂ ਆਪੇ ਤਸੱਲੀ ਕਰ ਦਿਆਂਗਾ, ਜੇ ਮੁੜ ਕੇ ਆ ਗਿਆ ਤਾਂ ਆਖਣਾ ।

ਕਪੂਰ : ਬੇਸ਼ਰਮਾ, ਤੂੰ ਜ਼ਰੂਰ ਮੈਥੋਂ ਮਾਰ ਖਾ ਲੈਣੀ ਏਂ ।

ਸਤੀਸ਼ : ਮੇਰੇ ਅੱਗੇ ਹੀ ਰਾਤ ਦੇ ਮੌਰ ਫਰਕਦੇ ਨੇ ।

ਕਪੂਰ : (ਜ਼ਰਾ ਕੁ ਮੁਸਕ੍ਰਾ ਕੇ) ਜਾਹ ਘੜੀ ਪਲ ਲਈ ਅੰਦਰ ਚਲਾ ਜਾਹ ।

ਸਤੀਸ਼ : ਡੈਡੀ, ਅੱਗੇ ਨੂੰ ਜਿਵੇਂ ਹੁਕਮ ਕਰੋਗੇ, ਮੰਨਾਂਗਾ । ਪਰ ਅੱਜ ਮੈਂ ਕਿਸੇ ਸੂਰਤ ਨਹੀਂ ਜਾ ਸਕਦਾ । ਭਾਵੇਂ ਤੁਸੀਂ ਮੇਰਾ ਢੀਠਪੁਣਾ ਸਮਝੋ । ਭੈਣ ਦੀ ਕਿਸਮਤ ਦਾ ਫ਼ੈਸਲਾ ਹੋ ਰਿਹਾ ਏ । ਜਿੰਨਾ ਤੁਹਾਡਾ ਹੱਕ ਏ, ਉਸ ਨਾਲੋਂ ਬਹੁਤਾ ਮੇਰਾ ਏ । ਕਿਉਂਕਿ ਭੈਣ ਨਾਲ ਬਹੁਤਾ ਚਿਰ ਵਾਹ ਤਾਂ ਮੇਰਾ ਹੀ ਪੈਣਾ ਏਂ । ਇਕੋ ਇਕ ਦੁਖੀ ਭੈਣ ਦੇਖ ਕੇ ਮੈਂ ਕਿਸ ਤਰ੍ਹਾਂ ਸੁਖ ਦੀ ਨੀਂਦ ਸੌਂ ਸਕਾਂਗਾ ।

ਸ਼ਾਂਤੀ : ਇਹ ਤਾਂ ਝੱਲਾ ਏ, ਬੋਲੀ ਜਾਣ ਦਿਓ ।

ਕਪੂਰ : ਹੁਣ ਬੋਲੀ ਏਂ ਕਬਰ ਵਿਚੋਂ ਤੂੰ ਨਹੀਂ ਸਮਝ ਸਕਦੀ ਏਸ ਜ਼ਿਦਲ ਧੀ ਨੂੰ ।

ਸ਼ਾਂਤੀ : ਮੈਂ ਇਹਨੂੰ ਬੰਨ੍ਹ ਕੇ ਬਹਾ ਦਿਆਂਗੀ । ਜੇ ਧੀ ਪੁੱਤ ਆਖੇ ਵਿਚ ਨਾ ਹੋਣ ਤਾਂ ਦਫ਼ਾ ਕਰੋ । ਤੁਸੀਂ ਕਿਉਂ ਆਪਣੀ ਤਬੀਅਤ ਤੇ ਦਬਾਅ ਪਾਉਂਦੇ ਓ ।

ਸਤੀਸ਼ : ਕਿੰਨੀ ਸਿਆਣੀ ਗੱਲ ਕੀਤੀ ਏ ਮੰਮੀ ਨੇ ।

ਕਪੂਰ : ਚੰਗਾ ਸੁਣ ਲਵੋ ਮੇਰਾ ਦੋ ਟੁਕ ਫ਼ੈਸਲਾ (ਗੁੱਸੇ ਨਾਲ ਅੱਖਾਂ ਲਾਲ ਕਰਦਾ ਹੋਇਆ) ਤੁਸੀਂ ਪਿਉ ਦਾਦੇ ਦੀ ਉਮਰ ਦੀ ਬਣੀ ਬਣਾਈ ਇੱਜ਼ਤ ਮਿੱਟੀ ਵਿਚ ਰੋਲਣ ਲਈ ਤੁਲੇ ਹੋਏ ਓ, ਜੇ ਤੁਸੀਂ ਮੇਰਾ ਕਹਿਣਾ ਨਹੀਂ ਮੰਨਣਾ ਤਾਂ ਅੱਜ ਤੋਂ ਮੇਰੇ ਕੁਝ ਨਹੀਂ ਲਗਦੇ ।

ਸੋਭਾ : ਡੈਡੀ, ਇੱਜ਼ਤ ਵਾਲਾ ਸਵਾਲ ਵੀ ਤੁਹਾਡਾ ਵਹਿਮ ਏ । ਦੁਨੀਆਂ ਦਮੂਹੀਂ ਏਂ, ਇਸ ਨੂੰ ਕੋਈ ਖ਼ੁਸ਼ ਨਹੀਂ ਕਰ ਸਕਦਾ । ਅਸਲ ਵਿਚ ਲੋਕ ਲੱਜਿਆਂ ਤੇ ਮੇਰੀ ਜ਼ਿੰਦਗੀ ਦਾ ਸਵਾਲ ਏ । ਜਾਂ ਫੇਰ ਤੁਹਾਡੇ ਮਨ ਵਿਚ ਕੋਈ ਆਰਥਕ ਲਾਭ......



ਸ਼ਾਂਤੀ : ਇਕ ਦਿਨ ਨੂੰ ਤਾਂ ਲਿਫਣਾ ਈ ਪਵੇਗਾ ।

ਸਤੀਸ਼ : (ਉਹਲੇ) ਸੋਭਾ ਵੀ ਪਿਉ ਦੀ ਧੀ ਏ ।

ਕਪੂਰ : (ਗੁੱਸੇ ਨਾਲ) ਸੋਚ ਸਮਝ ਲੈ ਚੰਗੀ ਤਰ੍ਹਾਂ । ਇਕ ਪਾਸੇ ਮਾਂ ਬਾਪ ਨੇ, ਦੂਜੇ ਪਾਸੇ ਆਪ ਹੁਦਰਾਪਨ ਏ ।

ਸੋਭਾ : ਆਪ ਹੁਦਰਾਪਨ ਤੇ ਨਾ ਆਖੋ ਪਿਤਾ ਜੀ, ਕੇਵਲ ਵਰ ਦੀ ਚੋਣ ਦਾ ਅਧਿਕਾਰ ਮੰਗ ਰਹੀ ਆਂ ਵੀਹਵੀਂ ਸਦੀ ਵਿਚ । ਪ੍ਰਾਚੀਨ ਕਾਲ ਵਿਚ ਵੀ ਲੜਕੀਆਂ ਨੂੰ ਇਹ ਅਧਿਕਾਰ ਦਿਤਾ ਜਾਂਦਾ ਸੀ ।

ਸਤੀਸ਼ : ਨਾਲੇ ਇਕ ਪਾਸੇ ਬਾਪ ਆਖੋ ਜੀ । ਮਾਂ ਤਾਂ ਵਿਚਾਰੀ ਨੀਊਟਰਲ ਏ । ਤੇ ਭਰਾ ਦੀ ਵੋਟ ਸੋਭਾ ਦੇ ਹੱਕ ਵਿਚ ਏ ।

ਕਪੂਰ : ਏਸ ਕੁੱਤੇ ਨੇ ਕੋਈ ਗੱਲ ਨਹੀਂ ਸਿਰੇ ਚੜ੍ਹਨ ਦੇਣੀ ।

ਸਤੀਸ਼ : ਦੋ ਚਾਰ ਗਾਲ੍ਹਾਂ ਹੋਰ ਕੱਢ ਲਓ, ਗੁੱਸਾ ਠੰਡਾ ਹੋਣ ਨਾਲ ਸ਼ਾਇਦ ਸੋਭਾ ਦਾ ਭਲਾ ਹੋ ਜਾਵੇ ।

ਕਪੂਰ : ਬੇਸ਼ਰਮਾ, ਤੂੰ ਨਾ ਹੁੰਦਾ ਤਾਂ ਗੱਲ ਕਦੇ ਇਥੋਂ ਤਕ ਨਾ ਪੁੱਜਦੀ ।

ਸਤੀਸ਼ : ਫੇਰ ਤੁਸੀਂ ਸੋਭਾ ਨੂੰ ਸੌਖੀ ਤਰ੍ਹਾਂ ਨਰੜ ਦਿੰਦੇ, ਹੈ ਨਾ! ਡੈਡੀ, ਇਹ ਤੁਹਾਡਾ ਭੁਲੇਖਾ ਏ ।

ਸੋਭਾ : ਸਤੀਸ਼ ਚੁੱਪ ਰਹੁ ।

ਕਪੂਰ : ਮੈਂ ਤੁਹਾਨੂੰ ਦੋਹਾਂ ਨੂੰ ਬੇਦਖ਼ਲ ਕਰ ਕੇ ਸਾਰੀ ਜਾਇਦਾਦ ਫੂਕ ਕੇ ਮਰਾਂਗਾ ।

ਸ਼ਾਂਤੀ : ਕੀ ਹੋ ਗਿਆ ਤੁਹਾਨੂੰ ਅੱਜ ।

ਸੋਭਾ : ਪਿਤਾ ਜੀ, ਮੈਂ ਤਾਂ ਇਸ ਘਰੋਂ ਇਕ ਲੀਰ ਵੀ ਨਹੀਂ ਲਿਜਾਣਾ ਚਾਹੁੰਦੀ ।

ਕਪੂਰ : (ਉਪਭਾਵਕ ਹੁੰਦਾ ਹੋਇਆ) ਮਾਂ ਬਾਪ ਬੱਚਿਆਂ ਨੂੰ ਪਾਲਦੇ ਨੇ, ਪੜ੍ਹਾਉਂਦੇ ਨੇ ।

ਸੋਭਾ : ਇਹ ਕੋਈ ਨਵੀਂ ਗੱਲ ਨਹੀਂ । ਤੁਸਾਂ ਆਪਣਾ ਫਰਜ਼ ਨਿਭਾਇਆ ਏ । ਤੁਹਾਡੇ ਪਿਤਾ ਨੇ ਤੁਹਾਨੂੰ ਪੜ੍ਹਾਣ ਲਈ ਬਾਹਰ ਭੇਜਿਆ ਸੀ ।

ਕਪੂਰ : ਮੈਂ ਆਪਣੇ ਪਿਉ ਦੇ ਬਰਖ਼ਿਲਾਫ਼ ਕਦੇ ਕੋਈ ਕਦਮ ਨਹੀਂ ਪੁੱਟਿਆ । ਨਾ-ਸ਼ੁਕਰਾ ਨਹੀਂ ਬਣਿਆ ।

ਸੋਭਾ : ਸਾਡੇ ਵੀ ਦਿਲਾਂ ਵਿਚ ਤੁਹਾਡੇ ਲਈ ਅਪਾਰ ਸ਼ਰਧਾ ਤੇ ਸਤਿਕਾਰ ਏ ।

ਕਪੂਰ : ਸਭ ਪਖੰਡ ਤੇ ਦਿਖਲਾਵਾ ਏ । ਲੱਖ ਲਾਹਨਤ ਹੈ ਐਸੀ ਉਲਾਦ ਦੇ ।

ਸੋਭਾ : ਇਸ ਵਿਚ ਤੁਹਾਡਾ ਦੋਸ਼ ਹੋ ਸਕਦੇ ਪਿਤਾ ਜੀ ।

ਕਪੂਰ : ਮੈਂ ਤੈਨੂੰ ਏਸ ਕਰ ਕੇ ਪੜ੍ਹਾਇਆ ਸੀ ਤਾਂ ਜੋ ਵੱਡੀ ਹੋ ਕੇ ਮਾਂ ਬਾਪ ਦੀ ਮਿੱਟੀ ਪੁੱਟੇਂ ।

ਸ਼ੋਭਾ : ਪਿਤਾ ਜੀ, ਤੁਸੀਂ ਵੀ ਨਿਆਂ ਨਹੀਂ ਕਰ ਰਹੇ, ਜ਼ਬਾਨ ਬਖ਼ਸ਼ ਕੇ ਹੁਣ ਚੁੱਪ ਰਹਿਣ ਦਾ ਹੁਕਮ ਦਿੰਦੇ ਓ । ਅਧਿਕਾਰਾਂ ਦੀ ਸੋਝੀ ਕਰਵਾ ਕੇ ਹੁਣ ਅਧਿਕਾਰ ਖੋਂਹਦੇ ਓ ।

ਕਪੂਰ : ਨਿਆਂ ਦੀ ਬੱਚੀ ਨਾ ਹੋਵੇ ਤਾਂ ।

ਸ਼ਾਂਤੀ : ਸ਼ੋਭਾ, ਤੂੰ ਚੁੱਪ ਰਹੁ । ਇਨ੍ਹਾਂ ਦੀ ਤਬੀਅਤ ਘਬਰਾਹਟ ਵਿਚ ਆ ਗਈ ਏ ।

ਕਪੂਰ : (ਗੁੱਸੇ ਨਾਲ ਕੰਬਦਾ ਹੋਇਆ) ਆਖ਼ਰੀ ਵਾਰ ਸੁਣ ਲਓ ਕੰਨ ਖੋਲ੍ਹ ਕੇ । ਆਓ ਟਲ ਜਾਓ ਆਪਣੀ ਆਈ ਤੋਂ । ਮੈਂ ਬਹੁਤ ਜ਼ਿੱਦੀ ਆਦਮੀ ਆਂ, ਮੇਰਾ ਗ਼ੁੱਸਾ ਚੰਡਾਲ ਏ । ਸਾਰੀ ਉਮਰ ਪਛਤਾਓਗੇ ।

ਸਤੀਸ਼ : ਡੈਡੀ, ਸਾਨੂੰ ਦੁਖੀ ਦੇਖ ਕੇ ਸੁਖੀ ਤੁਸੀਂ ਵੀ ਨਹੀਂ ਰਹਿਣ ਲੱਗੇ ।

ਕਪੂਰ : ਕੁਪੱਤਿਆ, ਜਿੱਦਾਂ ਤੂੰ ਮੇਰੀ ਆਤਮਾ ਤਾਈ ਏ, ਅਖ਼ੀਰ ਉਮਰੇ ਝੁਰ ਝੁਰ ਕੇ ਨਾ ਮਰਿਆ ਤਾਂ ਮੈਨੂੰ ਆਖੀਂ ।

ਸ਼ੋਭਾ : ਪਿਤਾ ਜੀ, ਕਿਸੇ ਦੀ ਵੀ ਆਤਮਾ ਅੱਜ ਸ਼ਾਂਤ ਨਹੀਂ ।

ਸਤੀਸ਼ : ਸੁਖੀ ਓਹੀ ਏ ਜਿਹੜਾ ਸਮੇਂ ਅਨੁਸਾਰ ਬਦਲਦਾ ਏ ।

ਕਪੂਰ : ਜਾਓ ਮੇਰੀਆਂ ਅੱਖਾਂ ਤੋਂ ਦੂਰ ਹੋ ਜਾਓ ।

ਸਤੀਸ਼ : ਤੁਸੀਂ ਅੱਖਾਂ ਬੰਦ ਕਰ ਲਓ, ਅਸੀਂ ਚਲੇ ਗਏ ਸਮਝੋ ।

ਕਪੂਰ : (ਗੁੱਸੇ ਦੇ ਪਾਗਲਪਨ ਵਿਚ) ਠਹਿਰ ਜਾ, ਤੇਰਾ ਗੁਸਤਾਖ਼ ਮੂੰਹ ਤਾਂ ਸਦਾ ਲਈ ਬੰਦ ਕਰ ਦਿਆਂ ।

ਸਤੀਸ਼ ਦੇ ਜ਼ੋਰ ਨਾਲ ਮੁੱਕਾ ਮਾਰਦਾ ਹੈ ।

ਸ਼ੋਭਾ : (ਵਿਚਾਲੇ ਹੋ ਕੇ) ਪਿਤਾ ਜੀ ! ਮੇਰੀ ਖ਼ਾਤਰ ਉਹਨੂੰ ਕਿਉਂ ਮਾਰਦੇ ਓ । ਲਓ ਮੇਰਾ ਗਲਾ ਘੁਟੋ । ਝਗੜਾ ਮੁਕ ਜਾਵੇ ।

ਸ਼ਾਂਤੀ : ਕੀ ਝਲ ਚੜ੍ਹ ਗਿਐ ਅੱਜ ਤੁਹਾਨੂੰ ।

ਕਪੂਰ : ਨਿਕਲ ਜਾ ਇਸੇ ਵੇਲੇ ਮੇਰੇ ਘਰੋਂ ।

ਸ਼ਾਂਤੀ : ਹਾਏ, ਧੀਆਂ ਨੂੰ ਵੀ ਕੋਈ ਏਸ ਤਰ੍ਹਾਂ ਘਰੋਂ ਕਢਦਾ ਏ ।

ਕਪੂਰ : ਇਹ ਧੀ ਨਹੀਂ ਧਾੜਾ ਏ । ਮੈਂ ਇਹਦੀ ਸ਼ਕਲ ਵੀ ਨਹੀਂ ਦੇਖਣੀ ਚਾਹੁੰਦਾ ।

ਸ਼ਾਂਤੀ : ਧੀਏ, ਤੂੰ ਈ ਹਠ ਛਡ, ਕਿਉਂ ਕਲੇਸ਼ ਵਧਾਉਂਦੀ ਏਂ ।

ਸ਼ੋਭਾ : (ਹੌਲੀ) ਮਾਂ ਜੀ, ਮੈਂ ਹੋਸ਼ ਹਵਾਸ ਵਿਚ ਆਂ । ਗ਼ੁੱਸੇ ਅੱਗੇ ਝੁਕ ਕੇ ਮੈਂ ਕਿਉਂ



ਗ਼ਲਤ ਕਦਮ ਪੁੱਟਾਂ ।

ਕਪੂਰ : ਖ਼ਬਰੇ ਕੌਣ ਏ ਲੁੱਚਾ, ਸ਼ੋਹਦਾ, ਕੀ ਇਹਦੇ ਸਿਰ ਧੂੜ ਦਿੱਤਾ ।

ਸ਼ੋਭਾ : ਪਿਤਾ ਜੀ, ਮੈਨੂੰ ਜੋ ਮਰਜ਼ੀ ਏ ਆਖ ਲਵੋ ।

ਸਤੀਸ਼ : ਡੈਡੀ, ਇਹ ਗੱਲਾਂ ਨਹੀਂ ਤੁਹਾਨੂੰ ਸੋਭਦੀਆਂ ।

ਕਪੂਰ : ਸੋਭਦੀਆਂ ਦਾ ਪੁੱਤਰ ਨਾ ਹੋਵੇ ਤਾਂ, ਦਫ਼ਾ ਨਹੀਂ ਹੁੰਦਾ । ਇਹੋ ਜਿਹੀ ਗੰਦੀ ਉਲਾਦ ਤਾਂ ਰੱਬ ਦੁਸ਼ਮਣ ਨੂੰ ਵੀ ਨਾ ਦੇਵੇ ।

ਸਤੀਸ਼ : ਤਿਆਰ ਹੋ ਜਾ ਸ਼ੋਭਾ, ਤੈਨੂੰ ਖ਼ਾਲੀ ਹੱਥ ਏਸ ਘਰੋਂ ਜਾਣਾ ਪੈਣਾ ਏਂ, ਮੈਂ ਆਇਆ ਹੁਣੇ ।

ਸ਼ੋਭਾ : ਮੈਂ ਤਾਂ ਕੋਈ ਆਸ ਈ ਨਹੀਂ ਸੀ ਰੱਖੀ । ਕੇਵਲ ਅਸੀਸ ਲੈਣ ਆਈ ਸਾਂ ਬਾਬਲ ਦੀ ।

ਕਪੂਰ : ਅਜੇ ਅਸੀਸ ਮੰਗਦੀ ਏਂ ਜਿੱਦਾਂ ਤੂੰ ਸਾਡੀ ਆਤਮਾ ਨੂੰ ਤਾਇਆ ਏ, ਤੂੰ ਵੀ ਆਪਣੀ ਉਲਾਦ ਹੱਥੋਂ ਇਸੇ ਤਰ੍ਹਾਂ ਦੁਖੀ ਹੋਵੇਂਗੀ ।

ਸ਼ੋਭਾ : ਮਾਪਿਆਂ ਦੀਆਂ ਦੁਰ-ਸੀਸਾਂ ਵੀ ਅਸੀਸਾਂ ਸਮਾਨ ਹੁੰਦੀਆਂ ਨੇ ।

ਕਪੂਰ : ਜਿਹੜੇ ਮਾਂ ਬਾਪ ਹੋਣ ਉਨ੍ਹਾਂ ਦੀਆਂ । ਤੁਸੀਂ ਸਾਡੇ ਕੁਝ ਨਹੀਂ ਲਗਦੇ. ਵੈਰੀ ਓ, ਦੁਸ਼ਮਣ ਓ ।

ਸ਼ਾਂਤੀ : ਹਾਏ, ਕੀ ਬੋਲੀ ਜਾਂਦੇ ਓ !

ਕਪੂਰ : ਪੜ੍ਹ ਲਿਖ ਕੇ ਲੱਗੀ ਏ ਸਾਡੀ ਸ਼ੋਭਾ ਵਧਾਉਣ । ਇਹ ਜਹਾਨ ਤੋਂ ਵਖਰੀ ਧੀ ਪੈਦਾ ਹੋਈ ਏ । ਸਿਰ ਫਿਰ ਗਿਐ ਬਹੁਤੀ ਪੜ੍ਹਾਈ ਨਾਲ ।

ਸ਼ੋਭਾ : ਅੱਛਾ ਮੰਮੀ, ਅਸੀਂ ਚਲਦੇ ਆਂ । ਬਹੁਤ ਵਕਤ ਹੋ ਗਿਆ ਏ ।

ਕਪੂਰ : ਫੇਰ ਡੈਣੇਂ ਇਥੇ ਕੀ ਲੈਣ ਆਈ ਸੈਂ । ਮਰਦੀ ਓਧਰ ਈ । ਅੱਖਾਂ ਤੋਂ ਪਰੇ ਬੰਦਾ ਸਭ ਕੁਝ ਜਰ ਲੈਂਦਾ ਏ ।

ਸ਼ੋਭਾ : (ਲੀਲਾ ਨੂੰ) ਬੁਲਾ ਉਨ੍ਹਾਂ ਨੂੰ ਅੰਦਰੋਂ ।

ਕਪੂਰ : ਉਹ ਭੜੂਆ ਅੰਦਰ ਈ ਲੁਕਾਇਆ ਹੋਇਆ ਸੀ । ਕਿੱਥੇ ਐ !

ਸਤੀਸ਼ : (ਬੁਸ਼ਰਟ ਪਾਉਂਦਾ ਹੋਇਆ) ਡੈਡੀ, ਅਸੀਂ ਹੁਣ ਤੁਹਾਡੇ ਲਗਦੇ ਤਾਂ ਕੁਝ ਹੈ ਹੀ ਨਹੀਂ । ਜੇ ਤੁਸੀਂ ਪ੍ਰਾਹੁਣੇ ਦੀ ਬੇਇੱਜ਼ਤੀ ਕਰੋਗੇ ਤਾਂ ਖ਼ਰਾਬੀ ਹੋਵੇਗੀ ।

ਕਪੂਰ : (ਗੁੱਸੇ ਨਾਲ ਕੰਬਦਾ ਹੋਇਆ) ਕੀ ਕਰੇਂਗਾ ਉਇ ਤੂੰ ? ਹੱਥ ਚੁਕੇਂਗਾ ?

ਸਤੀਸ਼ : (ਸ਼ੋਭਾ ਦਾ ਹੱਥ ਹਟਾਉਂਦਾ ਹੋਇਆ) ਰੋਕ ਤਾਂ ਕਰਾਂਗਾ ਹੀ ਨਾ । ਅਗੇ ਤਾਂ ਅਸੀਂ ਸਿਰ ਸੁਟ ਕੇ ਸਹੀ ਗਏ ਆਂ ।

ਕਪੂਰ : (ਗੁੱਸੇ ਦੇ ਪਾਗਲਪਨ ਵਿਚ) ਚਿਤ ਕਰਦੈ ਦੋਹਾਂ ਨੂੰ ਸ਼ੂਟ ਕਰ ਦਿਆਂ ਤੇ ਆਪ ਮਾਰ ਕੇ ਮਰ ਜਾਵਾਂ।

ਸ਼ਾਂਤੀ : ਹਾਏ ! ਮੈਂ ਕੀ ਕਰਾਂ ! ਮੈਂ ਉਦੋਂ ਈ ਕਹਿੰਦੀ ਸੀ ਤਬੀਅਤ ਤੇ ਜ਼ੋਰ ਨਾ ਪਾਓ।

ਕਪੂਰ : ਪਰੇ ਹਟ ਜਾ ! ਕਝ ਨਹੀਂ ਹੋਇਆ ਮੈਨੂੰ। ਲਾ ਲੈਣ ਦੇ ਜਿਹੜਾ ਜ਼ੋਰ ਲਗਦੈ, ਇਹ ਸ਼ਾਦੀ ਮੈਂ ਵੀ ਨਹੀਂ ਹੋਣ ਦਿਆਂਗਾ !

ਕਪੂਰ ਇਕ ਦਮ ਗੁੱਸੇ ਨਾਲ ਦਫ਼ਤਰ ਵਲ ਜਾਂਦਾ ਹੈ। ਸ਼ਾਂਤੀ ਘਰਰਾਹਟ ਵਿਚ ਅਵਾਕ ਹੈ। ਸ਼ੋਭਾ ਤੇ ਸਤੀਸ਼ ਹੋਰ ਗੰਭੀਰ ਹੋ ਜਾਂਦੇ ਹਨ। ਰਮੇਸ਼ ਚੁੱਪ ਚਾਪ ਅੰਦਰੋਂ ਆਉਂਦਾ ਹੈ। ਲੀਲਾ ਇਕ ਸੂਟ ਕੇਸ ਤੇ ਸਤਾਰ ਲਿਆਉਂਦੀ ਹੈ।

ਸ਼ੋਭਾ : ਲੀਲਾ, ਰੱਖ ਦੇ ਇਹ ਸਭ ਚੀਜ਼ਾਂ। ਮੈਂ ਇਸ ਘਰੋਂ ਕਿਸੇ ਚੀਜ਼ ਦੀ ਹੱਕਦਾਰ ਨਹੀਂ ਰਹੀ।

ਸਤੀਸ਼ : (ਕੰਘੀ ਨਾਲ ਵਾਲ ਠੀਕ ਕਰਦਾ ਹੋਇਆ) ਭੈਣ, ਇਹ ਸਤਾਰ ਤਾਂ ਤੈਨੂੰ ਇਨਾਮ ਵਿਚ ਮਿਲੀ ਸੀ।

ਸ਼ੋਭਾ : ਮੈਂ ਹੁਣ ਏਸ ਘਰੋਂ ਕੋਈ ਚੀਜ਼ ਵੀ ਲਿਜਾਣਾ ਨਹੀਂ ਚਾਹੁੰਦੀ।

ਲੀਲਾ ਹੱਥੋਂ ਸਤਾਰ ਫੜਦੀ ਹੈ। ਇਕ ਤਾਰ ਨੂੰ ਟੁਣਕਦੀ ਹੈ। ਬੜੀ ਦਰਦਨਾਕ ਧੁਨ ਨਿਕਲਦੀ ਹੈ। ਭਰੀਆਂ ਹੋਈਆਂ ਅੱਖਾਂ ਨਾਲ ਸਤਾਰ ਨੂੰ ਮੇਜ਼ ਤੇ ਰਖ ਦਿੰਦੀ ਹੈ।

ਸਤੀਸ਼ : ਮੰਮੀ, (ਸ਼ੋਭਾ ਦਾ ਹੱਥ ਉਹਦੇ ਹੱਥ ਫੜਾਉਂਦਾ ਹੋਇਆ) ਪੁੰਨ ਕਰੋ ਛੇਤੀ।

ਸ਼ਾਂਤੀ : (ਹੱਥ ਛੱਡ ਕੇ) ਹਟ ਜਾਓ, ਮੈਨੂੰ ਨਾ ਸਤਾਓ।

ਸ਼ੋਭਾ : ਕੀ ਇਹ ਜ਼ਰੂਰੀ ਏ ?

ਸਤੀਸ਼ : ਹਾਂ, ਬਹੁਤ ਜ਼ਰੂਰੀ, ਹਿੰਦੂ ਮਰਯਾਦਾ ਏ। ਮੰਮੀ, ਤੁਸੀਂ ਆਪਣਾ ਫ਼ਰਜ਼ ਨਿਭਾ ਦਿਓ, ਜੋ ਹੋਵੇਗੀ ਦੇਖੀ ਜਾਵੇਗੀ।

ਸ਼ੋਭਾ : ਮੰਮੀ ! (ਰੋਂਦੀ ਹੋਈ ਮਾਂ ਦੀ ਛਾਤੀ ਨਾਲ ਲਗ ਜਾਂਦੀ ਹੈ)।

ਸ਼ਾਂਤੀ : (ਭਰੀਆਂ ਹੋਈਆਂ ਅੱਖਾਂ ਤੇ ਗਲੇ ਨਾਲ ਹੌਲੀ ਹੌਲੀ ਸ਼ੋਭਾ ਦਾ ਹੱਥ ਰਮੇਸ਼ ਦੇ ਹੱਥ ਫੜਾ ਕੇ ਫੁਟ ਪੈਂਦੀ ਹੈ) ਜੀਂਦੇ ਰਹੋ !

ਸ਼ੋਭਾ : (ਭਰੀਆਂ ਹੋਈਆਂ ਅੱਖਾਂ ਨਾਲ ਇਕ ਗੁਲਾਬ ਦਾ ਫੁੱਲ ਤੋੜ ਕੇ) ਮੈਂ ਅਜ ਏਸ ਦੁਆਰ ਤੋਂ ਕੇਵਲ ਇਹ ਫੁੱਲ ਲਿਜਾ ਰਹੀ ਆਂ। (ਭਰੇ ਗਲੇ ਨਾਲ) ਏਸ ਫੁੱਲ ਵਾਂਗ ਮੈਂ ਬਾਬਲ ਦੀ ਸ਼ੋਭਾ ਵਧਾਉਣ ਦਾ ਪੂਰਾ ਯਤਨ ਕਰਾਂਗੀ। (ਫੁਟ ਪੈਂਦੀ ਹੈ)



ਕਾਰ ਦਾ ਹਾਰਨ ਵਜਦਾ ਹੈ।

ਸਤੀਸ਼ : ਲਓ ਉਹ ਦੁਸ਼ਟ ਫੇਰ ਆ ਗਿਆ ਜੇ !

ਸ਼ਾਂਤੀ : (ਅੰਦਰਲੇ ਡਰ ਨਾਲ ਕੰਬ ਕੇ) ਕੌਣ ?

ਲੀਲਾ : ਬਾਊ ਜੀ ਗੁੱਸੇ ਨਾਲ ਵਕੀਲ ਨੂੰ ਲੈ ਕੇ ਚਲ ਪਏ ਨੇ। ਉਹ ਵੀ ਨਾਲ ਰਲ ਗਿਆ ਏ। ਹੁਣ !

ਸ਼ਾਂਤੀ : ਹੁਣ ਕੀ ਬਣੇਗਾ ? ਅਜ ਜ਼ਰੂਰ ਕੁਝ ਹੋ ਕੇ ਰਵ੍ਹੇਗਾ ! ਕਿਤੇ ਕਚਹਿਰੀ ਵਿਚ ਈ ਨਾ......ਹਾਏ ! ਮੇਰਾ ਦਿਲ ਖੁਸਦਾ ਜਾਂਦਾ ਏ।

ਸਤੀਸ਼ : ਮੰਮੀ, ਘਬਰਾਓ ਨਾ ਪਿੰਜਰਿਉਂ ਉੱਡਿਆ ਪੰਛੀ ਮੁੜ ਹੱਥ ਨਹੀਂ ਆਉਂਦਾ, ਮਰ ਭਾਵੇਂ ਜਾਵੇ। (ਮੈਨਾ ਨੂੰ ਪਿੰਜਰੇ ਵਿਚੋਂ ਕੱਢ ਕੇ ਛਡਦਾ ਹੋਇਆ) ਮੈਨਾ, ਤੂੰ ਵੀ ਬੜੇ ਕਸ਼ਟ ਸਹੇ ਨੇ। ਤੇਰੀ ਆਤਮਾ ਕੁਮਲਾ ਰਹੀ ਸੀ । ਜਾਹ ਖੁਲ੍ਹੀਆਂ ਹਵਾਵਾਂ ਵਿਚ। ਖੁਲ੍ਹ ਹਰ ਜੀਵ ਲਈ ਪ੍ਰਾਣ ਨੇ।

ਸਤੀਸ਼, ਰਮੇਸ਼ ਤੇ ਲੀਲਾ ਤੁਰ ਪੈਂਦੇ ਹਨ। ਸ਼ਾਂਤੀ ਰੋਂਦੀ ਰੋਂਦੀ ਕੁਰਸੀ ਤੇ ਹੀ ਢੇਰੀ ਹੋ ਜਾਂਦੀ ਹੈ। ਸ਼ੋਭਾ ਭਰੀਆਂ ਹੋਈਆਂ ਅੱਖਾਂ ਨਾਲ ਕਦੇ ਗੁੱਸੇ ਵਿਚ ਅਗੇ ਅਗੇ ਜਾ ਰਹੇ ਪਿਤਾ ਵਲ ਅਤੇ ਕਦੇ ਮੁੜ ਕੇ ਕੁਰਸੀ ਤੇ ਪਈ ਰੋਂਦੀ ਮਾਂ ਵਲ ਵੇਖਦੀ ਹੈ।

ਪਰਦਾ

# ਨਾਟ ਦੂਜਾ

ਰਮੇਸ਼ ਚੰਦਰ ਐਡਵੋਕੇਟ ਦਾ ਚਾਰ ਕਮਰਿਆਂ ਵਾਲਾ ਮਕਾਨ। ਸਾਹਮਣੇ ਦੇ ਦੋ ਕਮਰਿਆਂ ਵਿਚੋਂ ਇਕ ਦਫਤਰ ਅਤੇ ਦੂਜਾ ਬੈਠਕ ਦੇ ਤੌਰ ਤੇ ਵਰਤਿਆ ਜਾਂਦਾ ਹੈ । ਦੋਹਾਂ ਕਮਰਿਆਂ ਦੇ ਅੱਗੇ ਬਰਾਂਡਾ ਹੈ। ਦੋਹਾਂ ਕਮਰਿਆਂ ਨੂੰ ਅੰਦਰੋਂ ਵੀ ਰਸਤਾ ਹੈ। ਟੈਲੀਫ਼ੋਨ ਦੋਹਾਂ ਕਮਰਿਆਂ ਵਿਚਕਾਰ ਇਕ ਆਲੇ ਵਿਚ ਪਿਆ ਹੈ।

ਪਰਦਾ ਉੱਠਣ ਸਮੇਂ ਬੈਠਕ ਵਿਚ ਰਮੇਸ਼ ਤੇ ਸੋਭਾ ਝਗੜ ਰਹੇ ਦਿਸਦੇ ਹਨ। ਲੀਲਾ ਘਬਰਾਈ ਹੋਈ ਹਾਲਤ ਵਿਚ ਤਿੰਨ ਕੁ ਸਾਲ ਦੇ ਬੱਚੇ ਨੂੰ ਕੁੱਛੜ ਚੁੱਕੀ ਦਰਵਾਜ਼ੇ ਨਾਲ ਕੰਨ ਲਾਈ ਖੜੀ ਹੈ।

ਮੁਨਸ਼ੀ ਦਾ ਖੰਘੂਰਾ ਸੁਣ ਕੇ ਦੋਵੇਂ ਇਕ ਦਮ ਚੁੱਪ ਹੋ ਜਾਂਦੇ ਹਨ। ਲੀਲਾ ਝਟ ਪਟ ਪਰੇ ਹੋ ਜਾਂਦੀ ਹੈ।

ਮੁਨਸ਼ੀ : (ਝਕਦਾ ਝਕਦਾ) ਜੀ, ਇਕ ਮਿੰਟ ਤਸ਼ਰੀਫ ਲਿਆਉਣਾ।

ਰਮੇਸ਼ : (ਰੁਖੀ ਤਰ੍ਹਾਂ) ਕੌਣ ਹੈ ?

ਮੁਨਸ਼ੀ : (ਪੇਸ਼ਾ ਵਰੀ ਮੁਸਕ੍ਰਾਹਟ ਨਾਲ), ਜੀ ਓਸ ਸਰਦਾਰ ਨਾਲ ਫ਼ੀਸ ਦਾ ਫ਼ੈਸਲਾ ਕਰਨੈਂ ।

ਰਮੇਸ਼ : ਉਹਨੂੰ ਆਖ ਜ਼ਰਾ ਬੈਠੇ।

ਮੁਨਸ਼ੀ : ਬਹੁਤ ਕਾਹਲਾ ਪਿਆ ਹੋਇਆ। (ਭੇਦ ਭਰੀ ਮੁਸਕ੍ਰਾਹਟ ਨਾਲ) ਜੀ ਪੈਸੇ ਲੈ ਕੇ ਆਇਆ ਹੋਇਐ, ਤਕੜੀ ਸਾਮੀ ਐ, ਕਿਤੇ ਖਿਸਕ ਨਾ ਜਾਵੇ।

ਰਮੇਸ਼ : ਚੰਗਾ ਚਲ ਉਹਨੂੰ ਬਿਠਾ। (ਸੋਭਾ ਨੂੰ) ਸੋਚ ਲਵੋ ਚੰਗੀ ਤਰ੍ਹਾਂ, ਮੇਰਾ ਤਾਂ ਦੋ ਟੁਕ ਫ਼ੈਸਲਾ ਏ।

ਰਮੇਸ਼ ਸੋਭਾ ਵਲ ਘ੍ਰਿਣਤ ਭਾਵ ਨਾਲ ਵੇਖਦਾ ਹੋਇਆ ਜਾਂਦਾ ਹੈ। ਲੀਲਾ ਅੰਦਰਲੇ ਦਰਵਾਜ਼ੇ ਥਾਣੀ ਆ ਕੇ ਝਟ ਪਟ ਬੂਹਾ ਭੀੜਦੀ ਹੈ ਅਤੇ ਫ਼ੋਨ ਆਲੇ ਤੋਂ ਹੇਠ ਕਰਦੀ ਹੈ।



ਸੋਭਾ : ਕਿਸ ਨੂੰ ਕਰਨ ਲਗੀ ਏਂ ?

ਲੀਲਾ : (ਉਂਗਲ ਦੇ ਇਸ਼ਾਰੇ ਨਾਲ) ਚੁੱਪ ! (ਹੌਲੀ) ਭਰਾ ਜੀ ਨੂੰ।

ਸੋਭਾ : ਕਿਉਂ, ਤੂੰ ਕੀ ਕਹਿਣਾ ਏ ? ਹਟ ਜਾ ਕੁਝ ਨਾ ਦਸੀਂ।

ਲੀਲਾ : ਤੁਸੀਂ ਚੁੱਪ ਰਹੋ ਜੀ, ਮੈਨੂੰ ਆਪਣਾ ਕੰਮ ਕਰਨ ਦਿਓ । ਹੈਲੋ ਕੌਣ ? ਸਤੀਸ਼ ਬਾਬੂ ਨੂੰ ਫ਼ੋਨ ਦੇ......ਹਾਂ......ਮੈਂ ਹਾਂ, ਤੇਰਾ ਕੀ ਹਾਲ ਐ ? ਚਲ ਛੱਡ ਇਹੋ ਜਿਹੀਆਂ ਗੱਲਾਂ ਨਹੀਂ ਕਰੀਦੀਆਂ ਬਹੁਤ ਫ਼ਰਕ ਪੈ ਗਿਐ, ਹੁਣ ਬੁੱਢੇ ਹੋ ਗਏ ਆਂ। ਹਾਂ ਛੇਤੀ ਬਹੁਤ ਜ਼ਰੂਰੀ ਗੱਲ......

ਸੋਭਾ : ਕੌਣ ਸੀ ?

ਲੀਲਾ : ਲਛਮਣ ਜਤੀ। ਬਹੁਤ ਸ਼ਰਾਰਤੀ ਹੋ ਗਿਐ। ਭਰਾ ਜੀ ਦਾ ਅਸਰ ਪੈਂਦਾ ਜਾਂਦਾ।

ਸੋਭਾ : ਝਗੜੇ ਬਾਰੇ ਅਜੇ ਕੋਈ ਗੱਲ ਨਾ ਕਰੀਂ। ਮੈਂ ਆਪੇ ਨਿਬੜ ਲਵਾਂਗੀ।

ਲੀਲਾ : ਹੈਲੋ, ਭਾ ਜੀ, ਆਏ ਨਹੀਂ ਕਈ ਦਿਨਾਂ ਤੋਂ ਹੁਣੇ ਆਓ ਝਟਾ ਪਟ, ਬਹੁਤ ਜ਼ਰੂਰੀ ਗੱਲ ਏ। ਹਾਂ, ਰਾਤ ਦਾ ਝਗੜਾ ਹੋ ਰਿਹੈ । ਕਹਿੰਦੇ ਐ ਨੌਕਰੀ ਨਹੀਂ ਕਰਨ ਦੇਣੀ। ਹੋਰ ਕਈ ਕੁਝ......ਹਾਂ......ਹੁਣੇ ਆਓ । ਮੇਰਾ ਹਾਲ ਕੀ ਚੰਗਾ ਹੋਣੈ । ਹਰ ਥਾਂ ਧੱਕੇ। ਇਥੋਂ ਵੀ ਛੁੱਟੀ ਮਿਲ ਗਈ ਐ, ਆਇਆਂ ਦੱਸਾਂਗੀ।

ਝਟ ਪਟ ਫ਼ੋਨ ਥਾਂ ਸਿਰ ਟਿਕਾ ਕੇ ਬੱਚੇ ਨੂੰ ਲੈ ਕੇ ਬਾਹਰ ਚਲੀ ਜਾਂਦੀ ਹੈ।

ਸੋਭਾ : ਕੰਵਲ ਦਾ ਧਿਆਨ ਰੱਖੀਂ।

ਲੀਲਾ : (ਦਰਵਾਜ਼ੇ ਵਿਚੋਂ ਬਾਹਰ ਝਾਤੀ ਮਾਰ ਕੇ) ਉਹਦੀ ਚਿੰਤਾ ਨਾ ਕਰੋ, ਤੁਸੀਂ ਆਪਣਾ ਫ਼ਿਕਰ ਕਰੋ।

ਸੋਭਾ : (ਮੁਸਕ੍ਰਾ ਕੇ) ਮੈਨੂੰ ਕਿਹੜੀ ਫ਼ਾਂਸੀ ਲਗਣ ਲਗੀ ਏ । ਅਰਜ਼ੀ ਦੇ ਆਈ ਸੀ ਨਾ ?

ਲੀਲਾ : (ਚੁੱਪ ਰਹਿਣ ਦਾ ਇਸ਼ਾਰਾ ਕਰਦੀ ਹੋਈ) ਜੀ ਹਾਂ।

ਰਮੇਸ਼ ਉੱਚੀ ਉੱਚੀ ਆਪਣੇ ਆਪ ਬੋਲਦਾ ਆਉਂਦਾ ਹੈ।

ਰਮੇਸ਼ : ਰੋਜ਼ ਲੋਕਾਂ ਦੇ ਝਗੜੇ ਨਬੇੜਦੇ ਸਾਂ, ਇਹ ਨਹੀਂ ਸੀ ਪਤਾ ਇਕ ਦਿਨ ਘਰ ਵਿਚ ਵੀ ਇਹੋ......

ਸੋਭਾ : ਝਗੜੇ ਪਾਇਆਂ ਪੈਂਦੇ ਨੇ। ਜੀਓ ਤੇ ਜੀਣ ਦਿਓ । ਗ੍ਰਿਹਸਤ ਧਰਮ ਵਿਚ ਸਹਿਨਸ਼ੀਲਤਾ ਤੇ ਕੁਰਬਾਨੀ ਲੋੜੀਂਦੀ ਏ, ਸ੍ਰੀ ਮਾਨ ਜੀ।

ਰਮੇਸ਼ : ਤੂੰ ਜੁ ਬਹੁਤ ਕੁਰਬਾਨੀ ਕਰਦੀ ਏਂ ।
ਸ਼ੋਭਾ : ਹੁਣ ਤਕ ਸੇਵਾ ਤੇ ਕੁਰਬਾਨੀ ਕੇਵਲ ਇਸਤ੍ਰੀਆਂ ਵਲੋਂ ਹੀ ਹੁੰਦੀ ਰਹੀ ਏ । ਮਰਦਾਂ ਨੂੰ ਵੀ ਹੁਣ ਗੁਣ ਗ੍ਰਹਿਣ ਕਰਨੇ ਪੈਣੇ ਨੇ ।
ਰਮੇਸ਼ : ਗੱਲੀਂ ਬਾਤੀਂ ਤਾਂ ਤੂੰ ਐਨ ਪਤੀ ਬਰਤਾ ਇਸਤ੍ਰੀ ਏਂ ।
ਸ਼ੋਭਾ : ਤੁਹਾਡੇ ਪੁਰਾਤਨ ਦ੍ਰਿਸ਼ਟੀਕੋਣ ਤੋਂ ਸ਼ਾਇਦ ਨਾ ਹੋਵਾਂ ।
ਰਮੇਸ਼ : ਜਿੰਨੀ ਮਰਜ਼ੀ ਏ ਬਹਿਸ ਕਰ ਲੈ । ਬੱਚੇ ਨੂੰ ਮੈਂ ਹਰਗਿਜ਼ ਨੌਕਰਾਣੀ ਹਵਾਲੇ ਕਰਨ ਨੂੰ ਤਿਆਰ ਨਹੀਂ ।
ਸ਼ੋਭਾ : ਤੁਹਾਡੀ ਹਰ ਗੱਲ ਵਿਚ ਮਾਲਕਾਨਾ ਰੁਹਬ ਏ, ਤੇ ਇਹ ਦਿਨੋਂ ਦਿਨ ਵਾਧੇ ਤੇ ਹੈ ।
ਰਮੇਸ਼ : ਤੇਰੀ ਹੱਠ-ਧਰਮੀ ਕਾਰਨ ।
ਸ਼ੋਭਾ : ਸ਼ੱਕੀ ਸੁਭਾ ਕਾਰਨ ।
ਰਮੇਸ਼ : ਤੇਰੇ ਗੁਸਤਾਖ਼ ਵਤੀਰੇ ਕਾਰਨ ।
ਸ਼ੋਭਾ : ਤੁਹਾਡੀ ਹੀਣਤਾ ਗੁੰਝਲ ਕਾਰਨ ।
ਰਮੇਸ਼ : ਨੌਕਰਾਣੀ ਨੂੰ ਕਹਿ ਦਿਓ ਚਲੀ ਜਾਵੇ ।
ਸ਼ੋਭਾ : ਲੀਲਾ ਮੇਰੇ ਨਾਲੋਂ ਵਧੇਰੇ ਭਰੋਸੇ ਯੋਗ ਏ । ਉਹ ਮੇਰੀ ਆਯਾ ਏ, ਬੜੀ ਈਮਾਨਦਾਰ ਤੇ ਵਫ਼ਾਦਾਰ ।
ਰਮੇਸ਼ : ਪਰ ਮੈਨੂੰ ਉਸ ਉਤੇ ਕੋਈ ਵਿਸ਼ਵਾਸ਼ ਨਹੀਂ ।
ਸ਼ੋਭਾ : ਉਸ ਦਾ ਸਿਵਾਏ ਮੈਥੋਂ ਹੋਰ ਕੋਈ ਆਸਰਾ ਨਹੀਂ । ਮੈਂ ਉਹਨੂੰ ਧੱਕਾ ਨਹੀਂ ਦੇ ਸਕਦੀ ।
ਰਮੇਸ਼ : ਮੈਂ ਘਰ ਤੇ ਬੱਚਾ ਉਹਦੇ ਹਵਾਲੇ ਕਰਨ ਨੂੰ ਤਿਆਰ ਨਹੀਂ ।
ਸ਼ੋਭਾ : ਫੇਰ ਅੱਧਾ ਵਕਤ ਬੱਚੇ ਨੂੰ ਤੁਸੀਂ ਸਾਂਭੋ । ਬਾਕੀ ਰਹੀ ਗੱਲ ਘਰ ਦੀ । ਘਰ ਵਿਚ ਕਿਹੜੀਆਂ ਮੋਹਰਾਂ ਦੱਬੀਆਂ ਹੋਈਆਂ, ਜਿਨ੍ਹਾਂ ਦਾ ਤੁਹਾਨੂੰ ਫ਼ਿਕਰ ਏ ।
ਰਮੇਸ਼ : ਘਰ ਵਿਚ ਤੇਰੇ ਦਾਜ ਦਾ ਸਾਮਾਨ ਈ ਨਹੀਂ ਮਿਉਂਦਾ ।
ਸ਼ੋਭਾ : ਹੁਣ ਜ਼ਨਾਨੀਆਂ ਵਾਂਗ ਮਿਹਣੇ ਮਾਰਦੇ ਓ, ਉਦੋਂ ਤਾਂ ਬੜੇ ਆਦਰਸ਼ਵਾਦੀ ਬਣੇ ਹੋਏ ਸਓ । ਲੱਛਮੀ ਨੂੰ ਬੁੱਚੀ ਹੀ ਘਰ ਲਿਆਉਣ ਲਈ ਕਾਹਲੇ ਸਓ ।
ਰਮੇਸ਼ : ਮੋਹਰਾਂ ਦਾ ਮਿਹਣਾ ਪਹਿਲੋਂ ਤੂੰ ਮਾਰਿਆ ਏ । ਤੈਨੂੰ ਪਹਿਲੋਂ ਵੀ ਪਤਾ ਸੀ ਮੈਂ ਬਹੁਤਾ ਅਮੀਰ ਨਹੀਂ । ਪਿਤਾ ਜੀ ਨੇ ਸਿਰਫ਼ ਕੰਮ ਚਲਾਣ ਵਾਸਤੇ ਕੁਝ ਰੁਪਿਆ ਦਿਤਾ ਸੀ ।
ਸ਼ੋਭਾ : ਇਸੇ ਕਰ ਕੇ ਤਾਂ ਮੈਂ ਸਰਵਿਸ ਕੀਤੀ ਏ ਤਾਂ ਜੋ ਘਰ ਦੀ ਆਰਥਕ ਹਾਲਤ



ਬਿਹਤਰ ਹੋਵੇ ਇਹ ਮਹਿੰਗਾਈ ਤੇ ਸੰਕਟ ਦੇ ਸਮੇਂ ਹਰ ਜੀਵ ਕਮਾਵੇ ਤਾਂ ਪੂਰਾ ਪਟਦਾ ਏ ।
ਰਮੇਸ਼ : ਮੈਂ ਇਸ ਦੇ ਅਸੂਲਨ ਖ਼ਿਲਾਫ਼ ਹਾਂ । ਘਰ ਸੁਖ ਆਰਾਮ ਦੀ ਥਾਂ ਹੋਣੀ ਚਾਹੀਦੀ ਏ ।
ਸ਼ੋਭਾ : ਕੇਵਲ ਮਰਦ ਦੇ ਸੁਖ ਆਰਾਮ ਦੀ ਥਾਂ, ਹੈ ਨਾ ?
ਰਮੇਸ਼ : ਨੌਕਰੀ ਕਰਵਾ ਕੇ ਮੈਂ ਘਰ ਦਾ ਅਮਨ ਚੈਨ ਨਹੀਂ ਬਰਬਾਦ ਕਰਨਾ ਚਾਹੁੰਦਾ ।
ਸ਼ੋਭਾ : ਘਰੇਗੀ ਸੁਖ ਸ਼ਾਂਤੀ ਬਹੁਤ ਸਾਰੀਆਂ ਗੱਲਾਂ ਤੇ ਨਿਰਭਰ ਏ ।
ਰਮੇਸ਼ : ਮੁਖ ਗੱਲ ਔਰਤ ਦਾ ਘਰ ਵਿਚ ਰਹਿਣ ਤੇ ਘਰ ਦੀਆਂ ਜ਼ਿੰਮੇਂਵਾਰੀਆਂ ਨੂੰ ਸੰਭਾਲਣਾ ਏ ।
ਸ਼ੋਭਾ : ਨੌਕਰੀ ਦੀ ਵਿਰੋਧਤਾ ਦਾ ਇਹੋ ਕਾਰਨ ਨਹੀਂ, ਤੁਹਾਡੇ ਮਨ ਵਿਚ ਅਨੇਕਾਂ ਘੁੰਡੀਆਂ ਨੇ । ਮੈਂ ਸਭ ਸਮਝਦੀ ਆਂ ।
ਰਮੇਸ਼ : ਉਹ ਘੁੰਡੀਆਂ ਤੇਰੇ ਲੱਛਣਾਂ ਤੇ ਵਤੀਰੇ ਨੇ ਪਾਈਆਂ ਨੇ ।
ਸ਼ੋਭਾ : ਉਹ ਘੁੰਡੀਆਂ ਖੋਲ੍ਹਣ ਲਈ ਹੀ ਮੈਂ ਆਰਥਕ ਸੁਤੰਤਰਤਾ ਪ੍ਰਾਪਤ ਕੀਤੀ ਏ । ਮੈਂ ਸਵੈ-ਮਾਨ ਨਾਲ ਹੀ ਇਸ ਘਰ ਰਹਿ ਸਕਦੀ ਹਾਂ ।
ਰਮੇਸ਼ : ਤੇਰਾ ਸਵੈ-ਮਾਨ ਹਉਮੈਂ ਦੀ ਹਦ ਤੱਕ ਪੁੱਜਾ ਹੋਇਆ ਏ ।
ਸ਼ੋਭਾ : ਹਉਮੈਂ ਤੋਂ ਬਿਨਾਂ ਵੀ ਕੋਈ ਮਨੁੱਖ ਹੈ । ਹਉਮੈਂ ਤੁਹਾਡੇ ਵਿਚ ਵੀ ਘਟ ਨਹੀਂ, ਪਰ ਉਸ ਉੱਤੇ ਕਈ ਭਾਵਾਂ ਉਪ-ਭਾਵਾਂ ਦੇ ਪਰਦੇ ਪਏ ਹੋਏ ਨੇ ।
ਰਮੇਸ਼ : ਤੈਨੂੰ ਆਪਣੀ ਲਿਆਕਤ ਦਾ ਬਹੁਤਾ ਈ ਗੁਮਾਨ ਏ ।
ਸ਼ੋਭਾ : ਸਗੋਂ ਤੁਹਾਨੂੰ ਆਪਣੀ ਅਕਲ ਵਡੇਰੀ ਲਗਦੀ ਏ ਸ਼੍ਰੀਮਾਨ ਜੀ ।
ਰਮੇਸ਼ : ਸ਼੍ਰੀਮਾਨ ਦੀ ਲਗਦੀ...
ਸ਼ੋਭਾ : ਗੱਲ ਖੁਲ੍ਹ ਕੇ ਕਰੋ, ਢਿੱਡ ਵਿਚ ਰਖਣੀ ਚੰਗੀ ਨਹੀਂ ਹੁੰਦੀ ।
ਰਮੇਸ਼ : ਤੂੰ ਜੋ ਬਹੁਤ ਮੂੰਹ ਫਟ ਏਂ ਇਸ ਕਰ ਕੇ ।
ਸ਼ੋਭਾ : ਸੱਚਾ ਬੋਲ ਕਰਾਰਾ ਈ ਹੁੰਦਾ ਏ । ਕਹਿਣਾ ਵੀ ਮੁਸ਼ਕਲ, ਸਹਿਣਾ ਵੀ ਮੁਸ਼ਕਲ । ਸਾਡਾ ਵਿਦਿਆ ਦਾ ਵਿਭਾਗ ਹੈ ਈ ਸਚਾਈ ਦਾ ਮਹਿਕਮਾ । ਤੁਹਾਡਾ ਪੇਸ਼ਾ ਝੂਠ ਦਾ ਪਸਾਰਾ । ਤੁਹਾਨੂੰ ਸੱਚੀ ਗੱਲ ਕਿਵੇਂ ਭਾਵੇ ।
ਰਮੇਸ਼ : ਬਹੁਤ ਪੜ੍ਹਾਈ ਨੇ ਤੇਰਾ ਦਿਮਾਗ਼ ਅਸਮਾਨੇ ਚਾੜ੍ਹ ਦਿਤਾ ਏ ।
ਸ਼ੋਭਾ : ਸ਼ਾਇਦ ਇਸੇ ਕਰ ਕੇ ਜਨਾਬ ਮੇਰੀ ਪੜ੍ਹਾਈ ਦੀ ਵਿਰੋਧਤਾ ਕਰਦੇ ਸਨ ।

ਹੁਣ ਪਤਾ ਲੱਗਾ ਏ ।
ਰਮੇਸ : ਜੇ ਮੈਂ ਵਿਰੋਧਤਾ ਕਰਦਾ ਹੁੰਦਾ ਤਾਂ ਤੂੰ ਬੀ. ਟੀ. ਨਾ ਕਰ ਸਕਦੀ ।
ਸ਼ੋਭਾ : (ਮੁਸਕ੍ਰਾਉਂਦੀ ਹੋਈ) ਜੇ ਮੈਂ ਨਾ ਜੰਮਦਾ ਤਾਂ ਤੂੰ ਵਿਆਹ ਕੀਹਦੇ ਨਾਲ ਕਰਾਉਂਦੀ ਵਾਹ ਵਾਹ ! ਐਮ. ਏ. ਦੀ ਪੜ੍ਹਾਈ ਵੀ ਸ਼ਾਇਦ ਸ਼੍ਰੀਮਾਨ ਦੇ ਪ੍ਰਤਾਪ ਨਾਲ ਹੀ ਪ੍ਰਾਪਤ ਹੋਈ ਏ ।
ਰਮੇਸ਼ : ਦੇਖ ਸ਼ੋਭਾ, ਮਖ਼ੌਲ ਛੱਡ, ਮਤਲਬ ਦੀ ਗੱਲ ਕਰ । ਮੇਰਾ ਵਕਤ ਬਹੁਤ ਕੀਮਤੀ ਏ ! ਮੁਵੱਕਲ ਬੈਠੇ ਨੇ ।
ਸ਼ੋਭਾ : ਤੇ ਮੇਰਾ ਵਕਤ ਘਟ ਕੀਮਤੀ ਏ ? ਮੈਂ ਵੀ ਇਕ ਕਲਾਇੰਟ ਦੇ ਰੂਪ ਵਿਚ ਬੈਠੀ ਹਾਂ ।
ਰਮੇਸ਼ : ਤੂੰ ਵਕੀਲ ਬਣੀ ਹੋਈ ਏਂ ।
ਸ਼ੋਭਾ : ਕੇਵਲ ਆਪਣੇ ਅਧਿਕਾਰਾਂ ਦੀ ਰੱਖਿਆ ਲਈ । ਤੁਸੀਂ ਜੱਜ ਝੂਠਾ ਇਕ ਪਾਸੜ ਫ਼ੈਸਲਾ ਦੇਣ ਲਈ ਤੁਲੇ ਹੋਏ ਓ ।
ਰਮੇਸ਼ : ਸੱਚਾਈ ਸਦਾ ਇਕ-ਤਰਫ਼ੀ ਹੀ ਹੁੰਦੀ ਏ ।
ਸ਼ੋਭਾ : ਵਾਹ, ਕਿਆ ਕਹਿਣੇ ਤੁਹਾਡੀ ਸਚਾਈ ਦੇ । ਮੈਂ ਹੈਰਾਨ ਹਾਂ ਵਿਆਹ ਤੋਂ ਬਾਅਦ ਮਰਦਾਂ ਦੀ ਨੀਅਤ ਤੇ ਆਦਰਸ਼ ਕਿਵੇਂ ਬਦਲ ਜਾਂਦੇ ਨੇ !
ਰਮੇਸ਼ : ਔਰਤਾਂ ਦੀਆਂ ਨਾਜਾਇਜ਼ ਕਰਤੂਤਾਂ ਦੇਖ ਕੇ ।
ਸ਼ੋਭਾ : ਕਬਜ਼ੇ ਦੇ ਖੁੱਸਣ ਦੇ ਡਰੋਂ । ਆਮ ਭਾਰਤੀ ਮਰਦ ਅਜੇ ਵੀ ਇਸਤ੍ਰੀ ਨੂੰ ਆਪਣੀ ਜਾਇਦਾਦ ਸਮਝਦਾ ਏ ।
ਰਮੇਸ਼ : ਵਿਆਹ ਇਕ ਸਮਾਜਕ ਸਮਝੌਤਾ ਏ ।
ਸ਼ੋਭਾ : ਜਦੋਂ ਦਿਲਾਂ ਦੀ ਸਾਂਝ ਟੁੱਟ ਜਾਏ, ਫੇਰ ਸਮਾਜਕ ਬੰਧਨ ਵੀ ਕੁਝ ਨਹੀਂ ਕਰ ਸਕਦੇ ।
ਰਮੇਸ਼ : ਇਸ ਸਮਝੌਤੇ ਦੇ ਟੁੱਟਣ ਦਾ ਕਾਰਨ ਤੁਸੀਂ ਓ ।
ਸ਼ੋਭਾ : ਸਾਬਤ ਕਰੋ, ਮੇਰੀ ਕੋਈ ਅਯੋਗ ਹਰਕਤ ।
ਰਮੇਸ਼ : ਨੌਕਰੀ ਦੇ ਬਹਾਨੇ ਤੂੰ ਬਾਹਰ ਫਿਰਨ ਤੁਰਨ ਦੀ ਖੁਲ੍ਹ ਲੈਣਾ ਚਾਹੁੰਦੀ ਏਂ ।
ਸ਼ੋਭਾ : ਮੈਂ ਆਟੇ ਦਾ ਦੀਵਾ ਨਹੀਂ, ਬਾਹਰ ਨਿਕਲਿਆਂ ਮੈਨੂੰ ਕਾਂ ਖਾ ਜਾਣਗੇ । ਨਾ ਹੀ ਇੰਨੀ ਕਮਜ਼ੋਰ ਹਾਂ ਕਿ ਹਰ ਬੁੱਲੇ ਨਾਲ ਝੁੱਲ ਪਵਾਂਗੀ । ਕੋਈ ਹੋਰ ਕਾਰਨ ਦੱਸੋ ।
ਰਮੇਸ : ਨੌਕਰਾਣੀ ਨੂੰ ਤੂੰ ਦਿਨੋ ਦਿਨ ਸਿਰੇ ਚਾੜ੍ਹ ਰਹੀ ਏਂ । ਕੋਈ ਇਕ ਗੱਲ ਹੋਵੇ ਤਾਂ ਬੰਦਾ ਦੱਸੇ ।



ਸ਼ੋਭਾ : ਤੁਹਾਡੇ ਅਚੇਤ ਸੁਚੇਤ ਮਨ ਦੀ ਹਾਲਤ ਨੂੰ ਮੈਂ ਚੰਗੀ ਤਰ੍ਹਾਂ ਸਮਝਦੀ ਆਂ । ਤੁਸੀਂ ਮੈਨੂੰ ਘਰ ਦੀ ਚਾਰ ਦੀਵਾਰੀ ਅੰਦਰ ਪੈਰ ਦੀ ਜੁੱਤੀ ਸਮਾਨ ਰਖਣਾ ਚਾਹੁੰਦੇ ਓ । ਅੱਜ ਕੋਈ ਵੀ ਸਵੈ-ਮਾਨ ਵਾਲੀ ਇਸਤ੍ਰੀ ਇਹ ਰੋਕ ਬਰਦਾਸ਼ਤ ਨਹੀਂ ਕਰ ਸਕਦੀ । ਭਾਵਾਂ ਦੀ ਏਕਤਾ ਲਈ ਅਧਿਕਾਰਾਂ ਦੀ ਬਰਾਬਰੀ ਜ਼ਰੂਰੀ ਏ ।
ਰਮੇਸ਼ : ਇਹਦਾ ਸਾਫ਼ ਮਤਲਬ ਏ, ਤੂੰ ਆਪਣੀ ਜ਼ਿੱਦ ਤੋਂ ਬਾਜ਼ ਨਹੀਂ ਆਉਣਾ ।
ਸ਼ੋਭਾ : ਇਸ ਵਿਚ ਜ਼ਿੱਦ ਵਾਲੀ ਕੋਈ ਗੱਲ ਨਹੀਂ । ਆਪਣੇ ਅਧਿਕਾਰਾਂ ਲਈ ਹਰ ਸੂਝਵਾਨ ਲੜਦਾ ਏ । ਮੈਂ ਹਰ ਯੋਗ ਗੱਲ ਮੰਨਣ ਨੂੰ ਤਿਆਰ ਹਾਂ ।
ਰਮੇਸ਼ : ਪਤੀ ਦੀ ਮਰਜ਼ੀ ਵਿਰੁਧ ਇਕ ਨਿਕੰਮੀ ਨੌਕਰਾਣੀ ਨੂੰ ਘਰ ਵਿਚ ਰਖਣਾ ਕੀ ਜਾਇਜ਼ ਗੱਲ ਏ ?
ਸ਼ੋਭਾ : ਤੁਸੀਂ ਮੰਦ ਭਾਵਨਾ ਨਾਲ ਉਹਨੂੰ ਕੱਢਣ ਤੇ ਤੁਲੇ ਹੋਏ ਓ ਤਾਂ ਜੋ ਮੇਰੀ ਦਾਦ ਫ਼ਰਿਆਦ ਸੁਣਨ ਵਾਲਾ ਕੋਈ ਨਾ ਰਹੇ ! ਅਜਿਹੀ ਆਗਿਆਕਾਰ ਸੇਵਕਾ ਮਿਲਣੀ ਕਠਨ ਏ । ਅੰਦਰਖਾਤੇ ਤੁਸੀਂ ਵੀ ਇਸ ਗੱਲ ਨੂੰ ਜਾਣਦੇ ਓ ।
ਰਮੇਸ਼ : ਜੇ ਇਹੋ ਤੇਰਾ ਕੱਟੜ ਰਵੱਈਆ ਏ ਤਾਂ ਨੌਕਰਾਣੀ ਨੂੰ ਲੈ ਕੇ ਜਾ ਸਕਦੀ ਏਂ । ਇਸ ਹਾਲਤ ਵਿਚ ਸਾਡਾ 'ਕੱਠੇ ਰਹਿਣਾ ਨਾਮੁਮਕਿਨ ਏ ।
ਸ਼ੋਭਾ : ਉਹ ਵੀ ਤੁਸੀਂ ਕਰਨ ਨਹੀਂ ਦਿਤਾ । ਰਾਤ ਅਯੋਗ ਹਥੋਪਾਈ ਕੀਤੀ ।
ਰਮੇਸ਼ : ਤੇਰੇ ਵਰਗੀ ਮੂੰਹ ਜ਼ੋਰ ਜਨਾਨੀ ਨਾਲ ਅਜਿਹਾ ਵਰਤਾਉ ਯੋਗ ਹੈ ।
ਸ਼ੋਭਾ : ਜਿਸ ਕਚਹਿਰੀ ਵਿਚ ਰੋਜ਼ ਵਕੀਲ ਬਣ ਕੇ ਭੁਗਤਦੇ ਓ, ਉਥੇ ਦੋਸ਼ੀ ਦੀ ਹੈਸੀਅਤ ਵਿਚ ਪੇਸ਼ ਹੋਣਾ ਵੀ ਪੈ ਸਕਦਾ ਏ । ਰਾਤ ਵਾਂਗ ਫੇਰ ਚਪੇੜ ਮਾਰ ਕੇ ਦੇਖੋ ।
ਰਮੇਸ਼ : ਬੱਚੇ ਨੂੰ ਫੇਰ ਜ਼ਬਰਦਸਤੀ ਲਿਜਾ ਕੇ ਦੇਖ ।
ਸ਼ੋਭਾ : ਨਾਬਾਲਗ ਬੱਚੇ ਦੀ ਪਾਲਣਾ ਕਰਨਾ ਮਾਂ ਦਾ ਅਧਿਕਾਰ ਏ ।
ਰਮੇਸ਼ : ਕਾਨੂੰਨਨ ਪਿਤਾ ਦਾ ਹੱਕ ਏ ।
ਸ਼ੋਭਾ : (ਵਿਅੰਗ ਨਾਲ) ਸ੍ਰੀ ਮਾਨ ਜੀ, ਮੈਂ ਤਾਂ ਤੁਹਾਡੇ ਹੱਕ ਦੀ ਗੱਲ ਕਰ ਰਹੀ ਆਂ । ਬੱਚੇ ਦੇ ਜਾਣ ਪਿਛੋਂ ਸਗੋਂ ਤੁਹਾਡਾ ਰਸਤਾ ਸਾਫ਼ ਹੋ ਜਾਵੇਗਾ । ਤਿਤਲੀਆਂ ਏਸ ਬਗੀਚੇ ਵਿਚ ਬੇਰੋਕ ਆ ਸਕਣਗੀਆਂ ।
ਰਮੇਸ਼ : ਸਗੋਂ ਤੈਨੂੰ ਬੱਚੇ ਦੀ ਕੀ ਲੋੜ ਏ । ਜਿੰਨੇ ਮਰਜ਼ੀ ਜਦੋਂ ਚਾਹੇਂ ਹਾਸਲ ਕਰ ਸਕਦੀ ਏਂ । ਮੈਨੇਜਰ ਨਾਲ ਤੇਰੇ ਸੰਬੰਧਾਂ ਦਾ ਮੈਨੂੰ ਪਤਾ ਲਗ ਚੁੱਕਾ ਏ ।

ਸੋਭਾ : (ਰੋਣਹਾਕੀ ਹੋ ਕੇ) ਮਰਦ ਕੋਲ ਇਸਤ੍ਰੀ ਨੂੰ ਜ਼ਲੀਲ ਕਰ 'ਕੇ ਘਰੋਂ ਕੱਢਣ ਦਾ ਇਹੋ ਆਖ਼ਰੀ ਹਥਿਆਰ ਏ । ਪਰ ਮੈਂ ਝੂਠੀ ਬਦਨਾਮੀ ਤੋਂ ਡਰਨ ਵਾਲੀ ਅਬਲਾ ਨਹੀਂ ।

ਰਮੇਸ਼ : ਤੂੰ ਪਿਉ ਤੋਂ ਨਾ ਡਰੀ ਮੈਥੋਂ ਕੀ ਡਰਨਾ ਏਂ ।

ਸੋਭਾ : ਸੱਚਾ ਸੁੱਚਾ ਮਨੁੱਖ ਹੀ ਨਿਡਰ ਹੋ ਸਕਦਾ ਏ ।

ਰਮੇਸ਼ : ਮੈਂ ਹੀ ਮੂਰਖ ਸਾਂ ਜਿਹਨੇ ਤੇਰੇ ਸੁਭਾ ਨੂੰ ਗ਼ਲਤ ਸਮਝਿਆ । ਤੇਰੇ ਵਰਗੀ ਆਪਹੁਦਰੀ ਲੜਕੀ ਜਿਹੜੀ ਮਾਂ ਬਾਪ ਦੇ ਕਹਿਣ ਵਿਚ ਨਹੀਂ ਉਹ ਪਤੀ ਦੇ ਅਧੀਨ ਕਿਸ ਤਰ੍ਹਾਂ ਰਹਿ ਸਕਦੀ ਏ ।

ਸੋਭਾ : ਭੁਲੇਖਾ ਤਾਂ ਸਗੋਂ ਮੈਂ ਖਾਧਾ ਏ । ਮੈਨੂੰ ਨਹੀਂ ਸੀ ਪਤਾ ਵਿਆਹ ਤੋਂ ਪਹਿਲਾਂ ਅੱਜ ਦੇ ਮੁੰਡੇ ਜੋ ਕੁਝ ਕਹਿੰਦੇ ਨੇ, ਉਸ ਤੋਂ ਉਲਟ ਕਰਦੇ ਨੇ ਬਰਾਬਰੀ ਦੇ ਅਧਿਕਾਰ ਉਨ੍ਹਾਂ ਦੇ ਝੂਠੇ ਲਾਰੇ ਨੇ ।

ਰਮੇਸ਼ : ਮੈਨੂੰ ਵੀ ਨਹੀਂ ਸੀ ਪਤਾ, ਅੱਜ ਕਲ੍ਹ ਦੀਆਂ ਚੋਂਚਲਹਾਰੀਆਂ ਜੋ ਦਿਸਦੀਆਂ ਨੇ ਉਹ ਅਸਲ ਨਹੀਂ ਨਕਲ ਏ । ਸੁਰਖੀਆਂ ਸਫ਼ੈਦੀਆਂ ਭੋਲੇ ਭਾਲੇ ਮੁੰਡਿਆਂ ਨੂੰ ਫਾਹੁਣ ਦਾ ਮਕਰ ਜਾਲ ਏ ।

ਸੋਭਾ : ਸ੍ਰੀ ਮਾਨ ਜੀ, ਬੜੀ ਛੇਤੀ ਭੁੱਲ ਗਏ ਓ, ਮੇਰੀ ਸ਼ੋਖ਼ੀ ਤੇ ਨਹੀਂ, ਸਾਦਗੀ ਤੇ ਲੱਟੂ ਹੋਏ ਸਓ । ਕਿਹੜੇ ਮੂੰਹ ਨਾਲ ਕਹਿੰਦੇ ਸੀ — "ਮੈਨੂੰ ਤਾਂ ਤੇਰੀ ਸੂਝ ਤੇ ਸਾਦਗੀ ਨੇ ਮੋਹ ਲਿਆ ਏ । ਮੈਂ ਸਾਰੀ ਉਮਰ ਗ਼ੁਲਾਮ ਰਹਾਂਗਾ ਏਸ ਅਰਸ਼ੀ ਸੁੰਦਰਤਾ ਦਾ ।" ਚਿੱਠੀਆਂ ਦਿਖਾਵਾਂ, ਮਤੇ ਯਾਦ ਆ ਜਾਣ ਕੀਤੇ ਕੌਲ ਕਰਾਰ ।

ਰਮੇਸ਼ : ਫ਼ਜ਼ੂਲ ਬਹਿਸ ਕਰਨੀ ਤੇਰੀ ਆਦਤ ਦਾ ਹਿੱਸਾ ਬਣ ਚੁਕੀ ਏ ।

ਸੋਭਾ : ਬਹਿਸ ਤੁਹਾਨੂੰ ਕਿਵੇਂ ਚੰਗੀ ਲੱਗੇ ਸਦਾ ਹਾਰਦੇ ਜੁ ਰਹੇ ਓ । ਹੁਣ ਵੀ ਹਾਰੋਗੇ । ਮੇਰੀ ਜਿੱਤ ਦਾ ਰਾਜ਼ ਸਦਾ ਸੱਚਾਈ ਵਾਲਾ ਪਾਸਾ ਲੈਣ ਵਿਚ ਏ ।

ਰਮੇਸ਼ : ਇਕ ਮੂੰਹ-ਫਟ ਇਸਤ੍ਰੀ ਨਾਲ ਮਰਦ ਕਦੇ ਪੂਰਾ ਨਹੀਂ ਉਤਰ ਸਕਦਾ ।

ਸੋਭਾ : ਤੁਹਾਡੇ ਵਾਂਗ ਮੈਨੂੰ ਦਿਨ ਰਾਤ ਝੂਠ ਬੋਲਣ ਦੀ ਆਦਤ ਨਹੀਂ ।

ਰਮੇਸ਼ : ਬਕਵਾਸ ਬੰਦ ਕਰ ਵਧਦੀ ਹੀ ਨਾ ਜਾ ।

ਸੋਭਾ : ਸ੍ਰੀਮਾਨ ਜੀ, ਮੈਂ ਵੀ ਇਨਸਾਨ ਹਾਂ, ਗ਼ੁੱਸਾ ਮੈਨੂੰ ਵੀ ਚੜ੍ਹ ਸਕਦੈ ।

ਰਮੇਸ਼ : ਕੀ ਵਿਗਾੜ ਦੇਵੇਂਗੀ ਤੂੰ ਗ਼ੁੱਸਾ ਚੜ੍ਹਾ ਕੇ ।

ਸੋਭਾ : ਜੇ ਇਸਤ੍ਰੀ ਸਚਾਈ ਤੇ ਡਟ ਜਾਏ ਤਾਂ ਬੰਦੇ ਨੂੰ ਸਿੱਧੇ ਰਸਤੇ ਪਾ ਸਕਦੀ ਏ ।

ਰਮੇਸ਼ : ਇਹ ਧਮਕੀਆਂ ਹੋਰ ਕਿਸੇ ਨੂੰ ਦੇਈਂ । ਖ਼ਲਾਸੀ ਕਰ ਤੂੰ ਮੇਰੀ ।



ਸੋਭਾ : ਮੈਂ ਆਪ ਤੁਹਾਡੇ ਰਾਹ ਵਿਚੋਂ ਹਟਣਾ ਚਾਹੁੰਦੀ ਹਾਂ । ਲੋਕਾਂ ਦੀਆਂ ਗੱਲਾਂ ਕਰ ਕੇ ਹਉਕੇ ਲੈਂਦੇ ਸਓ—'ਕਿਸਮਤ ਵਾਲਾ ਏ ਜਿਸ ਨੌਜਵਾਨ ਦੀ ਵਹੁਟੀ ਮਰ ਜਾਂਦੀ ਏ । ਪਹਿਲੀ ਗ਼ਲਤੀ ਤੋਂ ਫ਼ਾਇਦਾ ਉਠਾ ਕੇ ਸੁਖੀ ਰਹਿੰਦਾ ਏ ।'

ਰਮੇਸ਼ : ਬਕੀ ਜਾਹ ਜਿਵੇਂ ਦਿਲ ਕਰਦਾ ਏ ।

ਸੋਭਾ : ਸ਼ਰਾਫ਼ਤ ਨਾਲ ਬੋਲਣ ਦੀ ਗੱਲ ਵੀ ਖ਼ਤਮ ਹੋ ਗਈ ਏ ।

ਰਮੇਸ਼ : ਜਿਹਾ ਮੂੰਹ ਤੇਹੀ ਚਪੇੜ ।

ਸੋਭਾ : ਸ੍ਰੀ ਮਾਨ ਜੀ, ਆਪਣੀ ਸ਼ਕਲ ਵੀ ਸ਼ੀਸ਼ੇ ਵਿਚ ਤੱਕ ਲਵੋ ।

ਰਮੇਸ਼ : ਸੱਚ ਕਹਿੰਦੇ ਨੇ, ਹਰ ਸੋਹਣੀ ਔਰਤ ਮੂਰਖ ਹੁੰਦੀ ਏ । ਮੂਰਖਤਾ ਵੀ ਬੰਦਾ ਬਰਦਾਸ਼ਤ ਕਰ ਲਵੇ ਜੇ ਆਚਰਨ ਚੰਗਾ ਹੋਵੇ । ਲੋਕੀਂ ਉਂਗਲਾਂ ਕਰਨ ਲਗ ਪਏ ਨੇ, ਮੇਰੀ ਪ੍ਰੈਕਟਸ ਫ਼ੇਲ ਹੁੰਦੀ ਜਾਂਦੀ ਏ ।

ਸੋਭਾ : ਮੇਰੇ ਕਰ ਕੇ ਨਹੀਂ; ਸਗੋਂ ਆਪਣੀ ਅਯੋਗਤਾ ਕਾਰਨ । ਅਜੇ ਹੋਰ ਤਬਾਹ ਹੋਵੋਗੇ, ਜੇ ਪੁੱਠੇ ਲੱਛਣ ਨਾਂ ਛਡੇ ।

ਰਮੇਸ਼ : (ਗਾਲ੍ਹ ਕੱਢਣ ਲਗਦਾ ਹੈ, ਸਤੀਸ਼ ਨੂੰ ਬਾਹਰ ਦੇਖ ਕੇ ਰੁਕ ਜਾਂਦਾ ਹੈ) ਭਰਾ ਨੂੰ ਮਦਦ ਲਈ ਬੁਲਾਇਆ ਏ, ਹੋਰ ਦੋ ਚਾਰ ਬਦਮਾਸ਼ ਕੱਠੇ ਕਰ ਲੈਣੇ ਸਨ ।

ਸੋਭਾ : ਤੁਹਾਡੀ ਸ਼ਰਾਫ਼ਤ ਦਾ ਵੀ ਪਾਜ ਖੁਲ੍ਹ ਗਿਆ ਏ । ਹੁਣ ਜਾਇਓ ਨਾ ਫ਼ੈਸਲਾ ਕਰ ਕੇ ਜਾਣਾ ਹੋਵੇਗਾ ।

ਰਮੇਸ਼ : ਮੇਰੇ ਵਲੋਂ ਫ਼ੈਸਲਾ ਹੋ ਚੁਕਾ ਹੈ ।

ਸੋਭਾ : ਫੇਰ ਡਰਦੇ ਕਿਉਂ ਓ ? ਭਰਾ ਜੀ ਨੂੰ ਖ਼ੁਦ ਦਸ ਜਾਓ ਆਪਣਾ ਫ਼ੈਸ਼ਲਾ ।

ਰਮੇਸ਼ : ਮੁਨਸ਼ੀ ਜੀ ਕਿਧਰ ਚਲੇ ਓ ?

ਮੁਨਸ਼ੀ : ਜੀ ਕਚਹਿਰੀ ! ਬਹੁਤ ਦੇਰ ਹੋ ਗਈ ਏ । ਮੈਂ ਅਜੇ ਸਾਈਕਲ ਵਿਚ ਫੂਕ ਵੀ ਭਰਾਉਂਣੀ ਏਂ ।

ਰਮੇਸ਼ : ਠਹਿਰ, ਅਜੇ ਨਾ ਜਾਈਂ । ਸ਼ਾਇਦ ਲੋੜ ਪੈ ਜਾਵੇ ।

ਸੋਭਾ : ਹੋਰ ਦੋ ਚਾਰ ਬੰਦੇ ਮੰਗਵਾ ਲਓ, ਲੜਾਈ ਕਰਨ ਆਇਆ ਏ ਨਾ ਮੇਰਾ ਭਰਾ ।

ਰਮੇਸ਼ : ਤੇ ਹੋਰ ਨਹੀਂ ।

ਸਤੀਸ਼ ਲੀਲਾ ਹੱਥੋਂ ਕੰਵਲ ਨੂੰ ਲੈ ਕੇ ਉਸ ਨਾਲ ਆਪ ਮੁਹਾਰੀਆਂ ਗੱਲਾਂ ਕਰਦਾ ਹੈ ਆਪਣੀ ਸੁਭਾਵਕ ਲਾਪ੍ਰਵਾਹੀ ਅਨੁਸਾਰ ।

ਸਤੀਸ਼ : ਸੁਣਾ ਬੱਚੂ ਕੀ ਬਣਨਾ ਏਂ ਤੂੰ ?

ਬੱਚਾ : ਸ਼ਾਰ।

ਸਤੀਸ਼ : ਕੀ ਕਹਿੰਦਾ ਏ ?

ਲੀਲਾ : ਸ਼ਾਇਰ, ਕਵੀ।

ਸਤੀਸ਼ : ਦੇਖੀਂ ਕਿਤੇ ਭੁੱਲ ਕੇ ਲਿਖਾਰੀ ਨਾ ਬਣ ਜਾਵੀਂ [ਤੂੰ ਬਹੁਤ ਸੋਹਲ ਏਂ, ਤੈਥੋਂ ਭੁੱਖ ਨੰਗ ਨਹੀਂ ਕੱਟੀ ਜਾਣੀ, ਅਧਿਆਪਕ ਬਣਨ ਦਾ ਵੀ ਸੁਫਨਾ ਨਾ ਲਵੀਂ, ਇੱਜ਼ਤ ਵਾਲਾ ਕੰਮ ਏ, ਪਰ ਯਤੀਮ ਮਹਿਕਮਾ। ਬੱਚੂ, ਮੇਰਾ ਕਿੱਤਾ ਵੀ ਤੇਰੇ ਫਿਟ ਨਹੀਂ। ਵਪਾਰੀਆਂ ਵਾਲੇ ਤੇਰੇ ਵਿਚ ਲੱਛਣ ਨਹੀਂ ਦਿਸਦੇ। ਤੈਥੋਂ ਬੇਈਮਾਨੀ ਕਿਥੋਂ ਹੋਣੀ ਏਂ। (ਚੋਰ ਅੱਖ ਨਾਲ ਦੇਖ ਕੇ) ਦੇਖੀਂ ਪਿਤਾ ਵਾਂਗ ਵਕੀਲ ਵੀ ਨਾ ਬਣੀਂ। ਦਿਨ ਰਾਤ ਝੂਠ ਬੋਲਣਾ ਪਵੇਗਾ। ਕਈ ਰੂਪ ਧਾਰਨੇ ਪੈਣਗੇ। ਨਾਲੇ ਆਉਣ ਵਾਲੇ ਸਮਾਜ ਵਿਚ ਲੁੱਟ ਖਸੁਟ ਮੁਕਦੀ ਜਾਣੀ ਏਂ, ਮੁਕੱਦਮੇ ਵੀ ਘਟਦੇ ਜਾਣੇ ਨੇ।

ਸੋਭਾ : (ਲਾ ਕੇ) ਇਸਤਰੀ ਮਰਦਾਂ ਦੇ ਝਗੜੇ ਵਧਦੇ ਜਾਂਦੇ ਨੇ।

ਸਤੀਸ਼ : (ਗੱਲ ਅਣਸੁਣੀ ਕਰ ਕੇ) ਨਮਸਤੇ ਰਮੇਸ਼ ਜੀ। ਦੇਖੀਂ ਬਈ ਮਾਮੇ ਦੀ ਸੇਵਾ ਨਾ ਕਰ ਦੇਵੀਂ। ਸ਼ੁਧ ਖੱਦਰ ਦੇ ਧੋਤੇ ਪਾ ਕੇ ਆਇਆਂ। ਇਕ ਟੈਂਡਰ ਭਰਨ ਚਲਿਆਂ। ਜੇ ਠੇਕਾ ਮਿਲ ਗਿਆ ਤਾਂ ਤੇਰਾ ਮੂੰਹ ਮਿੱਠਾ ਕਰਵਾਵਾਂਗਾ। ਫੜ ਸੋਭ ' ਮੈਨੂੰ ਕਿਤੇ ਘਰ ਨਾ ਜਾਣਾ ਪਵੇ।

ਲੀਲਾ : ਐਧਰ ਲਿਆਓ ਜੀ, ਐਵੇਂ ਡਰਦੇ ਓ, ਕਛੀ ਪਾਈ ਹੋਈ ਏ। ਵੱਡੇ ਮਾਮੇ ਬਣੀ ਫਿਰਦੇ ਨੇ।

ਸਤੀਸ਼ : ਬੱਚਾ ਬਾਦਸ਼ਾਹ ਹੁੰਦਾ ਏ, ਇਹ ਕਿਸੇ ਦਾ ਲਿਹਾਜ਼ ਨਹੀਂ ਕਰਦਾ। ਕਿਉਂ ਰਮੇਸ਼ ਜੀ ?

ਰਮੇਸ਼ : (ਦਬਵੀਂ ਜੀਭ) ਹੂੰ !

ਸੋਭਾ : ਠੀਕ ਏ ਠੰਡੇ ਠੰਡੇ ਖੱਦਰ ਨਾਲ ਲਗ ਕੇ ਤਾਂ ਪਿਸ਼ਾਬ ਜੇ ਨਹੀਂ ਆਉਣਾ ਤਾਂ ਵੀ ਆ ਜਾਣਾ ਏਂ।

ਸਤੀਸ਼ : (ਉੱਚੀ ਉੱਚੀ ਹੱਸਦਾ ਹੋਇਆ) ਗੱਲ ਤਾਂ ਠੀਕ ਏ।

ਲੀਲਾ : ਭਰਾ ਜੀ, ਕੀ ਪੀਓਗੇ।

ਸਤੀਸ਼ : (ਹੱਸਦਾ ਹੋਇਆ) ਸਵਾਏ ਤੇਰੇ ਖ਼ੂਨ ਦੇ ਹੋਰ ਸਭ ਕੁਝ ਪੀ ਲਵਾਂਗਾ i

ਸੋਭਾ : ਜਾਹ ਚਾਹ ਲਿਆ।

ਸਤੀਸ਼ : ਕੋਈ ਲੋੜ ਨਹੀਂ। ਖਾ ਪੀ ਕੇ ਘਰੋਂ ਨਿਕਲੀਦਾ ਏ। ਰਮੇਸ਼ ਜੀ, ਬੜੇ ਚੁੱਪ ਚਾਪ ਬੈਠੇ ਓ, ਅੱਜ ਕਚਹਿਰੀ ਨਹੀਂ ਜਾਣਾ।



ਰਮੇਸ : ਬਸ ਜਾ ਹੀ ਰਿਹਾਂ।

ਸਤੀਸ਼ : ਭੈਣ ਜੀ, ਤੁਸੀਂ ਵੀ ਅਜ ਸਕੂਲ ਨਹੀਂ ਗਏ ?

ਸੋਭਾ : ਸਕੂਲ ਜਾਣ ਦਾ ਤਾਂ ਸਾਰਾ ਝਗੜਾ ਏ।

ਸਤੀਸ਼ : ਫੇਰ ਰਗੜਾ ਝਗੜਾ ਸ਼ੁਰੂ ਹੋ ਗਿਐ ?

ਰਮੇਸ਼ : ਇਹ ਖ਼ਤਮ ਈ ਨਹੀਂ ਹੋ ਸਕਦਾ।

ਸਤੀਸ਼ : ਭਾਂਡੇ ਠਹਿਕਦੇ ਈ ਚੰਗੇ ਲਗਦੇ ਨੇ, ਕੋਈ ਗੱਲ ਨਹੀਂ।

ਸੋਭਾ : ਮਾੜੇ ਭਾਂਡੇ ਦੇ ਭੱਜਣ ਦਾ ਵੀ ਡਰ ਹੁੰਦਾ ਏ !

ਸਤੀਸ਼ : ਪਰ ਹੁਣ ਨਵੀਂ ਗੱਲ ਕੀ ਹੋ ਗਈ ਏ, ਪਤਾ ਵੀ ਲੱਗੇ ?

ਸੋਭਾ : ਗੱਲ ਕੀ ਹੋਣੀ ਏਂ, ਬਸ ਵਧੀਕੀ ਧੱਕਾ, ਜੋ ਮਰਦਾਂ ਦਾ ਕੰਮ ਏ। ਮੇਰੇ ਹੱਥੋਂ ਰੋਟੀ ਤਕ ਨਹੀਂ ਖਾਂਦੇ।

ਸਤੀਸ਼ : ਹੈਂ ! ਇਹ ਕਿਉਂ ?

ਸੋਭਾ : ਪਈ ਮੈਂ ਖਾਣੇ ਵਿਚ ਜ਼ਹਿਰ ਨਾ ਪਾ ਦਿਆਂ।

ਰਮੇਸ਼ : ਤੇ ਤੂੰ ਰਾਤ ਨੂੰ ਨੌਕਰਾਣੀ ਨੂੰ ਕੋਲ ਸੁਆਂਦੀ ਏਂ, ਕਿਤੇ ਮੈਂ ਸੁੱਤੀ ਪਈ ਦਾ ਗਲਾ ਈ ਨਾਂ ਘੁਟ ਦਿਆਂ।

ਸੋਭਾ : ਤੁਹਾਡੀ ਨੀਤ ਤੇ ਵਤੀਰੇ ਤੋਂ ਮੈਨੂੰ ਇਹੋ ਡਰ ਏ।

ਸਤੀਸ਼ : ਰਮੇਸ਼ ਜੀ ਕਚਹਿਰੀ ਵਿਚ ਰੋਜ਼ ਲੋਕਾਂ ਦੇ ਝਗੜੇ ਨਜਿੱਠਦੇ ਓ, ਘਰ ਵਿਚ ਇਹੋ ਮਾਮੂਲੀ ਗੁੰਝਲ ਹੱਲ ਨਹੀਂ ਕਰ ਸਕਦੇ।

ਸੋਭਾ : ਵਿਚਾਰਾਂ ਵਿਚ ਐਨਾ ਪਾੜ ਪੈ ਚੁੱਕਾ ਏ, ਸਾਂਝ ਰਹਿਣੀ ਅਸੰਭਵ ਏ।

ਰਮੇਸ਼ : ਸਾਡਾ ਇਸਤ੍ਰੀ ਮਰਦ ਵਾਲਾ ਰਿਸ਼ਤਾ ਖ਼ਤਮ ਹੋ ਚੁਕਾ ਏ। ਤਲਾਕ ਤੋਂ ਬਿਨਾਂ ਕੋਈ ਰਾਹ ਹੀ ਨਹੀਂ ਰਹਿ ਗਿਆ।

ਸਤੀਸ਼ : ਏਦਾਂ ਨਾ ਆਖੋ ਰਮੇਸ਼ ਜੀ, ਵੱਡੇ ਤੋਂ ਵੱਡੇ ਝਗੜੇ ਖੁਲ੍ਹੀ ਗੱਲ ਬਾਤ ਨਾਲ ਨਜਿੱਠੇ ਜਾ ਸਕਦੇ ਨੇ। ਕੋਈ ਗਲਤ ਫ਼ਹਿਮੀ ਹੋ ਗਈ ਜਾਪਦੀ ਏ।

ਰਮੇਸ਼ : ਸੁਲ੍ਹਾ ਦੀ ਬੁਨਿਆਦ ਹੀ ਖ਼ਤਮ ਹੋ ਚੁੱਕੀ ਏ।

ਸਤੀਸ : ਅੱਛਾ, ਇਕ ਮਿੰਟ ਮੁਆਫ ਕਰੋ।

ਰਮੇਸ਼ : ਕਿਉਂ ਫ਼ਜ਼ੂਲ ਵਕਤ ਜ਼ਾਇਆ ਕਰਦੇ ਓ।

ਸਤੀਸ਼ : (ਚੁੱਪ ਰਹਿਣ ਦਾ ਇਸ਼ਾਰਾ ਕਰ ਕੇ) ਸੋਭਾ, ਪਹਿਲਾਂ ਤੂੰ ਦਸ, ਤੈਨੂੰ ਕੀ ਤਕਲੀਫ਼ ਏ ? ਸੁਲ੍ਹਾ ਲਈ ਤੇਰੀਆਂ ਕੀ ਸ਼ਰਤਾਂ ਨੇ। ਦੋਹਾਂ ਪਾਸਿਆਂ ਦੇ ਬਿਆਨ ਲੈ ਕੇ ਮੈਂ ਫੈਸਲਾ ਦਿਆਂਗਾ। ਦੋਹਾਂ ਨੂੰ ਮੰਨਣਾ ਪਵੇਗਾ। ਬੋਲ ਸੋਭਾ।

ਸੋਭਾ : ਜਿਨ੍ਹਾਂ ਵਿਚਾਰਾਂ ਦੇ ਆਧਾਰ ਤੇ ਦਿਲਾਂ ਦੀ ਸਾਂਝ ਹੋਈ ਸੀ, ਉਨ੍ਹਾਂ ਵਿਚੋਂ ਇਕ ਵੀ ਜੋੜੀ ਰਖਣ ਲਈ ਬਾਕੀ ਨਹੀਂ ਰਿਹਾ।

ਸਤੀਸ਼ : ਓਹੀ ਤਾਂ ਮੈਂ ਪੁੱਛ ਰਿਹਾਂ।

ਸੋਭਾ : ਇਨ੍ਹਾਂ ਦੇ ਸੰਸਕਾਰਾਂ ਵਿਚ ਪੁਰਾਤਨਤਾ ਭਰੀ ਹੋਈ ਏ। ਇਹ ਜੋ ਦਿਸਦੇ ਸਨ, ਉਹ ਨਹੀਂ ਨਿਕਲੇ।

ਰਮੇਸ਼ : ਵਾਹ।

ਸਤੀਸ਼ : ਗੱਲ ਖੋਲ੍ਹ ਕੇ ਦੱਸੋ।

ਸੋਭਾ : ਇਹ ਮਨੂੰ ਦੇ ਪੈਰੋਕਾਰ ਨੇ, ਇਨ੍ਹਾਂ ਦੇ ਖ਼ਿਆਲ ਅਨੁਸਾਰ ਇਸਤ੍ਰੀ ਮਰਦ ਦੀ ਸੇਵਾ ਕਰਨ ਲਈ ਪੈਦਾ ਹੁੰਦੀ ਏ। ਉਸ ਦਾ ਸਥਾਨ ਮਰਦ ਨਾਲੋਂ ਨੀਵਾਂ ਏ। ਕਈ ਦਫ਼ਾ ਮੂੰਹੋਂ ਕਹਿ ਚੁਕੇ ਨੇ। ਰੋਜ਼ ਦੇ ਵਰਤਾਓ ਵਿਚ ਹੋਰ ਵੀ ਸੱਚ ਏ।

ਸਤੀਸ਼ : (ਨੋਟ ਕਰਦਾ ਹੋਇਆ) ਮਤਲਬ ਇਹ, ਔਰਤ ਨੂੰ ਘਰ ਵਿਚ ਬਰਾਬਰੀ ਦਾ ਹੱਕ ਦੇਣ ਨੂੰ ਤਿਆਰ ਨਹੀਂ।

ਸੋਭਾ : ਹਾਂ! ਦੂਜੇ ਇਨ੍ਹਾਂ ਦਾ ਵਿਚਾਰ ਏ, ਇਸਤ੍ਰੀ ਦਾ ਸਥਾਨ ਘਰ ਦੀ ਚਾਰ ਦੀਵਾਰੀ ਅੰਦਰ ਏ। ਉਸ ਦਾ ਕੰਮ ਰੋਟੀ ਪਕਾਣਾ, ਬੱਚੇ ਪਾਲਣਾ ਤੇ ਮਰਦ ਦੀ ਮੁੱਠੀ ਚਾਪੀ ਕਰਨਾ ਏ।

ਰਮੇਸ਼ : ਹੂੰ (ਕੁਝ ਕਹਿਣ ਲੱਗਾ ਰੁਕ ਜਾਂਦਾ ਹੈ)।

ਸੋਭਾ : ਤੀਜੇ, ਇਹ ਚਾਹੁੰਦੇ ਨੇ ਮਰਦ ਦੇ ਹੁਕਮ ਤੋਂ ਬਿਨਾਂ ਇਸਤ੍ਰੀ ਸਾਹ ਵੀ ਨਾ ਲਵੇ। ਨੌਕਰਾਂ ਵਾਂਗ ਹਰ ਵੇਲੇ ਇਨ੍ਹਾਂ ਦੀ ਜੀ-ਹਜ਼ੂਰੀ ਕਰੇ।

ਰਮੇਸ਼ : ਦੇਖੋ ਸਤੀਸ਼ ਜੀ!

ਸਤੀਸ਼ : ਤੁਸੀਂ ਵਕੀਲ ਓ, ਇਨ੍ਹਾਂ ਦੇ ਬਿਆਨ ਵਿਚ ਮਤ ਬਲੋ।

ਸੋਭਾ : ਚੌਥੇ, ਇਹ ਚਾਹੁੰਦੇ ਨੇ, ਪਰਾਏ ਮਰਦ ਦੇ ਪ੍ਰਛਾਵੇਂ ਵੀ ਨਾ ਢੁੱਕਾਂ। ਕਿਸੇ ਨੂੰ ਸ਼ਕਲ ਵੀ ਨਾ ਦਿਖਾਵਾਂ, ਜੇ ਬਾਹਰ ਜਾਣਾ ਹੋਵੇ ਤਾਂ ਬੁਰਕਾ ਪਾ ਕੇ ਨਿਕਲਾਂ। ਜੇ ਭੁੱਲ ਭੁਲੇਖੇ ਕਿਸੇ ਮਰਦ ਨਾਲ ਗੱਲ ਕਰ ਬੈਠਾਂ ਤਾਂ ਇਨ੍ਹਾਂ ਨੂੰ ਹੌਲ ਪੈਣ ਲਗ ਜਾਂਦੇ ਨੇ। ਆਪ ਇਸ ਸ਼ੁਭ ਅਸੂਲ ਦੇ ਉੱਕਾ ਪਾਬੰਦ ਨਹੀਂ। ਫੇਰ ਇਹ ਮੇਰੇ ਆਚਰਨ ਤੇ ਬਿਨਾਂ ਕਾਰਨ ਸ਼ੱਕ ਕਰਦੇ ਨੇ।

ਸਤੀਸ਼ : ਕੁਝ ਹੋਰ?

ਸੋਭਾ : ਪੰਜਵੇਂ, ਇਹ ਚਾਹੁੰਦੇ ਨੇ ਇਨ੍ਹਾਂ ਦੇ ਹੁਕਮ ਤੋਂ ਬਿਨਾਂ ਇਕ ਧੇਲਾ ਖਰਚ ਨਾ ਕਰਾਂ। ਦੂਜੇ ਸ਼ਬਦਾਂ ਵਿਚ ਇਨ੍ਹਾਂ ਦਾ ਵਿਚਾਰ ਏ ਇਸਤ੍ਰੀ ਨੂੰ ਗੁਲਾਮ ਰਖਣ ਲਈ ਉਸ ਦੀ ਆਰਥਕ ਸੁਤੰਤਰਤਾ ਖੋਹਣੀ ਜ਼ਰੂਰੀ ਏ।



ਰਮੇਸ਼ : ਜਿੰਨਾ ਮਰਜ਼ੀ ਏ ਝੂਠ ਬੋਲੀ ਚਲ।

ਸੋਭਾ : ਛੇਵੇਂ ਇਹ ਦਾਜ ਸੰਬੰਧੀ ਮੈਨੂੰ ਤਾਹਨੇ ਮਿਹਣੇ ਮਾਰਦੇ ਰਹਿੰਦੇ ਨੇ। ਪਹਿਲੋਂ ਕੇਵਲ ਇਨ੍ਹਾਂ ਦੇ ਮਾਂ ਬਾਪ ਤੇ ਰਿਸ਼ਤੇਦਾਰ ਹੀ ਜਤਲਾਉਂਦੇ ਸਨ।

ਸਤੀਸ਼ : ਬਸ ਕਿ ਹੋਰ?

ਸੋਭਾ : ਫੇਰੀ ਝਗੜਾ ਲੀਲਾ ਤੋਂ ਸ਼ੁਰੂ ਹੋਇਆ ਏ। ਇਹ ਉਸ ਸ਼ਰੀਫ਼ ਆਗਿਆਕਾਰ ਇਸਤ੍ਰੀ ਤੇ ਖ਼ਾਹ-ਮ-ਖ਼ਾਹ ਦੋਸ਼ ਥਪ ਕੇ ਉਸ ਨੂੰ ਜਵਾਬ ਦੇ ਸਕੇ ਨੇ।

ਰਮੇਸ਼ : ਉਸੇ ਦਾ ਤਾਂ ਸਾਰਾ ਪੁਆੜਾ ਪਾਇਆ ਹੋਇਐ, ਇਕ ਦੀਆਂ ਦੋ ਦੋ ਲਾ ਕੇ ਦਸਦੀ ਏ।

ਸੋਭਾ : ਨਹੀਂ ਜਨਾਬ, ਇਹ ਗੱਲ ਨਹੀਂ, ਇਨ੍ਹਾਂ ਦੀ ਖੁਲ੍ਹ ਵਿਚ ਫ਼ਰਕ ਪੈਂਦਾ ਏ।

ਸਤੀਸ਼ : ਇਸ ਦਾ ਤਾਂ ਸੌਖਾ ਇਲਾਜ ਏ। ਇਹ ਵੀ ਇਕ ਨੌਕਰ ਰਖ ਲੈਣ ਜੋ ਸੋਭਾ ਦੀਆਂ ਹਰਕਤਾਂ ਦੀ ਰਿਪੋਰਟ ਦੇਵੇ।

ਰਮੇਸ਼ : ਮੈਂ ਦੋ ਨੌਕਰਾਂ ਦਾ ਖ਼ਰਚਾ ਬਰਦਾਸ਼ਤ ਨਹੀਂ ਕਰ ਸਕਦਾ।

ਸਤੀਸ਼ : ਇਕ ਨੌਕਰ ਦਾ ਖ਼ਰਚਾ ਖ਼ੁਦ ਸਰਕਾਰ ਦੇਣ ਨੂੰ ਤਿਆਰ ਹੈ।

ਰਮੇਸ਼ ! ਮੈਂ ਕਿਸੇ ਦਾ ਅਹਿਸਾਨ ਨਹੀਂ ਝਲਣਾ ਚਾਹੁੰਦਾ।

ਸੋਭਾ : ਸ਼੍ਰੀਮਾਨ ਜੀ ਨੂੰ ਪੁੱਛਿਆ ਜਾਵੇ, ਖਾਣਾ ਬਾਜ਼ਾਰੋਂ ਕਿਉਂ ਖਾਂਦੇ ਨੇ।

ਰਮੇਸ਼ : ਵਿਸ਼ਵਾਸ ਹੀ ਇਸਤ੍ਰੀ ਮਰਦ ਦੇ ਰਿਸ਼ਤੇ ਦਾ ਮੂਲ ਏ, ਉਹ ਖ਼ਤਮ ਹੋ ਚੁੱਕਾ ਏ, ਖਾਣਾ ਖਾਣ ਦਾ ਸਵਾਲ ਈ ਪੈਦਾ ਨਹੀਂ ਹੁੰਦਾ।

ਸੋਭਾ : ਕੇਵਲ ਇਕ ਗੱਲ ਹੋਰ।

ਸਤੀਸ਼ : ਛੇਤੀ ਬੋਲੋ।

ਸੋਭਾ : ਇਹ ਦੋ ਦਫ਼ਾ ਮੇਰੇ ਉਤੇ ਹੱਥ ਚੁਕ ਚੁੱਕੇ ਨੇ, ਜੋ ਇਕ ਸ਼ਰੀਫ਼ ਮਰਦ ਲਈ ਅਤਿਅੰਤ ਅਯੋਗ ਗੱਲ ਏ। ਮੈਂ ਇਹ ਕਦਾਚਿਤ ਬਰਦਾਸ਼ਤ ਨਹੀਂ ਕਰ ਸਕਦੀ।

ਸਤੀਸ਼ : ਬਹੁਤ ਬੁਰੀ ਗੱਲ ਏ। ਹੁਣ ਤੁਸੀਂ ਬੋਲੋ ਸ਼੍ਰੀਮਾਨ ਜੀ।

ਰਮੇਸ਼ : ਮੈਂ ਕੁਝ ਨਹੀਂ ਕਹਿਣਾ ਚਾਹੁੰਦਾ। ਇਨ੍ਹਾਂ ਦੇ ਬਿਆਨ ਹੀ ਤਲਾਕ ਲਈ ਕਾਫ਼ੀ ਨੇ।

ਸਤੀਸ਼ : ਇਸ ਦਾ ਸਾਫ਼ ਮਤਲਬ ਏ ਕਿ ਲਗਾਏ ਗਏ ਦੂਸ਼ਨਾਂ ਨੂੰ ਤੁਸੀਂ ਸਵੀਕਾਰ ਕਰਦੇ ਓ।

ਰਮੇਸ਼ : ਹਰਗਿਜ਼ ਨਹੀਂ।

ਸਤੀਸ਼ : ਫੇਰ ਉਜ਼ਰ ਕਰੋ, ਬੇਦਲੀਲੇ ਕਿਉਂ ਹੁੰਦੇ ਓ।

ਰਮੇਸ਼ : ਇਹ ਹਰ ਵਕਤ ਮਾਪਿਆਂ ਦੀ ਧੌਂਸ ਦਿੰਦੀ ਏ। ਮੇਰੀ ਆਰਥਕ ਹਾਲਤ ਦਾ ਮੁਕਾਬਲਾ ਕਰ ਕੇ ਮੈਨੂੰ ਚਿੜਾਉਂਦੀ ਏ। ਦਾਜ ਦੀ ਗੱਲ ਇਸ ਸੰਬੰਧ ਵਿਚ ਮੇਰੇ ਮੂੰਹੋਂ ਨਿਕਲਦੀ ਏ।

ਸਤੀਸ਼ : ਇਸ ਦੇ ਮਾਪੇ ਤਾਂ ਬਸ ਭਰਾ ਹੀ ਹੈ।

ਰਮੇਸ਼ : ਮੇਰਾ ਮਤਲਬ ਇਸ ਦੇ ਭਰਾ ਤੋਂ ਹੀ ਹੈ।

ਸਤੀਸ਼ : ਫ਼ਰਮਾਓ।

ਰਮੇਸ਼ : ਇਹ ਗੁਸਤਾਖ਼, ਮੂੰਹ ਜ਼ੋਰ, ਤੇਜ਼ ਤਰਾਰ ਤੇ ਹੱਦ ਦਰਜੇ ਦੀ ਜ਼ਿੱਦੀ ਏ। ਗੱਲ ਗੱਲ ਤੇ ਬਹਿਸ ਕਰਦੀ ਏ।

ਸ਼ੋਭਾ : ਸ਼੍ਰੀ ਮਾਨ ਜੀ ਨਾਲ ਦਲੀਲਬਾਜ਼ੀ ਜੁ ਕਰਦੀ ਆਂ।

ਸਤੀਸ਼ : ਤੁਸੀਂ ਹੁਣ ਚੁੱਪ ਰਹੋ ਜੀ।

ਰਮੇਸ਼ : ਜੋ ਇਨ੍ਹਾਂ ਨੇ ਮੇਰੇ ਉਤੇ ਅਲਜ਼ਾਮ ਲਾਏ ਨੇ, ਉਹ ਇਕ ਔਰਤ ਦਾ ਮਰਦ ਬਾਰੇ ਸਮੁੱਚਾ ਪਖਪਾਤੀ (Prejudiced) ਦ੍ਰਿਸ਼ਟੀਕੋਣ ਏ। ਮੈਨੂੰ ਨੀਚਾ ਦਿਖਾਉਣ ਲਈ ਵਧਾ ਚੜ੍ਹਾ ਕੇ ਲਾਏ ਗਏ ਨੇ।

ਸਤੀਸ਼ : ਕੀ ਵਿਚਾਰਾਂ ਵਿਚ ਫ਼ਰਕ ਪੈ ਗਿਐ ਤੁਸੀਂ ਮੰਨਦੇ ਹੋ?

ਰਮੇਸ਼ : ਬਹੁਤ ਭਾਰੀ। ਨਾ ਕੇਵਲ ਖਿਆਲਾਂ ਵਿਚ ਸਗੋਂ ਨੁਕਤਾ-ਨਿਗਾਹ ਵਿਚ, ਸੁਭਾਵਾਂ ਵਿਚ ਤੇ ਅਕੀਦਿਆਂ ਵਿਚ।

ਸ਼ੋਭਾ : ਪਤੀ ਨੂੰ ਪਰਮੇਸ਼ਰ ਕਰ ਕੇ ਨਹੀਂ ਨਾ ਪੂਜਦੀ ਇਸ ਵਾਸਤੇ।

ਸਤੀਸ਼ : ਕੀ ਤੁਹਾਨੂੰ ਇਨ੍ਹਾਂ ਦੇ ਆਚਰਨ ਬਾਰੇ ਸ਼ੰਕਾ ਏ?

ਰਮੇਸ਼ : ਬੜਾ ਭਾਰੀ।

ਸਤੀਸ਼ : ਸਬੂਤ ਪੇਸ਼ ਕਰੋ।

ਰਮੇਸ਼ : ਸਬੂਤ ਦੀ ਕੀ ਲੋੜ ਹੈ, ਸਭ ਨੂੰ ਪਤਾ ਹੈ।

ਸਤੀਸ਼ : ਅਦਾਲਤ ਸੁਣੀ ਸੁਣਾਈ ਗਲ ਤੇ ਯਕੀਨ ਨਹੀਂ ਕਰਦੀ। ਖ਼ੁਲਾਸੇ ਸੁਭਾ ਵਾਲੀਆਂ ਪੜ੍ਹੀਆਂ ਔਰਤਾਂ ਤੇ ਇਹ ਦੋਸ਼ ਆਮ ਥਪਿਆ ਜਾਂਦਾ ਏ, ਪੁਰਾਤਨ-ਖ਼ਿਆਲੀਆਂ ਵਲੋਂ।

ਰਮੇਸ਼ : ਕੀ ਮੇਰੇ ਕਰੈਕਟਰ ਉਤੇ ਲਾਏ ਅਲਜ਼ਾਮਾਂ ਦਾ ਇਨ੍ਹ' ਪਾਸ ਕੋਈ ਸਬੂਤ ਹੈ?

ਸਤੀਸ਼ : ਕਿਉਂ ਸ਼ੋਭਾ?

ਸ਼ੋਭਾ . ਇਕ ਨਹੀਂ ਕਈ ਸਬੂਤ।



ਸਤੀਸ਼ : ਫੌਰਨ ਪੇਸ਼ ਕਰੋ

ਸ਼ੋਭਾ : ਲੀਲਾ ਮੌਕੇ ਦੀ ਗਵਾਹ ਹੈ।

ਰਮੇਸ਼ : ਨੌਕਰਾਣੀ ਇਸ ਦੀ ਆਯਾ ਹੈ। ਉਹ ਹਮੇਸ਼ਾ ਇਸ ਦੇ ਹੱਕ ਵਿਚ ਝੂਠ ਬੋਲੇਗੀ।

ਸ਼ੋਭਾ : ਮੁਨਸ਼ੀ ਨੂੰ ਸਭ ਕੁਝ ਪਤਾ ਏ, ਉਹ ਸ਼ਾਇਦ ਰੋਜ਼ੀ ਦੇ ਡਰੋਂ ਨਾ ਦਸੇ।

ਸਤੀਸ਼ : ਕੋਈ ਹੋਰ ਸਬੂਤ।

ਸ਼ੋਭਾ : ਪ੍ਰੇਮੀ ਤੇ ਪ੍ਰੇਮਿਕਾ ਦੀ ਫ਼ੋਟੋ ਮੇਰੇ ਪਾਸ ਹੈ। (ਪਰਸ ਵਿਚੋਂ ਕਢਦੀ ਹੋਈ) ਅਜੇ ਪਿਛਲੇ ਹਫ਼ਤੇ ਹੀ ਕਲੱਬ ਵਿਚ ਖਿਚਾਈ ਗਈ ਏ।

ਰਮੇਸ਼ : (ਗ਼ੁੱਸੇ ਨਾਲ ਭੜਕ ਕੇ) ਸਾਰਾ ਸਕੂਲ ਗਵਾਹ ਏ। ਇਸ ਦੇ ਮੈਨੇਜਰ ਨਾਲ ਨਾਜਾਇਜ਼ ਸੰਬੰਧ ਨੇ। ਸਾਰੇ ਗਲੀ ਮਹੱਲੇ ਨੂੰ ਪਤੈ, ਇਹ ਬਦਚਲਨ ਹੈ।

ਸ਼ੋਭਾ : ਚਲੋ ਇਕ ਵੀ ਗਵਾਹ ਭੁਗਤਾਓ।

ਰਮੇਸ਼ : ਅੰਨ੍ਹੇ ਨੂੰ ਵੀ ਮੂੰਹ ਤੇ ਕੋਈ ਅੰਨ੍ਹਾ ਨਹੀਂ ਕਹਿੰਦਾ।

ਸਤੀਸ਼ : ਵਕੀਲ ਸਾਹਿਬ, ਤੁਹਾਡਾ ਸ਼ੰਕਾ ਬੇ-ਬੁਨਿਆਦ ਹੈ। ਮੈਂ ਉਸ ਸਕੂਲ ਦੀ ਕਮੇਟੀ ਦਾ ਮੈਂਬਰ ਹਾਂ। ਸ਼ੋਭਾ ਦੀ ਸਕੂਲ ਵਿਚ ਬੇ-ਹੱਦ ਇੱਜ਼ਤ ਏ ਕੇਵਲ ਇਸ ਦੇ ਆਦਰਸ਼ਕ ਆਚਰਨ ਕਰ ਕੇ।

ਰਮੇਸ਼ : ਤੁਸੀਂ ਝਗੜਾ ਨਜਿੱਠ ਹੀ ਨਹੀਂ ਸਕਦੇ। ਹਰ ਹਾਲਤ ਵਿਚ ਭੈਣ ਦੀ ਰਿਆਇਤ ਕਰੋਗੇ।

ਸਤੀਸ਼ : ਮੇਰੇ ਵਾਸਤੇ ਭੈਣ ਤੇ ਭਣੋਈਆ ਇਕੋ ਰੂਪ ਨੇ। ਮੈਂ ਅਨਿਆਂ ਵਿਰੁਧ ਆਂ। ਜਿਸ ਦੀ ਵਧੀਕੀ ਹੋਵੇਗੀ ਮੈਂ ਉਸ ਦੇ ਖ਼ਿਲਾਫ਼ ਹੋਵਾਂਗਾ।

ਰਮੇਸ਼ : ਫੇਰ ਜ਼ਿਆਦਤੀ ਤਾਂ ਮੇਰੀ ਹੀ ਸਮਝੀ ਜਾਵੇਗੀ। ਭੈਣ ਦੇ ਔਗਣ ਵੀ ਤੁਹਾਨੂੰ ਗੁਣ ਹੀ ਦਿਸਦੇ ਨੇ। ਤੇ ਮੇਰੇ ਗੁਣ...

ਸਤੀਸ਼ : ਰਮੇਸ਼ ਜੀ ਤੁਸੀਂ ਸ਼ੋਭਾ ਦਾ ਸੁਭਾ ਅਜੇ ਪਾਇਆ ਨਹੀਂ ਲਗਦਾ। ਇਹ ਕਿਸੇ ਦੀ ਵਧੀਕੀ ਨਹੀਂ ਸਹਾਰ ਸਕਦੀ। ਇਹ ਕੇਵਲ ਦਲੀਲ ਨਾਲ ਬਦਲ ਸਕਦੀ ਏ ਭਾਵਾਂ ਦਬਾਵਾਂ ਨਾਲ ਨਹੀਂ। ਪਿਉ ਦੀ ਛਤਰ ਛਾਂ ਤੋਂ ਇਸ ਨੇ ਬਗ਼ਾਵਤ ਕੀਤੀ ਸੀ ਕੇਵਲ...

ਰਮੇਸ਼ : ਤੁਹਾਡੇ ਦੋਹਾਂ ਦੇ ਘ੍ਰਿਣਤ ਰਵੱਈਏ ਤੋਂ ਪਿਤਾ ਦਾ ਦਿਲ ਫੇਲ ਹੋਇਆ ਏ।

ਸਤੀਸ਼ : ਇਸ ਵਿਚ ਮੇਰੇ ਨਾਲੋਂ ਬਹੁਤਾ ਤੁਹਾਡਾ ਹੱਥ ਹੈ। ਰਮੇਸ਼ ਜੀ, ਭੁੱਲ ਗਏ ਜਾਪਦੇ ਓ, ਤੁਹਾਡੇ ਆਦਰਸ਼ਕ ਸਾਥ ਪਿਛੇ ਇਹਨੇ ਬਗ਼ਾਵਤ ਕੀਤੀ ਸੀ, ਹੁਣ ਇਸ ਨੂੰ ਪਤੀ ਦੇ ਮਾਰੂ ਆਸਰੇ ਤੋਂ ਵੀ ਮਜਬੂਰਨ ਆਕੀ ਹੋਣਾ ਪੈ ਰਿਹਾ ਏ।

ਰਮੇਸ਼ : ਏਸ ਬੀਬੀ ਰਾਣੀ ਨੂੰ ਸ਼ਾਦੀ ਕਰਵਾਣੀ ਨਹੀਂ ਸੀ ਚਾਹੀਦੀ।

ਸ਼ੋਭਾ : ਹਰ ਮਨੁੱਖ ਧੋਖਾ ਖਾ ਸਕਦਾ ਏ। ਉਸ ਭੁੱਲ ਦਾ ਹੀ ਤਾਂ ਫਲ ਭੁਗਤ ਰਹੀ ਆਂ। ਤੁਹਾਡੀ ਵਾਸਨਾ ਨੂੰ ਮੈਂ ਪਿਆਰ ਸਮਝਣ ਦੀ ਭੁਲ ਕਰ ਬੈਠੀ ਹਾਂ।

ਰਮੇਸ਼ : ਮੈਨੂੰ ਵੀ ਨਹੀਂ ਪਤਾ ਕਿ ਵਿਚੋਂ ਤੂੰ ਐਨੀ ਮੂੰਹ-ਜ਼ੋਰ, ਅੱਖੜ ਤੇ ਛਟੀ ਹੋਈ ਨਿਕਲੇਂਗੀ।

ਸਤੀਸ਼ : ਵਾਪਸ ਲਓ ਇਹ ਅਸੱਭਿਆ ਸ਼ਬਦ।

ਰਮੇਸ਼ : ਖੱਦਰ ਦੇ ਕਪੜਿਆਂ ਦੀ ਧੌਂਸ ਦਿੰਦੇ ਓ। ਮੈਂ ਜਾਣਦਾਂ ਬਗਲੇ ਭਗਤ ਨੂੰ।

ਸਤੀਸ਼ : (ਡਾਂਟ ਕੇ) ਮੈਂ ਧੌਂਸ ਨਹੀਂ ਦਿੰਦਾ ਵਕੀਲ ਸਾਹਿਬ, ਅਕਲ ਤੇ ਦਲੀਲ ਨਾਲ ਗੱਲ ਕਰੋ ਸ਼ਰੀਫ਼ਾਂ ਵਾਂਗ।

ਰਮੇਸ਼ : ਸ਼ਰਾਫ਼ਤ ਤਾਂ ਬਸ ਤੁਹਾਡੇ ਦੋਹਾਂ ਦੇ ਪੱਲੇ ਰਹਿ ਗਈ। ਦੁਨੀਆਂ ਜਾਣਦੀ ਏ ਤੁਸੀਂ ਮਾਂ ਬਾਪ ਦੇ ਕਾਤਲ ਓ।

ਸਤੀਸ਼ : ਵਕੀਲ ਸਾਹਿਬ, ਸਾਡੇ ਮਾਂ ਬਾਪ ਤਕ ਨਾ ਪੁਜੋ, ਨਤੀਜਾ ਬੁਰਾ ਨਿਕਲੇਗਾ। ਇਸ ਦੇ ਸਗੋਂ ਤੁਸੀਂ ਜ਼ਿਮੇਵਾਰ ਓ।

ਰਮੇਸ਼ : ਮੈਂ ਵਕੀਲ ਆਂ, ਤੁਹਾਡੇ ਨਾਲੋਂ ਵਧ ਨਤੀਜੇ ਨੂੰ ਸਮਝਦਾ ਹਾਂ।

ਸਤੀਸ਼ : ਵਕੀਲ ਸਗੋਂ ਛੋਤੀ ਸੀਖਾਂ ਅੰਦਰ ਹੁੰਦੇ ਨੇ।

ਮੁਨਸ਼ੀ : (ਖੰਘੂਰਾ ਮਾਰ ਕੇ) ਜੀ, ਲਾਲਾ ਬੰਸੀ ਧਰ ਆਏ ਬੈਠੇ ਨੇ ਚਰੋਕਣੇ। ਬਹੁਤ ਜ਼ਰੂਰੀ ਕੰਮ ਦਸਦੇ ਨੇ।

ਰਮੇਸ਼ : ਤੇ ਫੇਰ ਮੈਨੂੰ ਪਹਿਲੋਂ ਕਿਉਂ ਨਹੀਂ ਦਸਿਆ। (ਜਾਂਦਾ ਹੋਇਆ ਦਰਵਾਜ਼ੇ ਅਗੇ ਇਕ ਔਰਤ ਨੂੰ ਖੜੀ ਦੇਖ ਕੇ) ਬੀਬੀ, ਕੀ ਗੱਲ ਏ। ਮੁਨਸ਼ੀ, ਇਨ੍ਹਾਂ ਦੀ ਗੱਲ ਧਿਆਨ ਨਾਲ ਸੁਣ, ਮੈਂ ਆਇਆ।

ਸਤੀਸ਼ : ਪ੍ਰੈਕਟਿਸ ਕੁਝ ਚਲ ਗਈ ਮਲੂਮ ਹੁੰਦੀ ਏ। ਤਾਹੀਉਂ ਸ਼ਾਇਦ ਦਿਮਾਗ ਵਿਚ ਫ਼ਰਕ ਪੈ ਰਿਹੈ।

ਸ਼ੋਭਾ : ਅੱਜ ਹੀ ਦੋ ਚਾਰ ਬੰਦੇ ਆਏ ਨੇ।

ਸਤੀਸ਼ : ਦਿਮਾਗ ਤਾਂ ਮੈਂ ਦੋ ਮਿੰਟਾਂ ਵਿਚ ਟਿਕਾਣੇ ਲਿਆ ਦਿਆਂ। ਕਰਾਂ ਕੀ ਰਿਸ਼ਤਾ ਨਾਜ਼ਕ ਏ।

ਸ਼ੋਭਾ : ਵਧੀਕੀ ਬਿਲਕੁਲ ਨਹੀਂ ਕਰਨੀ। ਬੁਰੇ ਨਾਲ ਆਪਣੀ ਵਡੱਤਣ ਬੰਦਾ ਕਿਉਂ ਛੱਡ ਦੇਵੇ।

ਸਤੀਸ਼ : ਓਹ ਸੁਣ।



ਮੁਨਸ਼ੀ : ਭੈਣਾਂ ਤੂੰ ਚਾਹੁੰਦੀ ਕੀ ਏਂ?

ਇਸਤ੍ਰੀ : ਵਕੀਲ ਨੂੰ ਈ ਦਸਾਂਗੀ।

ਮੁਨਸ਼ੀ : ਇਕੋ ਗੱਲ ਏ। ਨਾਲੇ ਉਹ ਅੱਜ ਬਹੁਤ ਰੁਝੇ ਹੋਏ ਨੇ। ਉਨ੍ਹਾਂ ਨੂੰ ਗੱਲ ਕਰਨ ਦੀ ਵਿਹਲ ਕਿਥੇ। ਬਹੁਤ ਵਡੇ ਵਕੀਲ ਨੇ। ਤੂੰ ਮੈਨੂੰ ਦਸ।

ਇਸਤ੍ਰੀ : ਖ਼ਰਚੇ ਦਾ ਦਾਅਵਾ ਕਰਨੈਂ।

ਮੁਨਸ਼ੀ : ਅਸੀਂ ਬੈਠੇ ਕਿਸ ਵਾਸਤੇ ਆਂ। ਵਿਗੜੇ ਤਿਗੜੇ ਮਰਦਾਂ ਨੂੰ ਸਿੱਧਾ ਕਰਨ ਲਈ। ਫ਼ੀਸ ਫ਼ਾਸ ਲਿਆਂਦੀ ਏ ਕਿ ਨਹੀਂ?

ਇਸਤ੍ਰੀ : ਫ਼ੀਸ ਪਹਿਲੋਂ ਹੀ, ਖ਼ਰਚੇ ਲਈ ਤੇ ਦਾਅਵਾ ਕਰਨੈ।

ਮੁਨਸ਼ੀ : ਭੈਣਾਂ, ਪੈਸੇ ਨੂੰ ਪੈਸਾ ਕਮਾਉਂਦਾ ਏ। ਪਹਿਲਾਂ ਖ਼ਰਚਾ ਕਰੇਂਗੀ ਤਾਂ ਖ਼ਰਚਾ ਮਿਲੂ। ਇਹ ਤਾਂ ਤੇਰੀ ਕਿਸਮਤ ਚੰਗੀ ਸੀ ਜੋ ਤੂੰ ਇਥੇ ਆ ਗਈ ਏਂ। ਇਹ ਬਹੁਤ ਵਡੇ ਵਕੀਲ ਨੇ। ਇਨ੍ਹਾਂ ਕਦੇ ਮੁਕੱਦਮਾ ਨਹੀਂ ਹਾਰਿਆ। ਸਭ ਜੱਜ ਇਨ੍ਹਾਂ ਦੇ ਵਾਕਿਫ਼ ਨੇ।

ਸ਼ੋਭਾ ਤੇ ਸਤੀਸ਼ ਮੁਸਕ੍ਰਾਂਦੇ ਹਨ।

ਇਸਤ੍ਰੀ : (ਪ੍ਰਭਾਵਤ ਹੋ ਕੇ) ਫ਼ੀਸ ਕਿੰਨੀ ਲੱਗੇਗੀ?

ਮੁਨਸ਼ੀ : ਕੀ ਕਰਦਾ ਏ ਤੇਰਾ ਪਤੀ?

ਇਸਤ੍ਰੀ : ਜੀ ਸਰਕਾਰੀ ਨੌਕਰੀ।

ਮੁਨਸ਼ੀ : ਤਨਖ਼ਾਹ ਕਿੰਨੀ ਲੈਂਦਾ ਏ?

ਇਸਤ੍ਰੀ : ਤਿੰਨ ਸੌ ਤੋਂ ਉਤੇ ਹੋ ਗਈ ਏ।

ਮੁਨਸ਼ੀ : ਹੂੰ! ਸੁਪਰਿਨਟੈਂਡੈਂਟ ਬਣ ਗਿਆ ਹੋਣਾ ਏਂ।

ਇਸਤ੍ਰੀ : (ਹੋਰ ਪ੍ਰਭਾਵਤ ਹੋ ਕੇ) ਜੀ ਹਾਂ।

ਮੁਨਸ਼ੀ : ਤਾਹੀਓਂ ਦਿਮਾਗ ਵਿਚ ਫ਼ਰਕ ਪਿਆ ਏ। ਭੈਣ, ਮਾਇਆ ਬੰਦੇ ਦੀ ਬੁੱਧੀ ਭਰਿਸ਼ਟ ਕਰ ਦਿੰਦੀ ਏ। ਵਿਆਹ ਕਰਵਾ ਲਿਐ ਕਿ ਕਰਵਾਣਾ ਏਂ?

ਇਸਤ੍ਰੀ : ਇਕ ਛੱਤਿਆਂ ਵਾਲੀ ਮਗਰ ਲਾਈ ਤਾਂ ਫਿਰਦਾ ਏ। ਪਰ ਵਿਆਹ ਨਹੀਂ ਕੀਤਾ। ਦਫ਼ਤਰ ਦੀ ਟਾਈਪਿਸਟ ਏ ਸ਼ਾਇਦ।

ਮੁਨਸ਼ੀ : ਬੀਬੀ, ਬੜਾ ਟੇਢਾ ਮਾਮਲਾ ਏ, ਪਹਿਲੋਂ ਤਲਾਕ ਲੈਣਾ ਪਵੇਗਾ। ਬੱਚੇ ਕਿੰਨੇ ਨੇ?

ਇਸਤ੍ਰੀ : ਜੀ ਤਿੰਨ।

ਮੁਨਸ਼ੀ : ਹੂੰ ਸੁਣ ਭੈਣ, ਤੈਨੂੰ ਤੇ ਤੇਰੇ ਬੱਚਿਆਂ ਨੂੰ ਖ਼ਰਚਾ ਲੈ ਦਿਆਂਗੇ ਜ਼ਰੂਰ-ਬਰ-

ਜ਼ਰੂਰ, ਪਰ ਫ਼ੀਸ ਚਾਰ ਸੌ ਚਾਲ੍ਹੀ ਰੁਪਏ ਲੱਗੇਗੀ। ਕੇਸ ਬਹੁਤ ਗੁੰਝਲਦਾਰ ਏ, ਇਹ ਵੀ ਰਿਆਇਤ ਏ।

ਇਸਤ੍ਰੀ : ਹੈਂ ! ਐਨੀ ? ਬਹੁਤ ਜ਼ਿਆਦੇ। ਮੇਰੇ ਤਾਂ ਗਹਿਣੇ ਵੀ ਉਨ੍ਹਾਂ ਦੇ ਕਬਜ਼ੇ ਵਿਚ ਨੇ।

ਮੁਨਸ਼ੀ : ਕੋਈ ਬੰਦੋਬਸਤ ਕਰ। ਮਾਪਿਆਂ ਤੋਂ ਲਿਆ, ਚਾਹੇ ਕਾਲੇ ਚੋਰ ਤੋਂ, ਪੈਸਿਆਂ ਤੋਂ ਬਿਨ੍ਹਾਂ ਗੱਲ ਨਹੀਂ ਬਣਨੀ। ਇਥੇ ਗੱਲਾਂ ਦਾ ਮੁੱਲ ਏ।

ਇਸਤ੍ਰੀ : ਸਾਡੇ ਗੁਆਂਢ ਇਕ ਵਕੀਲ ਏ ਉਹ ਇਕ ਸੌ ਦਸ ਮੰਗਦੈ।

ਮੁਨਸ਼ੀ : ਵਕੀਲ ਵਕੀਲ ਵਿਚ ਫ਼ਰਕ ਹੁੰਦਾ ਏ ਬੀਬੀ। ਕੀ ਇਹ ਪੰਜੇ ਉਂਗਲਾਂ ਇਕ ਬਰਾਬਰ ਨੇ। ਉਸ ਵਕੀਲ ਨੇ ਕੰਮ ਵੀ ਤਾਂ ਫੇਰ ਇਕ ਸੌ ਦਸਾਂ ਦਾ ਈ ਕਰਨੈ। ਠਹਿਰ ਜਾਈਂ। ਤੈਨੂੰ ਵਕੀਲ ਸਾਹਿਬ ਤੋਂ ਵਕਤ ਲੈ ਦਿੰਦਾਂ। ਅਰਜ਼ ਕਰ ਵੇਖੀਂ ਮਤੇ ਕੁਝ ਰਿਆਇਤ ਕਰ ਦੇਣ। ਉਸ ਕੁਰਸੀ ਤੇ ਬਹਿ ਜਾ ਦਫ਼ਤਰ ਅਗੇ। ਪਾਣੀ ਪੀਓਗੇ ?

ਇਸਤ੍ਰੀ : ਸਾਡਾ ਅੰਨ ਪਾਣੀ ਤਾਂ ਪ੍ਰਮਾਤਮਾ ਨੇ ਕਈ ਦਿਨਾਂ ਤੋਂ ਖੋਹਿਆ ਹੋਇਆ ਏ।

ਸ਼ੋਭਾ : ਮੈਂ ਇਕ ਮਿੰਟ ਵਿਚ ਆਈ।

ਮੁਨਸ਼ੀ : (ਸਤੀਸ਼ ਨੂੰ ਇਕੱਲਾ ਦੇਖ ਕੇ) ਖ਼ੌਰੇ ਜ਼ਮਾਨੇ ਨੂੰ ਕੀ ਮਾਰ ਵਗ ਗਈ ਏ। ਫੇਰ ਇਹ ਲੋਕ ਹੁਸ਼ਿਆਰ ਬੜੇ ਹੋ ਗਏ ਨੇ, ਕਾਨੂੰਨ ਦੀ ਜ਼ਦ ਵਿਚ ਨਹੀਂ ਆਉਂਦੇ। ਬਿਨ੍ਹਾਂ ਸ਼ਾਦੀ ਕੀਤਿਆਂ ਲਈ ਫਿਰਦੇ ਨੇ। ਇਨ੍ਹਾਂ ਲੜਕੀਆਂ ਦੇ ਮਾਪੇ ਵੀ ਕੁਝ ਨਹੀਂ ਕਹਿੰਦੇ।

ਸਤੀਸ਼ : ਸਭ ਆਰਥਕ ਮੰਦਹਾਲੀ ਦਾ ਨਤੀਜਾ ਏ ਮੁਨਸ਼ੀ ਜੀ। ਅੰਦਰ ਆਓ ਜ਼ਰਾ।

ਮੁਨਸ਼ੀ : ਬਾਬੂ ਜੀ, ਐਨੀ ਤੁਹਾਡੀ ਪਹੁੰਚ ਏ। ਕਈ ਦਫ਼ਾ ਅਰਜ਼ ਕਰ ਚੁਕਾਂ, ਮੈਨੂੰ ਕਿਤੇ ਮਾੜੇ ਮੋਟੇ ਕੰਮ ਤੇ ਅੜਾ ਛਡੋ।

ਸਤੀਸ਼ : ਕਿਉਂ, ਇਥੇ ਗੁਜ਼ਾਰਾ ਨਹੀਂ ਹੁੰਦਾ ?

ਮੁਨਸ਼ੀ : ਜਦ ਵਕੀਲ ਸਾਹਿਬ ਦਾ ਢਿੱਡ ਨਹੀਂ ਭਰਦਾ ਤਾਂ ਮੇਰਾ ਕੀ ਬਣ ਸਕਦੈ। ਬੀਬੀ ਜੀ ਨੂੰ ਪੁਛ ਲਓ ਭਾਵੇਂ।

ਸਤੀਸ਼ : ਮੁਨਸ਼ੀ ਜੀ, ਪ੍ਰਮਾਤਮਾ ਨੂੰ ਹਾਜ਼ਰ ਨਾਜ਼ਰ ਜਾਣ ਕੇ ਦਸਿਓ।

ਮੁਨਸ਼ੀ : (ਬਾਹਰ ਵਲ ਝਾਤ ਮਾਰ ਕੇ) ਪੁਛੋ ਜੀ ਛੇਤੀ, ਮੈਨੂੰ ਕੀ ਲੋੜ ਏ ਝੂਠ ਬੋਲਣ ਦੀ।

ਸਤੀਸ਼ : ਝਗੜੇ ਦਾ ਤਾਂ ਤੁਹਾਨੂੰ ਪਤਾ ਈ ਏ।



ਮੁਨਸ਼ੀ : ਚੰਗੀ ਤਰ੍ਹਾਂ ਜੀ।

ਸਤੀਸ਼ : ਸੱਚ ਦਸੋ, ਇਸ ਝਗੜੇ ਵਿਚ ਬਹੁਤਾ ਕਿਸ ਦਾ ਕਸੂਰ ਏ ?

ਮੁਨਸ਼ੀ : ਜੀ, ਮੈਂ.......ਮੈਂ ਤਾਂ ਹੈਰਾਨ ਆਂ, ਵਿਧਾਤਾ ਨੇ ਇਹ ਅਨਜੋੜ ਕਿੱਦਾਂ ਕਰ ਦਿਤਾ। ਬੀਬੀ ਜੀ ਦੇ ਸੀਰਤ ਤੇ ਸ਼ਰਾਫ਼ਤ ਦਾ ਕੋਈ ਮੁਲ ਨਹੀਂ। ਸਭ ਤਰੀਫ਼ਾਂ ਕਰਦੇ ਨੇ। ਅਸਲ 'ਚ ਬਾਬੂ ਜੀ, ਸੁਹਬਤ ਬੰਦੇ ਨੂੰ ਵਿਗਾੜ ਦਿੰਦੀ ਏ। ਇਕ ਲੁੱਚੇ ਜਿਹੇ ਵਕੀਲ ਨਾਲ ਰਲ ਕੇ ਜਦੋਂ ਦੇ ਕਲੱਬ ਦੇ ਮੈਂਬਰ ਬਣੇ ਨੇ, ਤੌਰ ਭੌਰ ਈ ਬਦਲ ਗਏ ਨੇ। (ਹੱਥ ਜੋੜ ਕੇ) ਆਹ ਦੇਖੋ, ਬਾਬੂ ਜੀ, ਗੱਲ ਨਾ ਕਰਨੀ।

ਸਤੀਸ਼ : ਅੱਛਾ ਤੂੰ ਜਾ। ਮੈਂ ਜ਼ਰੂਰ ਤੇਰੇ ਲਈ ਕੋਈ ਕੰਮ ਲਭ ਕੇ ਦਿਆਂਗਾ।

ਮੁਨਸ਼ੀ : ਜੀ, ਮੈਂ ਸਦਾ ਤੁਹਾਡੇ ਗੁਣ ਗਾਵਾਂਗਾ।

ਮੁਨਸ਼ੀ ਜਾਂਦਾ ਹੈ। ਸਤੀਸ਼ ਕਮਰੇ ਅੰਦਰਲੀਆਂ ਚੀਜ਼ਾਂ ਨੂੰ ਗਹੁ ਨਾਲ ਦੇਖਦਾ ਤੇ ਗੁਣਗੁਣਾਂਦਾ ਹੈ। ਪਲ ਕੁ ਪਿਛੋਂ ਸ਼ੋਭਾ ਆਉਂਦੀ ਹੈ।

ਸਤੀਸ਼ : ਸ਼ੋਭਾ, ਸੁਣੀ ਸੀ ਉਸ ਔਰਤ ਦੀ ਗੱਲ।

ਸ਼ੋਭਾ : ਮੈਂ ਸੁਣ ਕੇ ਗਈ ਸਾਂ। ਅਸਲ ਵਿਚ ਇਸਤ੍ਰੀ ਨੂੰ ਆਪਣੇ ਅਧਿਕਾਰਾਂ ਦੀ ਸੂਝ ਹੋ ਗਈ ਏ। ਮਰਦਾਂ ਦੀ ਖੁਲ੍ਹ ਖੇਲ ਮਾਰੀ ਗਈ ਏ। ਇਸਤ੍ਰੀ ਪੁਰਾਣੀ ਹਾਲਤ ਵਿਚ ਰਹਿਣ ਨੂੰ ਤਿਆਰ ਨਹੀਂ। ਬੰਦੇ ਨੂੰ ਇਸ ਗੱਲ ਦਾ ਗੁੱਸਾ ਤੇ ਚਿੜ੍ਹ ਏ।

ਸਤੀਸ਼ : ਸ਼ੋਭਾ, ਪਿਤਾ ਜੀ ਨੇ ਉਸ ਵੇਲੇ ਠੀਕ ਈ ਕਿਹਾ ਸੀ ਪਈ ਕਾਹਲ ਨਾ ਕਰ !

ਸ਼ੋਭਾ : ਭਰਾ ਜੀ, ਜੇ ਮਨੁਖ ਵਿਚ ਕਮਜ਼ੋਰੀਆਂ ਨਾ ਹੋਣ ਤਾਂ ਉਹ ਰੱਬ ਦਾ ਸਾਨੀ ਨਾ ਬਣ ਜਾਵੇ। ਨਾਲੇ ਪਿਆਰ ਦੀ ਅਵਸਥਾ ਵਿਚ ਬੰਦਾ ਅੰਨ੍ਹਾ ਵੀ ਤਾਂ ਹੋ ਜਾਂਦਾ ਏ।

ਸਤੀਸ਼ : ਇਹ ਤਾਂ ਪਿਆਰ ਵੀ ਝਗ ਸਮਾਨ ਨਿਕਲਿਆ।

ਸ਼ੋਭਾ : ਪਹਿਲੀ ਉਮਰ ਵਿਚ ਪਿਆਰ ਤੇ ਵਾਸਨਾ ਦਾ ਨਖੇੜਾ ਕਰਨਾ ਔਖਾ ਹੁੰਦਾ ਏ। ਬਹੁਤ ਚਿਰ ਇਹ ਮੇਰੇ ਪਿਛੇ ਫਿਰਦਾ ਰਿਹਾ। ਪਰਖ ਵੇਖ ਕੇ ਮੈਂ ਇਹਨੂੰ ਮੂੰਹ ਲਾਇਆ ਸੀ। ਮੈਨੂੰ ਇਹ ਸਭ ਤੋਂ ਨੇਕ ਸ਼ਰੀਫ਼ ਤੇ ਹਮ-ਖ਼ਿਆਲ ਨੌਜਵਾਨ ਲੱਗਾ ਸੀ।

ਸਤੀਸ਼ : ਕਿੰਨਾ ਭਾਰੀ ਟਪਲਾ ਖਾਧਾ ਏ ਤੂੰ।

ਸ਼ੋਭਾ : ਮੇਰੀ ਸ਼ਖ਼ਸੀਅਤ ਹੀ ਕੁਚਲੀ ਗਈ ਏ। ਮਾਨਸਕ ਉੱਨਤੀ ਰੁਕ ਗਈ ਏ।

ਸਤੀਸ਼ : ਫੇਰ ਦੱਸ, ਬਗ਼ਾਵਤ ਕਰ ਕੇ ਤੂੰ ਕੀ ਖੱਟਿਆ ?

ਸੋਭਾ : ਭਰਾ ਜੀ, ਸਮੇਂ ਨਾਲ ਸਮਝੌਤਾ ਕਰਨ ਵਾਲੇ ਹੀ ਖਟਦੇ ਨੇ। ਬਾਗੀ ਤਾਂ ਦੂਜਿਆਂ ਖ਼ਾਤਰ ਜਾਨ ਈ ਗਵਾਉਂਦੇ ਏ।

ਸਤੀਸ਼ : ਡੈਡੀ ਦਾ ਸੁਭਾ ਭਾਵੇਂ ਕਿੰਨਾ ਸਖ਼ਤ ਤੇ ਕੌੜਾ ਸੀ, ਪਰ ਤੇਰੇ ਲਈ ਤਾਂ ਉਹ ਜਾਨ ਦਿੰਦੇ ਸਨ।

ਸੋਭਾ : ਬਗਾਵਤ ਦਾ ਮਤਲਬ ਨਫ਼ਰਤ ਨਹੀਂ। ਸਿਧਾਂਤਕ ਵਿਰੋਧ ਸੀ। ਮੇਰੇ ਮਨ ਵਿਚ ਹੁਣ ਵੀ ਉਨ੍ਹਾਂ ਲਈ ਪੂਰਾ ਸਤਿਕਾਰ ਏ। ਮੈਨੂੰ ਗੁੱਸਾ ਤੇ ਤਾਂ ਆਇਆ ਜਦੋਂ ਉਹ ਮੈਨੂੰ ਪੁਛੇ ਬਿਨਾਂ ਵਿਆਹ ਦੀ ਤਿਆਰੀ ਕਰਨ ਲਗ ਪਏ।

ਸਤੀਸ਼ : ਆਪਣੇ ਵਲੋਂ ਤਾਂ ਉਹ ਤੇਰੇ ਭਲੇ ਹਿਤ ਕਰਦੇ ਸਨ।

ਸੋਭਾ : ਉਹ ਲੜਕਾ ਇਸ ਨਾਲੋਂ ਵੀ ਭੈੜਾ ਸਿੱਧ ਹੋਣਾ ਸੀ। ਇਸ ਮਾਮਲੇ ਵਿਚ ਸਭ ਮਰਦ ਇਕ ਬਰਾਬਰ ਨੇ।

ਸਤੀਸ਼ : ਮੈਂ ਵੀ।

ਸੋਭਾ : ਤੂੰ ਕਿਸੇ ਤੋਂ ਘਟ ਏਂ। ਭਰਜਾਈ ਨੂੰ ਕਿੰਨਾ ਦਬਾ ਕੇ ਰਖਦਾ ਏਂ।

ਸਤੀਸ਼ : ਫੇਰ ਮੈਂ ਮਰਦਾਂ ਦਾ ਸਾਥ ਦਿਆਂਗਾ, ਤੇਰਾ ਕਿਉਂ ਦੇਵਾਂ।

ਸੋਭਾ : ਬੇਸ਼ਕ ਦੇ। ਮੈਨੂੰ ਤੇਰੀ ਸਹਾਇਤਾ ਦੀ ਲੋੜ ਨਹੀਂ। ਜੇ ਔਰਤ ਆਪਨੀ ਰਖਿਆ ਆਪ ਨਹੀਂ ਕਰ ਸਕਦੀ, ਉਹਨੂੰ ਕੋਈ ਨਹੀਂ ਬਚਾ ਸਕਦਾ। ਮੈਂ ਅਸੂਲਾਂ ਪਿਛੇ ਸ਼ਹੀਦ ਹੋ ਜਾਣ ਵਾਲੀ ਇਸਤ੍ਰੀ ਹਾਂ।

ਸਤੀਸ਼ : ਸੋਭਾ, ਹੁਣ ਤੂੰ ਅਸਲ ਰੂਪ ਵਿਚ ਏਂ! ਐਨ ਚੰਡੀ ਦਾ ਅਵਤਾਰ। ਮੈਨੂੰ ਤਾਂ ਡਰ ਲਗਣ ਲਗ ਪਿਆ ਏ।

ਮੁਨਸ਼ੀ ਅੱਖ ਬਚਾ ਕੇ ਫੇਰ ਆਉਂਦਾ ਹੈ।

ਮੁਨਸ਼ੀ : ਬੀਬੀ ਜੀ, ਮੇਰਾ ਹੱਕ ਤਾਂ ਨਹੀਂ, ਜੇ ਇਜਾਜ਼ਤ ਦਿਓ ਤਾਂ ਮੈਂ ਕੁਝ ਅਰਜ਼ ਕਰਾਂ।

ਸੋਭਾ : ਤੁਸੀਂ ਮੇਰੇ ਪਿਤਾ ਸਮਾਨ ਓ, ਨਿਝੱਕ ਗੱਲ ਕਰੋ।

ਮੁਨਸ਼ੀ : ਤੁਸੀਂ ਹੀ ਕੁਝ ਧੀਰਜ ਤੋਂ ਕੰਮ ਲਓ। ਸਿਆਣੀਆਂ ਔਰਤਾਂ ਅੱਖੜ ਤੋਂ ਅੱਖੜ ਮਰਦਾਂ ਨੂੰ ਕਾਬੂ ਕਰ ਲੈਂਦੀਆਂ ਨੇ।

ਸੋਭਾ : ਮੁਨਸ਼ੀ ਜੀ, ਮੈਂ ਬੇਹੱਦ ਝੁਕ ਕੇ ਦੇਖ ਚੁਕੀ ਆਂ। ਆਪਨੀ ਅੰਤਹਰਕਰਨ ਨੂੰ ਕੁਚਲਨ ਦੀ ਕੁਰਬਾਨੀ ਕਰ ਚੁਕੀ ਆਂ। ਆਪਣੇ ਸੁਭਾ ਦੇ ਐਨ ਉਲਟ ਲਿਫ ਚੁਕੀ ਆਂ।

ਮੁਨਸ਼ੀ : ਫੇਰ ਨੌਕਰੀ ਛੱਡ ਦਿਓ, ਆਪੇ ਝਗੜਾ ਮੁਕ ਜਾਵੇਗਾ।



ਸੋਭਾ : ਤਾਂ ਜੋ ਟੁੱਟੇ ਛਿੱਤਰ ਵਾਂਗ ਸਾਰੀ ਉਮਰ ਪੈਰਾਂ ਵਿਚ ਰੁਲਦੀ ਰਵ੍ਹਾਂ।

ਸਤੀਸ਼ : ਮੁਨਸ਼ੀ ਜੀ, ਤੁਸੀਂ ਪੁਰਾਣੇ ਜ਼ਮਾਨੇ ਦੀਆਂ ਗੱਲਾਂ ਕਰਦੇ ਓ।

ਸੋਭਾ : ਅੱਜ ਤਾਂ ਅਨਪੜ੍ਹ ਇਸਤ੍ਰੀ ਵੀ ਇਹ ਕੁਝ ਬਰਦਾਸ਼ਤ ਨਹੀਂ ਕਰ ਸਕਦੀ।

ਸਤੀਸ਼ : ਸੋਭਾ ਤੋਂ ਇਹ ਨਹੀਂ ਹੋ ਸਕਦਾ। ਨਾਲੇ ਸੋਭਾ ਵਰਗੀਆਂ ਸ਼ਰੀਫ ਟਾਈਪ ਲੜਕੀਆਂ ਇਹੋ ਜਿਹੇ ਬੰਦਿਆਂ ਨੂੰ ਕਾਬੂ ਨਹੀਂ ਰਖ ਸਕਦੀਆਂ।

ਮੁਨਸ਼ੀ : ਸਾਨੂੰ ਤਾਂ ਸਮਝ ਨਹੀਂ ਆਉਂਦੀ, ਰੋਜ਼ ਕਚਹਿਰੀ ਵਿਚ ਮੁਕੱਦਮੇ ਸੁਣਦੇ ਆਂ ਅਜੀਬ ਗਰੀਬ। ਔਰਤਾਂ ਕਹਿੰਦੀਆਂ ਮਰਦਾਂ ਦਾ ਕਸੂਰ ਏ, ਮਰਦ ਕਹਿੰਦੇ ਨੇ ਨਵੀਂ ਆਜ਼ਾਦੀ ਨੇ ਔਰਤਾਂ ਨੂੰ ਚੌੜ ਕਰ ਦਿਤਾ ਏ।

ਸੋਭਾ : ਮੁਨਸ਼ੀ ਜੀ, ਸਦੀਆਂ ਪਿਛੋਂ ਭਾਰਤੀ ਇਸਤ੍ਰੀ ਦੀ ਜਾਗ ਖੁਲ੍ਹੀ ਏ। ਉਹ ਬਰਾਬਰੀ ਦਾ ਹੱਕ ਮੰਗਦੀ ਏ। ਭਾਵੇਂ ਕਾਨੂੰਨ ਉਸ ਦੇ ਹੱਕ ਵਿਚ ਬਣ ਚੁਕੇ ਨੇ, ਪਰ ਪੜ੍ਹੇ ਲਿਖੇ ਮਰਦਾਂ ਨੂੰ ਵੀ ਇਹ ਗੱਲ ਨਹੀਂ ਭਾਉਂਦੀ। ਘਰੋਂ ਟਲ ਕੇ ਬਾਹਰ ਝੱਖਾਂ ਮਾਰਦੇ ਨੇ।

ਮੁਨਸ਼ੀ : ਫੇਰ ਕੀ ਬਣੇਗਾ ?

ਸੋਭਾ : ਮਰਦਾਂ ਨੂੰ ਨਵੀਂ ਸਥਿਤੀ ਅਨੁਸਾਰ ਬਦਲਣਾ ਪਵੇਗਾ।

ਸਤੀਸ਼ : ਮੁਨਸ਼ੀ ਜੀ, ਫੇਰ ਅਸੀਂ ਵੀ ਕਰੀਏ ਆਪਨਾ ਫ਼ਿਕਰ। ਇਹ ਚਿਣਗ ਕਿਤੇ ਭਾਂਬੜ ਹੀ ਨਾ ਬਣ ਜਾਵੇ।

ਸੋਭਾ : (ਹੱਸਦੀ ਹੋਈ) ਹੋਰ ਚਾਰਾ ਹੀ ਕੀ ਏ।

ਮੁਨਸ਼ੀ ਬਾਹਰ ਦੇਖ ਕੇ ਝਟ ਪਟ ਦਫ਼ਤਰ ਵਲ ਨੂੰ ਜਾਂਦਾ ਹੈ। ਸਤੀਸ਼ ਦਰਵਾਜ਼ੇ ਵਿਚ ਖੜੀ ਲੀਲਾ ਤੋਂ ਕਾਕੇ ਨੂੰ ਲੈ ਕੇ ਗੱਲਾਂ ਕਰਨ ਲਗ ਜਾਂਦਾ ਹੈ।

ਸਤੀਸ਼ : ਬਹੁਤ ਸਮਝਦਾਰ ਹੋਵੇਗਾ, ਕਿਉਂ ਸੋਭਾ ?

ਸੋਭਾ : ਨਿਰੀ ਅੱਗ ਦੀ ਨਾਲ ਏ।

ਸਤੀਸ਼ : ਅਟੌਮਿਕ ਜੁਗ ਦੀ ਪੈਦਾਵਾਰ ਜੋ ਹੋਈ। ਲੈ ਫੜ ਲੀਲਾ ਬਾਹਰ ਲੈ ਜਾ, ਅਸੀਂ ਗੱਲ ਕਰ ਲਈਏ।

ਰਮੇਸ਼ : ਮੁਨਸ਼ੀ, ਦੋਹਾਂ ਜੱਜਾਂ ਨੂੰ ਫ਼ੋਨ ਕਰ ਕੇ ਪਿਛਲਾ ਵਕਤ ਲੈ ਲਾ। ਆਖ ਮੈਂ ਹਾਈ ਕੋਰਟ ਵਿਚ ਬਿਜ਼ੀ ਆ। ਜਾਈਂ ਨਾ ਅਜੇ, ਸੁਣਿਆ।

ਸਤੀਸ਼ : ਹਰੀ ਓਮ, ਸਭ ਝੂਠ ਦਾ ਪਸਾਰਾ।

ਰਮੇਸ਼ : ਤੁਸੀਂ ਤਾਂ ਹੱਕ ਹਲਾਲ ਦੀ ਕਮਾਈ ਕਰਦੇ ਹੋਵੋਗੇ।

ਸਤੀਸ਼ : ਵਕੀਲ ਸਾਹਿਬ, ਐਨੇ ਭਾਵਕ ਨਾ ਹੋਵੋ। ਮੈਂ ਤਾਂ ਆਪ ਇਸ ਖ਼ਿਆਲ ਦਾ ਹਾਮੀ ਆਂ ਕਿ ਝੂਠ ਤੋਂ ਬਿਨਾਂ ਗਤੀ ਨਹੀਂ। ਅਜ ਓਹੋ ਬੰਦਾ ਕਾਮਯਾਬ ਏ ਜਿਹੜਾ ਜ਼ਮੀਰ ਮਾਰ ਕੇ ਆਪਣਾ ਸਾਰਾ ਦਿਮਾਗ਼ ਬੇਈਮਾਨੀ ਵਲ ਲਾਉਂਦਾ ਏ।

ਰਮੇਸ਼ : ਤੁਸੀਂ ਕਚਹਿਰੀਆਂ ਵਿਚ ਜਾ ਕੇ ਦੇਖੋ। ਇਕੱਲਾ ਦੁਕੱਲਾ ਬੰਦਾ ਕਰ ਕੀ ਸਕਦਾ ਏ।

ਸਤੀਸ਼ : ਤੇ ਮੈਂ ਕਦੋਂ ਕਹਿੰਦਾਂ ਤੁਸੀਂ ਕੁਝ ਕਰ ਸਕਦੇ ਓ ਜਾਂ ਕਰੋ। ਸਗੋਂ ਮੈਂ ਤਾਂ ਕਹਿੰਦਾਂ ਬਹੁਤਾ ਝੂਠ ਬੋਲੋ, ਬਹੁਤ ਸਾਰਾ ਰੁਪਿਆ ਕਮਾਓ।

ਰਮੇਸ਼ : (ਉਸ ਵਲ ਸ਼ੱਕੀ ਨਜ਼ਰ ਨਾਲ ਦੇਖਦਾ ਹੋਇਆ) ਤੁਸੀਂ ਆਪਣੀ ਨਬੇੜੋ, ਮੇਰਾ ਫ਼ਿਕਰ ਛਡੋ। ਮੈਨੂੰ ਬੇਹੱਦ ਕੰਮ ਨੇ।

ਸਤੀਸ਼ : ਤੇ ਅਸੀਂ ਤੁਹਾਡੇ ਭਾਣੇ ਵਿਹਲੇ ਆਂ। ਗਿਆਰਾਂ ਵਜੇ ਇਕ ਮੰਤਰੀ ਨਾਲ ਮੁਲਾਕਾਤ ਕਰਨੀ ਏਂ ਉਸ ਪਿਛੋਂ ਇਕ ਸਮਾਗਮ ਦੀ ਪ੍ਰਧਾਨਗੀ ਕਰਨੀ ਏਂ, ਫੇਰ......

ਸੋਭਾ : ਮੈਂ ਵੀ ਤਾਂ ਸਕੂਲ ਪੁਜਣਾ ਏਂ।

ਸਤੀਸ਼ : ਸੋਭਾ ਲੇਟ ਤਾਂ ਨਹੀਂ ਹੋ ਰਹੀ ?

ਸੋਭਾ : ਨਹੀਂ ਸਵੇਰੇ ਅਰਜ਼ੀ ਭੇਜ ਦਿਤੀ ਸੀ ਮਾਈ ਹੱਥ ਪਈ ਜੇ......

ਰਮੇਸ਼ : ਇਨ੍ਹਾਂ ਹਰ ਗੱਲ ਪਹਿਲੋਂ ਗਿਣੀ ਮਿਥੀ ਹੋਈ ਸੀ।

ਸੋਭਾ : ਰਾਤ ਚਪੇੜਾਂ ਖਾ ਕੇ ਵੀ ਆਪਣਾ ਭਵਿੱਸ਼ ਨਾ ਵਿਚਾਰਦੀ।

ਸਤੀਸ਼ : ਤੁਸੀਂ ਇਕ ਸ਼ਰੀਫ਼ ਇਸਤ੍ਰੀ ਤੇ ਹੱਥ ਚੁਕਿਆ ਏ, ਇਹ ਸਖ਼ਤ ਬੁਰੀ ਗੱਲ ਏ।

ਰਮੇਸ਼ : ਗੁਸਤਾਖ਼ ਔਰਤ ਹੋਰ ਕੋਈ ਬੋਲੀ ਨਹੀਂ ਸਮਝਦੀ।

ਸਤੀਸ਼ : ਤੁਸੀਂ ਇਨਸਾਨੀਅਤ ਦੀਆਂ ਹੱਦਾਂ ਟਪ ਰਹੇ ਓ।

ਰਮੇਸ਼ : ਮੈਨੂੰ ਪਤੈ, ਤੁਸੀਂ ਝਗੜਾ ਕਰਨ ਤੇ ਤੁਲੇ ਹੋਏ ਓ।

ਸਤੀਸ਼ : ਮੈਂ ਸਮਝੌਤਾ ਕਰਵਾ ਰਿਹਾਂ, ਤੁਸੀਂ ਸਿੱਧੀ ਤਰ੍ਹਾਂ ਗੱਲ ਈ ਨਹੀਂ ਕਰ ਰਹੇ।

ਰਮੇਸ਼ : ਸਮਝੌਤਾ ਇਸ ਤਰ੍ਹਾਂ ਨਹੀਂ ਹੁੰਦਾ। ਇਕ ਧਿਰ ਨੂੰ ਦਬਾ ਕੇ ਦੂਜੀ ਨੂੰ ਝੂਏ ਚੜ੍ਹਾ ਕੇ।

ਸਤੀਸ਼ : ਫੇਰ ਤੁਸੀਂ ਹੀ ਕੋਈ ਹੱਲ ਦੱਸੋ।

ਰਮੇਸ਼ : ਇਸ ਦਾ ਤਾਂ ਬਸ ਇਕੋ ਹੱਲ ਏ।

ਸਤੀਸ਼ : ਫ਼ਰਮਾਓ।



ਰਮੇਸ਼ : ਇਸ ਨੂੰ ਲੈ ਜਾਓ ਇਥੋਂ।

ਸਤੀਸ਼ : ਵਕੀਲ ਸਾਹਿਬ, ਇਹ ਇਵੇਂ ਕਿਵੇਂ ਚਲੀ ਜਾਵੇਗੀ, ਘਰ ਦੀ ਅੱਧੀ ਮਾਲਕ ਏ।

ਰਮੇਸ਼ : ਮਾਲਕ ਸੀ, ਜਦੋਂ ਆਪੋ ਵਿਚ ਬਣਦੀ ਸੀ। ਆਪਣਾ ਸਾਮਾਨ ਲੈ ਜਾਵੇ।

ਸੋਭਾ : ਮਕਾਨ ਦਾ ਕਿਰਾਇਆ ਨਾਮਾ ਜੋ ਇਨ੍ਹਾਂ ਦੇ ਨਾਂ ਏ, ਨਹੀਂ ਤਾਂ ਸ਼ਾਇਦ ਸ਼੍ਰੀਮਾਨ ਨੂੰ ਖਿਸਕਣਾ ਪੈਂਦਾ।

ਸਤੀਸ਼ : ਵਕੀਲ ਸਾਹਿਬ ਖ਼ਰਚਾ ਦੇਣਾ ਪਵੇਗਾ।

ਰਮੇਸ਼ : ਇਹ ਖ਼ਰਚਾ ਲੈਣ ਨੂੰ ਤਿਆਰ ਹੀ ਨਹੀਂ। ਇਹ ਤਾਂ ਆਪ ਤਲਾਕ ਚਾਹੁੰਦੀ ਏ।

ਸੋਭਾ : ਮੈਂ ਆਪਣਾ ਖ਼ਰਚਾ ਨਹੀਂ ਮੰਗਦੀ, ਬੱਚੇ ਦੀ ਪਾਲਣਾ ਦਾ।

ਰਮੇਸ਼ : ਬੱਚਾ ਮੈਂ ਖ਼ੁਦ ਪਾਲਾਂਗਾ, ਤੁਹਾਨੂੰ ਬੱਚੇ ਨਾਲ ਕੀ।

ਸੋਭਾ : ਇਸੇ ਗੱਲੋਂ ਤਾਂ ਝਗੜਾ ਵਧਿਆ ਏ। ਬੱਚਾ ਮੈਂ ਲਿਜਾਵਾਂਗੀ।

ਰਮੇਸ਼ : ਕਾਨੂੰਨਨ ਬੱਚੇ ਤੇ ਮੇਰਾ ਹੱਕ ਏ!

ਸੋਭਾ : ਇਹ ਕਾਨੂੰਨ ਵੀ ਤਾਂ ਮਰਦਾਂ ਦੇ ਬਣਾਏ ਹੋਏ ਨੇ।

ਸਤੀਸ਼ : (ਤਨਾਓ ਢਿੱਲਾ ਕਰਨ ਲਈ) ਸਰੀਰਕ ਵਿਗਿਆਨ ਨੇ ਅਜੇ ਫ਼ੈਸਲਾ ਕਰਨਾ ਏਂ ਬੱਚੇ ਦੀ ਪੈਦਾਇਸ਼ ਵਿਚ ਮਾਂ ਦਾ ਬਹੁਤਾ ਹੱਥ ਏ ਕਿ ਪਿਤਾ ਦਾ।

ਸੋਭਾ : ਜਿੰਨਾ ਚਿਰ ਤਕ ਬੱਚਾ ਬਾਲਗ਼ ਨਹੀਂ ਹੁੰਦਾ, ਮਾਂ ਦੇ ਪਾਲਣ ਦਾ ਅਧਿਕਾਰ ਏ।

ਰਮੇਸ਼ : ਜੇ ਉਹ ਸ਼ਾਦੀ ਨਾ ਕਰਵਾਏ ਤਾਂ ਕੇਵਲ ਸੱਤ ਸਾਲ ਤਕ ਪਾਲ ਸਕਦੀ ਏ।

ਸੋਭਾ : ਸ਼ਾਦੀ ਲਈ ਤੁਹਾਨੂੰ ਕਾਹਲ ਏ ਮੈਨੂੰ ਨਹੀਂ। ਉਹ ਮੇਮਣੀ ਸ਼ਾਦੀ ਕੀਤੇ ਬਿਨਾਂ ਚੈਨ ਲੈਣ ਦੇਵੇਗੀ।

ਰਮੇਸ਼ : ਬਕ ਨਾ।

ਸਤੀਸ਼ : (ਗੁੱਸੇ ਨਾਲ ਰਮੇਸ਼ ਦਾ ਮੋਢਾ ਫੜ ਕੇ) ਮੂੰਹ ਸੰਭਾਲੋ ਵਕੀਲ ਸਾਹਿਬ, ਬੱਚਾ ਅਸੀਂ ਲਿਜਾ ਰਹੇ ਹਾਂ। ਅਤੇ ਅਜ ਹੀ ਖ਼ਰਚੇ ਦਾ ਦਾਅਵਾ ਹੋ ਜਾਵੇਗਾ। ਸੋਚ ਲਓ ਚੰਗੀ ਤਰ੍ਹਾਂ। ਝਗੜਾ ਨਿਪਟਾਉਣ ਲਈ ਮੈਂ ਤੁਹਾਨੂੰ ਪੰਜ ਮਿੰਟ ਦੀ ਮੋਹਲਤ ਦਿੰਦਾ ਹਾਂ।

ਰਮੇਸ਼ : (ਕੁਝ ਡਰ ਕੇ ਤੇ ਕੁਝ ਖਹਿੜਾ ਛੁਡਾਉਣ ਦੇ ਭਾਵ ਨਾਲ) ਚਲੋ ਲੜਕੇ ਨੂੰ ਇਹ ਪਾਸ ਰਖੇ, ਪਰ ਇਕ ਸ਼ਰਤ ਤੇ।

ਸ਼ਤੀਸ਼ : ਉਹ ਵੀ ਦਸ ਦਿਓ ।

ਰਮੇਸ਼ : ਲੜਕਾ ਬਾਲਗ ਹੋ ਕੇ ਜਿਸ ਨਾਲ ਚਾਹੇ ਰਹਿ ਸਕਦਾ ਹੈ ।

ਸ਼ੋਭਾ : ਮਨਜ਼ੂਰ ਹੈ ਸ਼ਰਤ ।

ਸਤੀਸ਼ : ਇਕ ਗੱਲ ਅਕਲ ਦੀ ਕੀਤੀ ਏ ਵਕੀਲ ਸਾਹਿਬ ਨੇ ।

ਰਮੇਸ਼ : ਅਕਲ ਤਾਂ ਬਸ ਤੁਹਾਡੇ ਭੈਣ ਭਰਾ ਦੇ ਹਿੱਸੇ ਆਈ ਏ । ਬਾਕੀ ਤਾਂ ਸਭ ਬੁੱਧੂ ਈ ਨੇ ।

ਸਤੀਸ਼ : ਮੈਂ ਤਾਂ ਤੁਹਾਡੀ ਅਕਲ ਦੀ ਦਾਦ ਦੇ ਰਿਹਾ ਹਾਂ ਵਕੀਲ ਸਾਹਿਬ । ਅਕਲ ਦਾ ਇਕ ਇਸ਼ਾਰਾ ਇਤਿਹਾਸ ਬਦਲ ਦਿੰਦਾ ਏ । ਤੁਸੀਂ ਅਜ ਇਕ ਸਕੈਂਡਲ (ਭੰਡੀ) ਤੋਂ ਬਚ ਗਏ ਓ ।

ਰਮੇਸ਼ : ਮੈਂ ਸਭ ਕੁਝ ਸਮਝਦਾਂ ਬੱਚਾ ਨਹੀਂ ।

ਸਤੀਸ਼ : ਸ਼ੋਭਾ ਚਲੋ ਛਡੋ ਝਗੜਾ । (ਬੱਚਾ ਨੱਠ ਕੇ ਆ ਕੇ ਸ਼ੋਭਾ ਨਾਲ ਚਿਮੜ ਜਾਂਦਾ ਹੈ) ਲਓ ਕੰਵਲ ਨੇ ਵੀ ਆਪਣਾ ਮਨ ਪ੍ਰਗਟ ਕਰ ਦਿਤਾ ਏ । ਇਹ ਤਾਂ ਮਾਂ ਵਲ ਏ । ਲੀਲਾ ਇਹਨੂੰ ਲੈ ਜਾ ਜ਼ਰਾ ।

ਰਮੇਸ਼ : ਪਹਿਲਾਂ ਇਹ ਲਿਖ ਕੇ ਦਿਓ, ਇਹਦੇ ਖ਼ਰਚੇ ਲਈ ਕੋਈ ਕਾਰਵਾਈ ਨਹੀਂ ਕਰੋਗੇ ।

ਸਤੀਸ਼ : ਕੌਣ ਮੰਗਦਾ ਏ ਖ਼ਰਚਾ । ਤੁਹਾਡਾ ਆਪਣਾ ਗੁਜ਼ਾਰਾ ਹੋਵੇ ਥੋੜਾ ਏ । ਲਿਖਤ ਪੜ੍ਹਤ ਕਚਹਿਰੀ ਕਰਵਾਉਣੀ ਏਂ ਕਿ......

ਰਮੇਸ਼ : ਕਚਹਿਰੀ ਜਾਣਾ ਪਵੇਗਾ ਜਾਂ ਵੀਹ ਰੁਪਏ ਦੇ ਕਾਗ਼ਜ਼ ਤੇ ਲਿਖਵਾਉਣਾ ਪਵੇਗਾ ।

ਸ਼ੋਭਾ : ਕੀ ਜ਼ਰੂਰਤ ਏ ਬਾਹਰ ਛਿੰਜ ਪਵਾਉਣ ਦੀ ।

ਰਮੇਸ਼ : ਚਲੋ ਫੇਰ ਇਹ ਮੈਨੂੰ ਲਿਖ ਕੇ ਦੇਣ, ਮੈਂ ਇਨ੍ਹਾਂ ਨੂੰ ਲਿਖ ਦਿੰਦਾ ਹਾਂ ।

ਸਤੀਸ਼ : ਤੁਸੀਂ ਆਪਣੀ ਤਸੱਲੀ ਕਰ ਲਓ ਵਕੀਲ ਸਾਹਿਬ, ਸਾਡੀ ਚਿੰਤਾ ਨਾ ਕਰੋ ।

ਰਮੇਸ਼ : ਮੁਨਸ਼ੀ ਜੀ, ਐਥੇ ਲੈਟਰ ਹੈਡ ਲਿਆਉਣਾ ਜ਼ਰਾ ।

ਸਤੀਸ਼ : ਤੂੰ ਵੀ ਸ਼ੋਭਾ, ਦੋ ਅੱਖਰ ਲਿਖ ਦੇ, ਠੰਡ ਪੈ ਜਾਵੇ । ਲੀਲਾ, ਸਾਮਾਨ ਤਿਆਰ ਕਰ ਝਟਾ ਪਟ ।

ਲੀਲਾ : ਸਾਮਾਨ ਭਰਾ ਜੀ ਸਭ ਤਿਆਰ ਏ ।

ਰਮੇਸ਼ : ਤਿਆਰੀ ਤਾਂ ਰਾਤ ਦੀ ਹੋਈ ਪਈ ਸੀ । ਇਹ ਤਾਂ ਮੇਰੀ ਬੇਇਜ਼ਤੀ ਕਰਵਾਉਣੀ ਸੀ ਭਰਾ ਕੋਲੋਂ ।



ਸਤੀਸ਼ : ਹੱਦ ਕਰਦੇ ਓ, ਤੁਹਾਨੂੰ ਕੋਈ ਧੌਲ ਧੱਪਾ ਮਾਰਿਆ ਏ । ਮੈਂ ਅੱਜ ਜਿੰਨਾ ਜ਼ਬਤ ਕੀਤਾ ਏ ਸਾਰੀ ਉਮਰ ਵਿਚ ਨਹੀਂ ਕੀਤਾ । ਮੈਂ ਬਦਮਾਸ਼ਾਂ ਨਾਲ ਬਦਮਾਸ਼ ਤੇ ਸ਼ਰੀਫ਼ਾਂ ਲਈ ਸ਼ਰੀਫ਼ ਆਂ । ਜੇ ਕੋਈ ਹੋਰ ਏਦਾਂ ਮੇਰੀ ਭੈਣ ਉਤੇ ਹੱਥ ਚੁਕਦਾ, ਮੈਂ ਉਹਦਾ ਹੱਥ ਤੋੜ ਕੇ ਰਖ ਦਿੰਦਾ ।

ਰਮੇਸ਼ : ਅਗਲੇ ਵੀ ਵੰਗ ਪਾ ਕੇ ਨਹੀਂ ਬੈਠੇ ਹੁੰਦੇ ।

ਸਤੀਸ਼ : ਅੱਛਾ, ਅਜੇ ਹੈ ਰੜਕ ?

ਸ਼ੋਭਾ : ਭਰਾ ਜੀ, ਕੀ ਕਰਦੇ ਓ, ਫ਼ੈਸਲਾ ਕਰ ਕਰਾ ਕੇ ਹੁਣ ਲੱਗੇ ਨੇ ।

ਸਤੀਸ਼ : ਅਸਾਂ ਬਦਮਾਸ਼ ਸੁਧਾਰ ਦਿਤੇ, ਇਕ ਵਕੀਲ ਨਾ ਸਿੱਧੇ ਰਸਤੇ ਪਾ ਹੋਊ ।

ਰਮੇਸ਼ : (ਕੁਝ ਝੇਪ ਕੇ) ਵਕਤ ਨਾ ਜ਼ਾਇਆ ਕਰੋ ਮੇਰਾ । ਆਪਣਾ ਕੰਮ ਕਰੋ ਜਾ ਕੇ ।

ਸਤੀਸ਼ : ਲੀਲਾ, ਸਮਾਨ ਰਖ ਗੱਡੀ ਵਿਚ । ਉਸ ਭਈਏ ਨੂੰ ਨਾਲ ਲੈ ਲੈ । ਪੈਸੇ ਦੇ ਦਿਆਂਗੇ । ਉਰੇ ਲਿਆ ਕਾਕੇ ਨੂੰ ਮੇਰੇ ਕੋਲ । ਕਿਉਂ ਪਈ, ਤੂੰ ਤਾਂ ਨਹੀਂ ਪਿਉ ਵਰਗਾ ਹੋਵੇਂਗਾ ।

ਕੰਵਲ : (ਸਿਰ ਮਾਰ ਕੇ) ਨਹੀਂ ।

ਰਮੇਸ਼ ਭਰਿਆ ਪੀਤਾ ਬੈਠਾ ਲਿਖਦਾ ਰਹਿੰਦਾ ਹੈ । ਉਹ ਦੋਵੇਂ ਅੰਦਰ ਜਾਂਦੇ ਹਨ ।

ਮੁਨਸ਼ੀ : ਇਕ ਅਰਜ਼ ਏ ।

ਰਮੇਸ਼ : (ਸਿਰ ਚੁਕ ਕੇ) ਦਸ ਕੀ ਏ ।

ਮੁਨਸ਼ੀ : ਜੀ, ਮੈਂ ਕਦੇ ਤੁਹਾਡੇ ਘਰੋਗੀ ਮਾਮਲੇ ਵਿਚ ਦਖ਼ਲ ਦੇਣ ਦੀ ਗੁਸਤਾਖੀ ਨਹੀਂ ਕੀਤੀ ।

ਰਮੇਸ਼ : ਗੱਲ ਵੀ ਕਰ ।

ਮੁਨਸ਼ੀ : ਛੱਡੋ ਝਗੜਾ । ਇਹੋ ਜਿਹੀ ਸ਼ਰੀਫ਼, ਸੁਚੱਜੀ ਦੇਵੀ......

ਰਮੇਸ਼ : ਬਕ ਨਾ, ਆਪਣੀ ਮਤ ਆਪਣੇ ਪਾਸ ਰਖ ।

ਮੁਨਸ਼ੀ : ਮੈਂ ਤੁਹਾਤੇ ਨਾਲੋਂ ਦੂਣੀ ਉਮਰ ਦਾ ਵਾਂ ।

ਰਮੇਸ਼ : ਤਾਹੀਓਂ ਅਕਲ ਜਵਾਬ ਦੇ ਗਈ ਏ ਤੇਰੀ ।

ਮੁਨਸ਼ੀ : ਲੱਛਮੀ ਹੈ ਘਰੋਂ ਕਢ ਕੇ ਤੁਸੀਂ ਪਛਤਾਓਗੇ ।

ਰਮੇਸ਼ : ਜਾ ਓਧਰ ਟੈਲੀਫੋਨ ਸੁਣ ਖ਼ਰ ਦਿਮਾਗ਼ ।

ਸ਼ੋਭਾ ਤੇ ਸਤੀਸ਼ ਅੰਦਰੋਂ ਨਿਕਲਦੇ ਹਨ । ਸਤੀਸ਼ ਵਕੀਲ ਨੂੰ ਇਕ ਕਾਗ਼ਜ਼ ਦਿੰਦਾ ਹੈ ਅਤੇ ਉਸ ਪਾਸੋਂ ਲੈ

ਕੇ ਪੜ੍ਹਦਾ ਹੈ ।

ਰਮੇਸ਼ : ਦੇਖ ਲਓ ਠੀਕ ਹੈ ਨਾ ।

ਸਤੀਸ਼ : ਸਭ ਠੀਕ ਹੈ । ਰਮੇਸ਼ ਜੀ, ਮਨ ਮਿਲੇ ਦੇ ਮੇਲ ਹੁੰਦੇ ਨੇ । ਜੇ ਵਿਗਾੜ ਪਾਣ ਦੀ ਨੀਤ ਹੋਵੇ ਫੇਰ ਲਿਖਤਾਂ ਵੀ ਕੁਝ ਨਹੀਂ ਕਰਦੀਆਂ । ਸਾਡੇ ਵਲੋਂ ਨਿਸਚਿਤ ਰਵ੍ਹੋ । ਤੁਸੀਂ ਬੇਸ਼ਕ ਆਪਣਾ ਕਾਜ ਰਚਾਓ ।

ਮੁਨਸ਼ੀ : ਬੀਬੀ ਜੀ ।

ਰਮੇਸ਼ : (ਉਠ ਕੇ ਉਸ ਨੂੰ ਘੂਰਦਾ ਹੋਇਆ) ਅਜ ਤੇਰੀ ਜ਼ਬਾਨ ਕਾਬੂ ਵਿਚ ਨਹੀਂ । ਓਧਰ ਮਰ ।

ਸ਼ੋਭਾ : (ਹਮਦਰਦੀ ਨਾਲ) ਮੁਨਸ਼ੀ ਜੀ, ਤੁਸੀਂ ਦਫ਼ਤਰ ਵਲ ਜਾਓ ।

ਸਤੀਸ਼ : ਸ਼ੋਭਾ ਕਰ ਨਮਸਤੇ ਚਲੀਏ । ਸੱਜਣ ਛੋਡੀਏ ਰੰਗ ਸੇ ਫੇਰ ਮਿਲਣ ਦੀ ਆਸ ।

ਸ਼ੋਭਾ : ਦਿਨ੍ਹਾਂ ਦੀ ਜ਼ਾਤ ਨਾਲ ਮੈਨੂੰ ਕੋਈ ਨਫ਼ਰਤ ਨਹੀਂ ਰਹੀ । ਝਗੜਾ ਅਸੂਲਾਂ ਦਾ ਸੀ, ਖ਼ਤਮ ਹੋ ਗਿਆ । ਪਤੀ ਪਤਨੀ ਨਾਲੋਂ ਵੀ ਵੱਡਾ ਰਿਸ਼ਤਾ ਮਨੁੱਖਤਾ ਦਾ ਏ ।

ਸਤੀਸ਼ : ਬਹੁਤ ਖ਼ੂਬ !

ਸ਼ੋਭਾ : ਚਾਬੀਆਂ ਦਾ ਗੁੱਛਾ ਸ਼ਿੰਗਾਰ ਮੇਜ਼ ਦੇ ਹੇਠਲੇ ਦਰਾਜ਼ ਵਿਚ ਪਿਆ ਏ ਉਠ ਕੇ ਵੇਖ ਲਓ ।

ਸਤੀਸ਼ : ਸਭ ਠੀਕ ਏ ।

ਸ਼ੋਭਾ : ਨਮਸਤੇ ।

ਰਮੇਸ਼ : (ਨੀਵੀਂ ਅੱਖੀਂ ਮੂੰਹ ਵਿਚ) ਨਮਸਤੇ ।

ਸਤੀਸ਼ : ਕਾਕੇ ਨੂੰ ਪਿਆਰ ਦਿਓ ਨਾ ਰਮੇਸ਼ ਜੀ । ਇਹਦੀ ਤਾਂ ਕੋਈ ਗ਼ਲਤੀ ਨਹੀਂ । ਦੇਵਤਾ ਜੀ, ਪੱਥਰ ਈ ਬਣ ਗਏ ਓ । ਤੁਸੀਂ ਤਾਂ ਸਿਆਣਿਆਂ ਦਾ ਅਖਾਣ ਈ ਰਦ ਕਰ ਦਿਤਾ ਏ । ਹੁਣ ਕਿਹਾ ਕਰਾਂਗੇ — "ਪੁੱਤੀਂ ਗੰਢ ਟੁੱਟੇ ਸੰਸਾਰ ।" ਧੰਨ ਕਲਯੁਗ ।

ਰਮੇਸ਼ ਸ਼ੋਭਾ ਤੋਂ ਬੱਚੇ ਨੂੰ ਲੈ ਕੇ ਚੁੰਮਦਾ ਹੈ ਅਤੇ ਇਕ ਅਜੀਬ ਅਨੁਭਵ ਪ੍ਰਤੀਤ ਕਰਦਾ ਦਿਸਦਾ ਹੈ ।

ਸ਼ੋਭਾ : ਨਮਸਤੇ ਮੁਨਸ਼ੀ ਜੀ ।

ਮੁਨਸ਼ੀ : (ਭਰੀਆਂ ਅੱਖਾਂ ਨਾਲ) ਨਮਸਤੇ ! (ਕੁਝ ਕਹਿਣ ਲੱਗਾ ਰੁਕ ਜਾਂਦਾ ਹੈ) ।

ਸ਼ੋਭਾ : ਮੁਨਸ਼ੀ ਜੀ, ਕੀ ਕਹਿਣਾ ਚਾਹੁੰਦੇ ਓ ?

ਮੁਨਸ਼ੀ : ਅੱਗੇ ਹੀ ਕੁਝ ਨਹੀਂ ਬਣਦਾ, ਤੁਹਾਡੇ ਜਾਣ ਪਿਛੋਂ ਹੋਰ......



ਸਤੀਸ਼ : ਲੈ ਸ਼ੋਭਾ ਚੰਗਾ ਸ਼ਗਣ ਹੋਇਆ ਏ । ਜਮਾਂਦਾਰਨੀ !

ਜਮਾਂਦਾਰਨੀ : ਬੀਬੀ ਜੀ, ਪੇਕੇ ਚਲੇ ਓ ?

ਸ਼ੋਭਾ : ਨਹੀਂ ।

ਜਮਾਂਦਾਰਨੀ : ਕਦੋਂ ਆਓਗੇ ?

ਸ਼ੋਭਾ : ਕਦੇ ਵੀ ਨਹੀਂ ।

ਜਮਾਂਦਾਰਨੀ : ਹੈਂ ! ਮੇਰੀ ਤਨਖ਼ਾਹ ! ਤੁਸੀਂ ਕਲ੍ਹ ਕਿਹਾ ਸੀ ।

ਸ਼ੋਭਾ : ਮੈਂ ਘਰ ਦੀ ਮਾਲਕ ਨਹੀਂ ਰਹੀ । ਉਨ੍ਹਾਂ ਕੋਲੋਂ ਲੈ ਲੈਣੀ ।

ਜਮਾਂਦਾਰਨੀ : (ਅਤਿ ਹੈਰਾਨੀ ਵਿਚ) ਹੈਂ ! ਬੀਬੀ ਜੀ ! ਕੀ ਗੱਲਾਂ ਕਰ ਰਹੇ ਓ !! (ਆਪਣੇ ਆਪ) ਸਾਡੇ ਮਰਦ ਦਿਨ ਰਾਤ ਸਾਨੂੰ ਖੁਲ੍ਹਦੇ ਨੇ, ਅਸੀਂ ਫੇਰ ਵੀ ਨਹੀਂ ਕੁਸਕਦੀਆਂ ।

ਸ਼ੋਭਾ : ਸਤੀਸ਼, ਮਾਲੀ ਤੇ ਜਮਾਂਦਾਰਨੀ ਨੂੰ ਦੋ ਦੋ ਰੁਪਏ ਦੇ ਦੇ ।

ਰਮੇਸ਼ । (ਦਫ਼ਤਰ ਅੱਗੇ ਬੈਠੀ ਔਰਤ ਨੂੰ) ਬੀਬੀ, ਗੱਲ ਸੁਣ, ਹੁਣ ਮੈਂ ਵਿਹਲਾ ਹੋ ਗਿਆ ਹਾਂ ।

ਇਸਤ੍ਰੀ : ਮੈਂ ਸੁਣ ਬੈਠੀ ਆਂ ਸਾਰੀ ਗੱਲ ।

ਰਮੇਸ਼ : ਇਕ ਮਿੰਟ !

ਇਸਤ੍ਰੀ : ਪਹਿਲਾਂ ਆਪਣਾ ਝਗੜਾ ਨਬੇੜ ਲੈ ।

ਸਤੀਸ਼ : (ਹੌਲੀ) ਸ਼ੋਭਾ ਤੂੰ ਤਾਂ ਵਕੀਲ ਸਾਹਿਬ ਦਾ ਲਿਹਾਜ਼ ਈ ਕਰਦੀ ਰਹੀ ਏਂ ਉਹ ਔਰਤ ਮਾਰ ਗਈ ਏ ਮੂੰਹ ਤੇ । ਅੱਛਾ, ਰਮੇਸ਼ ਜੀ, ਟਾ ਟਾ, ਬੈਠੋ । ਕੰਵਲ ਦੇ ਬਾਲਗ਼ ਹੋਣ ਪਿਛੋਂ ਗੱਲ ਕਰਾਂਗੇ । (ਕੰਵਲ ਦਾ ਹੱਥ ਹਿਲਾ ਕੇ) ਟਾ ਟਾ ।

ਸਤੀਸ਼ ਮਾਲੀ ਤੇ ਜਮਾਂਦਾਰਨੀ ਨੂੰ ਰੁਪਏ ਦਿੰਦਾ ਹੈ । ਸਭ ਭਰੀਆਂ ਅੱਖਾਂ ਨਾਲ ਹੈਰਾਨ ਖੜੇ ਹਨ । ਸ਼ੋਭਾ ਘਰ ਤੇ ਰਮੇਸ਼ ਤੇ ਆਖ਼ਰੀ ਝਾਤ ਮਾਰਦੀ ਹੈ । ਰਮੇਸ਼ ਬਹੁਤ ਗੰਭੀਰ ਹੋ ਜਾਂਦਾ ਹੈ ।

[ਪਰਦਾ]

## ਨਾਟ ਤੀਜਾ

ਝਾਕੀ : ਤਿੰਨ ਕਮਰਿਆਂ ਵਾਲੇ ਇਕ ਸਾਫ਼ ਸੁਥਰੇ ਘਰ ਦਾ ਆਧੁਨਿਕ ਢੰਗ ਨਾਲ ਸਜਾਇਆ ਹੋਇਆ ਕਮਰਾ। ਕੰਧਾਂ ਉੱਤੇ ਮਹਾਤਮਾ ਗਾਂਧੀ, ਪੰਡਤ ਨਹਿਰੂ ਆਦਿ ਕੌਮੀ ਨੇਤਾਵਾਂ ਦੀਆਂ ਤਸਵੀਰਾਂ ਅਤੇ ਭਾਰਤੀ ਕਲਾਕਾਰਾਂ ਦੇ ਕੁਝ ਚਿੱਤਰ ਟੰਗੇ ਹੋਏ ਹਨ। ਕਮਰੇ ਦੇ ਰੰਗ ਢੰਗ ਤੇ ਕਲਾਮਈ ਸੁਹਜ ਤੋਂ ਇਸ ਦੇ ਸਵਾਮੀ ਦੇ ਸੁਚੱਜੇ ਝੁਕਾਵਾਂ ਦਾ ਸਾਫ਼ ਪ੍ਰਗਟਾਵਾ ਹੁੰਦਾ ਹੈ। ਬਾਹਰ ਬਰਾਂਡੇ ਵਿਚ ਗਮਲਿਆਂ ਅਤੇ ਲਟਕਵੇਂ ਪਿਆਲਿਆਂ ਵਿਚ ਉਗਾਏ ਵੇਲਾਂ ਬੂਟੇ ਸੁਹਾਵਣਾ ਵਾਤਾਵਰਣ ਪੈਦਾ ਕਰਦੇ ਹਨ।

ਸ਼ੋਭਾ, ਜੋ ਹੁਣ ਇਕ ਸਥਾਨਕ ਪਾਠਸ਼ਾਲਾ ਦੀ ਮੁਖ-ਅਧਿਆਪਕਾ ਹੈ, ਦੋ ਮਾਈਆਂ ਨੂੰ ਕੁਝ ਸਮਝਾ ਰਹੀ ਹੈ। ਉਸ ਦਾ ਸਿਰ ਅੱਧੇ ਨਾਲੋਂ ਵਧ ਧੌਲਾ ਹੈ। ਸਾਦਾ ਸੁੰਦਰ ਸੂਤੀ ਸਾੜ੍ਹੀ ਵਿਚ ਅਤੇ ਐਨਕਾਂ ਨਾਲ ਉਹ ਅੱਗੇ ਨਾਲੋਂ ਵੀ ਪ੍ਰਭਾਵਸ਼ਾਲੀ ਦਿਸਦੀ ਹੈ।

ਉਸ ਦੀ ਨਵੀਂ ਬਣੀ ਨੂੰਹ ਰੇਖਾ, ਬੜੀ ਸ਼ੋਖ਼ ਤੇ ਚੈਂਚਲ, ਪਰ ਸੁੰਦਰ ਯੁਵਤੀ ਹੈ। ਉਸ ਦੇ ਹੱਥ ਵਿਚ ਇਕ ਮਨਮੋਹਣਾ ਪਰਸ ਹੈ, ਜਿਸ ਵਿਚੋਂ ਉਹ ਇਕ ਨਿੱਕਾ ਜਿਹਾ ਸ਼ੀਸ਼ਾ ਕੱਢ ਕੇ ਆਪਣੀ ਤਸੱਲੀ ਲਈ ਲਿਪਸਟਿਕ ਦਾ ਰੰਗ ਰੂਪ, ਸੁਰਖ਼ੀ ਅਤੇ ਵਾਲ ਜਾਚਦੀ ਹੈ।

ਮਾਈਆਂ ਅੰਦਰੋਂ ਸਾਮਾਨ ਲਿਆ ਕੇ ਬਰਾਂਡੇ ਦੇ ਇਕ ਕੋਨੇ ਵਿਚ ਰੱਖ ਰਹੀਆਂ ਹੁੰਦੀਆਂ ਹਨ, ਜਦੋਂ ਇਕ ਦਮ ਰੌਲਾ ਪੈ ਜਾਂਦਾ ਹੈ। ਹਫੜਾ ਦਫੜੀ ਜਿਹੀ ਮਚਦੀ ਹੈ। ਸਾਰੇ ਬਾਹਰ ਨੂੰ ਦੌੜਦੇ ਹਨ। 'ਰਾਮ ਰਾਮ' ਦੀ ਆਵਾਜ਼ ਸੁਣਾਈ ਦਿੰਦੀ ਹੈ।



ਲੀਲਾ : (ਬੇਹਦ ਘਬਰਾਹਟ ਵਿਚ) ਬੀਬੀ ਜੀ......ਬੀਬੀ ਜੀ, ਦੌੜੋ......ਛੇਤੀ..... ਭੁਚਾਲ— ਦੂਜਾ ਝਟਕਾ......।

ਸ਼ੋਭਾ : (ਉਦਾਸ, ਬਿਨਾਂ ਹਿੱਲੇ ਜੁਲੇ ਦੇ) ਰਾਤ ਮੈਨੂੰ ਇਸ ਤੋਂ ਵੀ ਭਾਰੀ ਝਟਕਾ ਲਗ ਚੁਕਾ ਏ।

ਲੀਲਾ : (ਹਲੂਣ ਕੇ) ਕੀ ਕਰਦੇ ਓ, ਉਠੋ, ਉਠੋ, ਛੇਤੀ!

ਸ਼ੋਭਾ : ਐਨ ਇਹੋ ਜਿਹਾ ਝਟਕਾ ਅੱਜ ਤੋਂ ਸਤਾਰਾਂ ਸਾਲ ਪਹਿਲਾਂ ਲੱਗਾ ਸੀ, ਜਿਸ ਦਿਨ ਮੈਂ ਰਮੇਸ਼ ਤੋਂ ਵੱਖ ਹੋਈ ਸਾਂ (ਲੰਮਾ ਸਾਹ ਲੈ ਕੇ) ਇਸ ਝਟਕੇ ਨੇ ਸਮੇਂ ਦਾ ਇਕ ਲੰਮਾ ਪਾੜ ਮੇਲ ਦਿਤਾ ਏ! ਅਜੇ ਕਲ੍ਹ ਦੀ ਗੱਲ ਲਗਦੀ ਏ।

ਲੀਲਾ : (ਹੈਰਾਨੀ ਤੇ ਘਬਰਾਹਟ ਵਿਚ) ਬੀਬੀ ਜੀ, ਕੀ ਹੋਇਆ ਤੁਹਾਨੂੰ। ਆਹ ਫੇਰ ਆਇਆ!

ਸ਼ੋਭਾ : ਲੀਲਾ, ਡਰ ਨਾਲ ਤੇਰੇ ਹੱਥ ਕੰਬਦੇ ਨੇ।

ਲੀਲਾ : (ਕੁਰਸੀ ਤੋਂ ਹੱਥ ਚੁਕ ਕੇ) ਮੇਰੇ ਹੱਥ!

ਰੇਖਾ : ਮੰਮੀ, ਉਠੋ, ਨਾ ਛੇਤੀ।

ਸ਼ੋਭਾ : ਤੁਸੀਂ ਜਾਓ ਬਾਹਰ।

ਲੀਲਾ : ਉਠੋ, ਛੱਤ ਤੋਂ ਬਾਹਰ ਆ ਜਾਓ।

ਸ਼ੋਭਾ : ਛੱਤ ਹੇਠ ਮਰਨਾ ਸਗੋਂ ਚੰਗਾ ਏ।

ਲੀਲਾ : ਕੀ ਕੁਸ਼ਗਨੀਆਂ ਗੱਲਾਂ ਕਰਦੇ ਓ।

ਸ਼ੋਭਾ : ਲੀਲਾ, ਇਹਨੂੰ ਬਚਾਅ, ਜਿਹਨੇ ਅਜੇ ਰੰਗ ਰਲੀਆਂ ਮਨਾਣੀਆਂ ਨੇ। ਮੇਰਾ ਕੀ ਏ, ਸਭ ਲਾਂਜੇ ਝਾਂਜੇ ਮੁਕ ਗਏ ਨੇ।

ਭਰੀਆਂ ਹੋਈਆਂ ਅੱਖਾਂ ਨਾਲ ਸਗੋਂ ਉਠ ਕੇ ਅੰਦਰ ਚਲੀ ਜਾਂਦੀ ਹੈ।

ਰੇਖਾ : ਵਿਆਹ ਦਾ ਸਾਰਾ ਰੁਮਾਂਸ ਈ ਮਾਰ ਦਿਤਾ ਏ। ਕਲ੍ਹ ਦਾ ਖ਼ਬਰੇ ਇਨ੍ਹਾਂ ਨੂੰ ਕੀ ਹੋ ਗਿਆ ਏ।

ਲੀਲਾ : ਤੁਸੀਂ ਕੁਝ ਦਿਨ ਡੇਹਰਾਦੂਨ ਰਹਿ ਲੈਂਦੇ।

ਰੇਖਾ : ਚਾਹੁੰਦੇ ਤਾਂ ਅਸੀਂ ਵੀ ਸਾਂ, ਪਰ ਦੂਜੀ ਵਾਰ ਦੇ ਮੰਗਵਾਏ ਰੁਪਏ ਵੀ ਖ਼ਤਮ ਹੋ ਗਏ ਸਨ।

ਲੀਲਾ : ਤੁਹਾਡੀ ਉਡੀਕ ਵਿਚ ਪਰਸੋਂ ਛੁੱਟੀ ਕੀਤੀ ਹੋਈ ਸੀ।

ਰੇਖਾ : ਅੱਛਾ!

ਲੀਲਾ : ਸਾਰਾ ਘਰ ਸ਼ਿੰਗਾਰਿਆ, ਹਰੇਕ ਚੀਜ਼ ਮਾਂਜੀ ਸਵਾਰੀ। ਸਾਰਾ ਦਿਨ ਧਰਤੀ ਤੇ ਅੱਡੀ ਨਹੀਂ ਲੱਗੀ, ਤੇ ਨਾ ਸਾਨੂੰ ਆਰਾਮ ਕਰਨ ਦਿਤਾ।

ਰੇਖਾ : ਫੇਰ ਸਾਡੇ ਆਉਣ ਨਾਲ ਚਾਅ ਕਿਉਂ ਲੱਥ ਗਿਆ ?

ਲੀਲਾ : ਇਹੋ ਤਾਂ ਮੈਂ ਹੈਰਾਨ ਆਂ। ਰੇਖਾ ਬੇਟੀ, ਰਾਤ ਜ਼ਰੂਰ ਕੋਈ ਗੱਲ ਹੋਈ ਐ ਸੱਚ ਦਸ ?

ਰੇਖਾ : ਸ਼ਾਦੀ ਜੋ ਇਨ੍ਹਾਂ ਦੀ ਇੱਛਾ ਵਿਰੁਧ ਹੋਈ ਏ।

ਲੀਲਾ : ਤੁਹਾਡੀ ਉਹ ਕਾਹਲ ਬੀਬੀ ਜੀ ਮਾਫ਼ ਕਰ ਬੈਠੇ ਨੇ।

ਰੇਖਾ : ਕੰਵਲ ਜੀ ਰਾਤ ਫੇਰ ਭਾਪਾ ਰਮੇਸ਼ ਜੀ ਨੂੰ ਘਰ ਲੈ ਆਏ ਸਨ, ਸ਼ਾਇਦ ਇਸ ਕਰ ਕੇ।

ਲੀਲਾ : ਇਹ ਵੀ ਗੱਲ ਨਹੀਂ। ਬੀਬੀ ਜੀ ਆਪ ਕਈ ਵਾਰ ਉਨ੍ਹਾਂ ਨੂੰ ਮਿਲ ਚੁਕੇ ਨੇ।

ਰੇਖਾ : ਸੱਸਾਂ ਦੀ ਆਦਤ ਈ ਹੁੰਦੀ ਏ ਖਿੱਝਣਾ ਖੱਪਣਾ।

ਲੀਲਾ : ਸ਼ੋਭਾ ਆਮ ਸੱਸਾਂ ਵਰਗੀ ਸੱਸ ਨਹੀਂ। ਬਹੂ, ਤੁਸੀਂ ਜ਼ਰੂਰ ਮੈਥੋਂ ਕੁਝ ਲੁਕਾ ਰਹੇ ਓ। (ਕਾਹਲੀ ਪੈ ਕੇ) ਦਸੋ, ਗੱਲ ਕੀ ਐ ? ਸ਼ੋਭਾ ਭੈਣ ਨੂੰ ਮੈਂ ਕਦੇ ਐਨਾ ਨਿਰਾਸ਼ ਨਹੀਂ ਦੇਖਿਆ।

ਰੇਖਾ : (ਮੁਸਕ੍ਰਾਂਦੀ ਹੋਈ) ਇਕੱਲੀ ਰਹਿਣ ਦੀ ਆਦੀ ਹੋ ਗਈ ਏ।

ਲੀਲਾ : (ਸ਼ਕ ਕਰਦੀ ਹੋਈ) ਜਦੋਂ ਰਾਤ ਮੈਂ ਸਤੀਸ਼ ਬਾਬੂ ਦੇ ਘਰ ਵਲ ਖਡੌਣੇ ਦੇਣ ਗਈ ਸਾਂ, ਜ਼ਰੂਰ ਮੇਰੇ ਪਿਛੋਂ ਕੋਈ ਗੱਲ ਹੋਈ ਏ।

ਰੇਖਾ : ਗੱਲ ਤਾਂ ਐਵੇਂ ਸਾਧਾਰਨ ਜਿਹੀ ਸੀ, ਪਰ......

ਲੀਲਾ : ਹੈ ਤਾਂ ਸੀ ਨਾ ਕੋਈ ? ਦੱਸੋ।

ਰੇਖਾ : ਸਾਧਾਰਨ ਗੱਲਾਂ ਕਰਦੇ ਕੰਵਲ ਜੀ ਰਾਤ ਕਹਿ ਬੈਠੇ......

ਲੀਲਾ : ਕੀ ?

ਰੇਖਾ : ਕਿ ਮਾਤਾ ਜੀ, ਤਿੰਨ ਕਮਰੇ ਨੇ, ਇਕ ਮੈਨੂੰ ਚਾਹੀਦਾ ਏ, ਇਕ ਬੈਠਕ ਦੇ ਤੌਰ ਤੇ ਅੱਗੇ ਹੀ ਵਰਤਿਆ ਜਾਂਦਾ ਏ। ਆਪਣੇ ਵਾਲਾ ਕਮਰਾ ਰੇਖਾ ਜੀ ਨੂੰ ਦੇ ਦਿਓ। ਆਪਣਾ ਸਾਮਾਨ ਸਟੋਰ ਵਿਚ ਲੈ ਜਾਓ।

ਲੀਲਾ : ਹੈਂ ! ਸਟੋਰ ਵਿਚ ? ਮੇਰੀ ਥਾਂ ? ਕਮਲੇ ਮੁੰਡੇ ਨੇ ਇਹ ਕੀ ਗ਼ਲਤੀ ਕੀਤੀ ! ਵਿਆਹ ਹੁੰਦੇ ਸਾਰ ਤੁਸੀਂ ਸੈਲ ਸਪਾਟੇ ਚਲੇ ਗਏ। ਸਾਡਾ ਤਾਂ ਚਾਅ ਵੀ ਨਹੀਂ ਸੀ ਲੱਥਾ ! (ਅੱਖਾਂ ਭਰ ਕੇ) ਫੇਰ ਕੀ ਹੋਇਆ ?



ਰੇਖਾ : ਜਦ ਬਹੁਤ ਗੱਲਾਂ ਕਰਨ ਲੱਗੇ ਤਾਂ ਕੰਵਲ ਜੀ ਦੇ ਮੂੰਹੋਂ ਵੀ ਇਕ ਦੋ ਗੱਲਾਂ ਨਿਕਲ ਗਈਆਂ, ਮੈਂ ਕਿਹਾ ਵੀ, ਚੁੱਪ ਰਵ੍ਹੋ।

ਲੀਲਾ : ਉਹ ਕੀ ?

ਰੇਖਾ : ਹਰ ਗੱਲ ਵਿਚ ਹੁਣ ਤੁਹਾਡੀ ਮਰਜ਼ੀ ਨਹੀਂ ਚਲਣੀ। ਇਸ ਵੇਲੇ ਤਾਂ ਤੁਹਾਨੂੰ ਇਸ ਸਟੋਰ ਵਿਚ ਈ ਰਹਿਣਾ ਪਵੇਗਾ। ਨਹੀਂ ਤਾਂ ਸਾਨੂੰ ਕੋਈ ਹੋਰ ਪ੍ਰਬੰਧ ਕਰਨਾ ਪਵੇਗਾ। ਬਸ ਏਨੀ ਗੱਲ ਕਹਿਣ ਦੀ ਢਿੱਲ ਸੀ......

ਲੀਲਾ : (ਅਤੀ ਦੁੱਖ ਮਹਿਸੂਸਦੀ ਹੋਈ) ਬਹੂ, ਇਹ ਕੋਈ ਨਿੱਕੀ ਜਿਹੀ ਗੱਲ ਏ। ਇਹ ਕੰਵਲ ਨੇ ਬਹੁਤ ਬੁਰੀ ਗੱਲ ਕੀਤੀ ਏ। ਸ਼ੋਭਾ ਹੁਣ ਕਦੇ ਇਸ ਘਰ ਵਿਚ ਨਹੀਂ ਰਵ੍ਹੇਗੀ। ਮੈਂ ਉਸ ਦੇ ਸੁਭਾ ਨੂੰ ਚੰਗੀ ਤਰ੍ਹਾਂ ਜਾਣਦੀ ਆਂ।

ਰੇਖਾ : ਉਨ੍ਹਾਂ ਦੇ ਮਨ ਵਿਚ ਕੁਝ ਵੀ ਨਹੀਂ ਸੀ। ਪਤਾ ਨਹੀਂ ਕਿਵੇਂ ਮੂੰਹੋਂ ਨਿਕਲ ਗਈ।

ਲੀਲਾ : ਰੇਖਾ ਬੀਬੀ, ਜੋ ਢਿੱਡ ਵਿਚ ਹੁੰਦੀ ਏ, ਓਹੋ ਬਾਹਰ ਆਉਂਦੀ ਏ। ਤੁਸੀਂ ਉਥੋਂ ਹੀ ਸਲਾਹ ਕਰ ਕੇ ਆਏ ਹੋਵੋਗੇ।

ਰੇਖਾ : ਫੇਰ ਇਹ ਕੋਈ ਅਯੋਗ ਗੱਲ ਏ।

ਲੀਲਾ : ਤੇ ਹੋਰ ਨਹੀਂ। ਮੈਨੂੰ ਹੁਣ ਸਮਝ ਆਈ ਏ, ਸਕੂਲ ਦੀਆਂ ਮਾਈਆਂ ਕਿਉਂ ਆਈਆਂ ਹੋਈਆਂ ਨੇ।

ਰੇਖਾ : (ਤਰਲੇ ਨਾਲ) ਮਾਈ, ਤੂੰ ਠੰਡਾ ਕਰ ਉਨ੍ਹਾਂ ਨੂੰ ਕਿਸੇ ਤਰ੍ਹਾਂ। ਮੈਂ ਵਖਰਾ ਕਮਰਾ ਨਹੀ ਲੈਂਦੀ। ਅਸੀਂ ਅਜੇ ਇਕੋ ਕਮਰੇ ਵਿਚ ਗੁਜ਼ਾਰਾ ਕਰ ਲਵਾਂਗੇ।

ਲੀਲਾ : (ਡੌਰੀ ਭੌਰੀ ਅਵਸਥਾ ਵਿਚ) ਮੈਂ ਕੀ ਕਰ ਸਕਦੀ ਆਂ। ਤੁਸੀਂ ਗੱਲ ਹੀ ਅਜਿਹੀ ਕੀਤੀ ਏ। ਕੰਵਲ ਬੇਟਾ ਹੁਣ ਕਿੱਥੇ ਐ ?

ਰੇਖਾ : ਉਹ ਸਗੋਂ ਆਪ ਸਾਰੀ ਰਾਤ ਦੁਖੀ ਰਹੇ ਨੇ। ਪਲ ਭਰ ਨਹੀਂ ਸੁੱਤੇ। ਸੁਹਾਗ ਦੀ ਸੈਰ ਦਾ ਸਾਰਾ ਸਵਾਦ ਹੀ ਭੰਗ ਹੋ ਗਿਆ।

ਲੀਲਾ : ਬੇਟੀ; ਮੈਂ ਪੁੱਛਦੀ ਆਂ, ਕੰਵਲ ਹੁਣ ਹੈ ਕਿੱਥੇ ?

ਰੇਖਾ : ਸਵੇਰੇ ਉਠ ਕੇ ਜਾਂ ਉਨ੍ਹਾਂ ਮਾਤਾ ਜੀ ਦਾ ਰਵੱਈਆ ਦੇਖਿਆ ਤਾਂ ਝਟ ਪਟ ਮਾਮਾ ਜੀ ਨੂੰ ਲੈਣ ਚਲੇ ਗਏ।

ਲੀਲਾ : ਹੁਣ ਮਾਮਾ ਜੀ ਆਉਣ ਭਾਵੇਂ ਉਨ੍ਹਾਂ ਦਾ ਵਡਾ ਵਡੇਰਾ। ਗੱਲ ਵਿਗੜ ਚੁਕੀ ਏ। ਸ਼ੋਭਾ ਆਖਰ ਮੇਰੇ ਹੱਥਾਂ ਵਿਚ ਪਲੀ ਏ।

ਰੇਖਾ : ਮਾਈ, ਤੂੰ ਜਾਹ, ਮੇਰੇ ਕੋਲ ਨਾ ਖੜੋ। ਦੋ ਤਿੰਨ ਵਾਰ ਉਨ੍ਹਾਂ ਸਾਨੂੰ ਤਾੜਿਆ

ਏ । ਅੱਛਾ ਤੂੰ ਇਥੇ ਠਹਿਰ ਮੈਂ ਜਾਂਦੀ ਆਂ ।

ਰੇਖਾ ਅੰਦਰ ਜਾਂਦੀ ਹੈ । ਸ਼ੋਭਾ ਗ਼ੁੱਸੇ ਨਾਲ ਲੀਲਾ ਵਲ ਆਉਂਦੀ ਹੈ ।

ਸ਼ੋਭਾ : ਨੀ ਤੂੰ ਵੀ ਉਨ੍ਹਾਂ ਨਾਲ ਰਲ ਗਈ ਏਂ ?

ਲੀਲਾ : ਸ਼ੋਭਾ ਬੀਬੀ, ਉਹ ਕੋਈ ਹੋਰ ਨੇ ।

ਸ਼ੋਭਾ : ਉਹ ਤਾਂ ਸੀ ਬਿਗਾਨੀ, ਢਿੱਡ ਦਾ ਜਾਇਆ ਵੀ ਸਤ ਪਰਾਇਆ ਹੋ ਗਿਆ ਏ ।

ਲੀਲਾ : ਤੁਸੀਂ ਵੀ ਗ਼ੁੱਸੇ 'ਚ ਓ । ਨਹੁੰਆਂ ਨਾਲੋਂ ਮਾਸ ਵਖ ਨਹੀਂ ਹੁੰਦਾ ।

ਸ਼ੋਭਾ : ਅੱਜ ਕਲ੍ਹ ਸਭ ਸੰਭਵ ਏ !

ਲੀਲਾ : ਕੀ ਗੱਲਾਂ ਕਰਦੇ ਓ ।

ਸ਼ੋਭਾ : ਲੀਲਾ, ਜੇ ਤੂੰ ਢਿੱਡੋਂ ਜਾਇਆ ਹੋਇਆ ਹੋਵੇ, ਦੁੱਖਾਂ ਤੇ ਸਧਰਾਂ ਨਾਲ ਪਾਲਿਆ ਹੋਵੇ । ਵਿਆਹ ਦੀ ਪਹਿਲੀ ਰਾਤ ਈ ਮਾਂ ਦੀ ਮਮਤਾ ਨੂੰ ਠੋਕਰ ਮਾਰੇ, ਫੇਰ ਤੂੰ ਮੇਰੀ ਆਤਮਾ ਦੇ ਸੰਤਾਪ ਨੂੰ ਅਨੁਭਵ ਕਰ ਸਕੇਂ !

ਲੀਲਾ : (ਅੱਖਾਂ ਭਰ ਕੇ) ਬੀਬੀ ਸ਼ੋਭਾ, ਮੇਰੇ ਨਾਲੋਂ ਵਧ ਤੇਰੇ ਦੁਖ ਨੂੰ ਕੌਣ ਜਾਣ ਸਕਦੈ ।

ਸ਼ੋਭਾ : (ਉਸ ਦਾ ਸਹਾਰਾ ਲੈ ਕੇ) ਲੀਲਾ ਮੇਰਾ ਸਿਰ ਚਕਰਾ ਰਿਹਾ ਏ । ਸਾਰੀ ਰਾਤ ਮੈਨੂੰ ਤੜਫਦਿਆਂ ਲੰਘੀ ਏ । ਚੰਦਰੀਏ' ਰਾਤ ਤੂੰ ਵੀ ਮੇਰੀ ਸਾਰ ਨਾ ਲਈ ।

ਲੀਲਾ : ਮੈਨੂੰ ਕੀ ਪਤਾ ਸੀ, ਮੈਂ ਤਾਂ ਉਥੋਂ ਅੱਧੀ ਰਾਤ ਪਿਛੋਂ ਆਈ ਸਾਂ ।

ਸ਼ੋਭਾ : ਸਾਰੀ ਉਮਰ ਵਿਚ ਮੇਰਾ ਮਨ ਕਦੇ ਐਨਾ ਡਾਵਾਂ ਡੋਲ ਨਹੀਂ ਹੋਇਆ ।

ਲੀਲਾ : ਐਨੀ ਕਾਹਲ ਨਾ ਕਰੋ । ਉਨ੍ਹਾਂ ਨੂੰ ਆ ਲੈਣ ਦਿਓ । ਦਿਲ ਅਜੇ ਵੀ ਡੁੱਬਦਾ ਜਾਂਦਾ ਏ । ਤੂੰ ਜਾਹ ਮਾਈਆਂ ਨਾਲ ਸਮਾਨ ਬੰਨ੍ਹ ।

ਸ਼ੋਭਾ : ਲੀਲਾ, ਮੈਂ ਹੁਣ ਇਸ ਘਰ ਵਿਚ ਸਾਹ ਵੀ ਨਹੀਂ ਲੈ ਸਕਦੀ । ਮਾਂ ਦਾ ਅਪਮਾਨ ਹੀ ਨਹੀਂ ਹੋਇਆ, ਉਸ ਦੀਆਂ ਸੱਧਰਾਂ ਦਾ ਘਾਤ ਵੀ ਹੋ ਗਿਆ ਏ । ਮੇਰਾ ਹੁਣ ਇਥੇ ਠਹਿਰਨਾ ਅਸੰਭਵ ਏ ।

ਰੇਖਾ : (ਵਾਲ ਠੀਕ ਕਰਦੀ ਹੋਈ ਅੰਦਰੋਂ ਆ ਕੇ) ਮਾਤਾ ਜੀ, ਪਹਿਲੋਂ ਤੁਸੀਂ ਕੁਝ ਕਿਹਾ ਤਾਂ ਹੀ ਉਨ੍ਹਾਂ ਨੂੰ ਕਹਿਣ ਦਾ......

ਸ਼ੋਭਾ : ਸੁਣ ਲਿਆ ਲੀਲਾ ? ਹੈ ਇਹਨੂੰ ਕੋਈ ਮੇਰੇ ਦੁਖ ਦਾ ਅਨੁਭਵ !



ਰੇਖਾ : (ਕਹੀ ਹੋਈ ਗੱਲ ਤੇ ਕੁਝ ਸ਼ਰਮਸਾਰ ਹੋ ਕੇ) ਕੁਝ ਦਿਨ ਹੋਰ ਠਹਿਰ ਜਾਂਦੇ, ਆਖ਼ਰ ਤਾਂ ਨਹੀਂ ਸੀ ਆ ਚਲੀ ।

ਸ਼ੋਭਾ : ਤੇਰੇ ਲਈ ਤਾਂ ਬੀਬੀ, ਸ਼ਿੰਗਾਰ ਬਕਸ ਜ਼ਰਾ ਏਧਰ ਓਧਰ ਹੋ ਜਾਵੇ, ਫੇਰ ਆਖ਼ਰ ਆ ਸਕਦੀ ਏ, ਕਿਸੇ ਦਾ ਅਪਮਾਨ ਕਰਨ ਨਾਲ ਨਹੀਂ ।

ਰੇਖਾ : (ਤੇਜ਼ੀ ਨਾਲ) ਮੰਮਾ, ਤੁਸੀਂ ਹਰ ਗੱਲ ਵਿਅੰਗ ਨਾਲ ਕਰਦੇ ਓ । ਮੈਂ ਨਹੀਂ ਪਸੰਦ ਕਰਦੀ ।

ਲੀਲਾ : ਬਹੂ ਰਾਣੀ !

ਰੇਖਾ : ਮੈਂ ਪਰਸੋਂ ਰਾਤ ਦੀ ਦੇਖ ਰਹੀ ਆਂ, ਇਨ੍ਹਾਂ ਦਾ ਘਰ ਵਿਚ ਬੁੱਢੀਆਂ ਉਸਤਾਨੀਆਂ ਵਾਲਾ ਵਤੀਰਾ ਏ ।

ਸ਼ੋਭਾ : ਤੇ ਤੇਰਾ ਵਿਗੜੇ ਹੋਏ ਗੁਸਤਾਖ਼ ਵਿਦਿਆਰਥੀਆਂ ਵਾਲਾ ।

ਰੇਖਾ : ਮੇਰੀਆਂ ਨਿੱਜੀ ਗੱਲਾਂ ਵਿਚ ਦਖ਼ਲ ਦੇਣ ਦਾ ਤੁਹਾਨੂੰ ਕੋਈ ਅਧਿਕਾਰ ਨਹੀਂ ।

ਸ਼ੋਭਾ : ਮਨੁੱਖ ਸਮਾਜਕ ਜੀਵ ਏ । ਉਸ ਦੀ ਨਿੱਕੀ ਤੋਂ ਨਿੱਕੀ ਹਰਕਤ ਦਾ ਦੂਜਿਆਂ ਨਾਲ ਸੰਬੰਧ ਏ । ਇਕੋ ਛੱਤ ਹੇਠ ਰਹਿੰਦਿਆਂ ਕਿਸ ਤਰ੍ਹਾਂ ਹੋ ਸਕਦਾ ਏ ਮੈਂ ਦੇਖ ਕੇ ਅਣਡਿੱਠ ਕਰਾਂ ।

ਰੇਖਾ : ਤੁਹਾਡੇ ਭਾਸ਼ਨ ਬਾਸੀ ਰੋਟੀ ਵਰਗੇ ਨੇ । ਕੌਣ ਸੁਣਦਾ ਏ ।

ਸ਼ੋਭਾ : ਸੱਚੀ ਗੱਲ ਤੇਰੇ ਚੰਚਲ ਮਨ ਨੂੰ ਕਿਵੇਂ ਭਾਵੇ । ਸ਼ੋਖ ਮਨ ਤੋਂ ਪਾਣੀ ਵਾਂਗ ਤਿਲਕ ਜਾਣੀ ਹੋਈ ।

ਲੀਲਾ : ਬੀਬੀ ਜੀ ਤੁਸੀਂ ਚੁੱਪ ਰਹੋ ।

ਮਾਈਆਂ : ਭੈਣ ਜੀ, ਸਾਨੂੰ ਕੀ ਆਗਿਆ ਹੈ ?

ਸ਼ੋਭਾ : ਜ਼ਰਾ ਠਹਿਰੋ, ਦਸਦੀ ਆਂ । ਓਧਰ ਬੈਠੋ, ਮੈਂ ਬੁਲਾ ਲਵਾਂਗੀ ।

ਰੇਖਾ : ਮਾਤਾ ਜੀ, ਤੁਸੀਂ ਜ਼ਰੂਰ ਹੀ ਬਦਸ਼ਗੁਨੀ ਕਰਨੀ ਏਂ ।

ਸ਼ੋਭਾ : ਬੀਬੀ, ਮੇਰਾ ਜਾਣਾ ਤਾਂ ਸਗੋਂ ਚੰਗਾ ਸ਼ਗਨ ਏ ਤੇਰੇ ਲਈ ।

ਰੇਖਾ : ਸ਼ਾਮੀਂ ਪਰਾਹੁਣੇ ਰਿਸ਼ਤੇਦਾਰ ਆਉਣਗੇ, ਕੀ ਆਖਣਗੇ ?

ਸ਼ੋਭਾ : ਜਿਵੇਂ ਮਰਜ਼ੀ ਏ ਸੱਚੀ ਹੋ ਲਵੀਂ । ਬਥੇਰੀਆਂ ਗੱਲਾਂ ਆਉਂਦੀਆਂ ਨੇ ਤੈਨੂੰ ।

ਰੇਖਾ : ਵਿਆਹ ਦੀ ਖ਼ੁਸ਼ੀ ਦੀ ਪਾਰਟੀ ਦਾ ਸਾਰਾ ਕਾਰਯਕਰਮ ਤਾਂ ਤੁਸਾਂ ਹੀ ਬਣਾਇਆ ਸੀ ।

ਸ਼ੋਭਾ : ਤਾਹੀਓਂ ਤਾਂ ਤੁਹਾਨੂੰ ਪਸੰਦ ਨਹੀਂ । ਮੇਰੀ ਕੋਈ ਗੱਲ ਵੀ ਹੁਣ ਤੁਹਾਨੂੰ ਪਸੰਦ ਨਹੀਂ ਆਉਣੀ ।

ਰੇਖਾ : ਮੈਨੂੰ ਤੁਹਾਡਾ ਲੜਕਾ ਤਾਂ ਪਸੰਦ ਏ ।

ਸ਼ੋਭਾ : ਮੈਨੂੰ ਤਾਂ ਇਸ ਤੇ ਵੀ ਸ਼ੰਕਾ ਏ ।

ਰੇਖਾ : ਮੱਮਾ, ਤੁਸੀਂ ਗੱਲ ਕਰ ਕੇ ਅੱਗ ਲਾ ਦਿੰਦੇ ਓ ।

ਸ਼ੋਭਾ : ਅੱਜ ਕਲ੍ਹ ਦੀਆਂ ਸ਼ੋਖ਼ ਤਿਤਲੀਆਂ ਦੇ ਦਿਲ ਕੌਣ ਜਾਣ ਸਕਦੈ ।

ਰੇਖਾ : ਤੁਸੀਂ ਕਈ ਦਫ਼ਾ ਮੇਰੇ ਆਚਰਨ ਤੇ ਚੋਟ ਕੀਤੀ ਏ । ਇਹ ਠੀਕ ਨਹੀਂ ਤੁਹਾਡੇ ਵਾਸਤੇ ।

ਸ਼ੋਭਾ : ਗਲਤ ਗੱਲ ਸਾਹਮਣੇ ਹੁੰਦੀ ਵੇਖ ਕੇ ਮੈਥੋਂ ਕਹੇ ਬਿਨਾਂ ਰਿਹਾ ਨਹੀਂ ਜਾ ਸਕਦਾ । ਮੇਰੇ ਇਥੋਂ ਜਾਣ ਦਾ ਇਹ ਵੀ ਇਕ ਵੱਡਾ ਕਾਰਨ ਏ ।

ਰੇਖਾ : ਇਹ ਤਾਂ ਮੈਨੂੰ ਦਬਾ ਕੇ ਰਖਣ ਦਾ ਇਕ ਬਹਾਨਾ ਏ ।

ਸ਼ੋਭਾ : ਕੌਣ ਸੀ ਉਹ ਮੁੰਡਾ ਜਿਸ ਨਾਲ ਸ਼ਾਮੀਂ ਹੱਸ ਹੱਸ ਗੱਲਾਂ ਕਰਦੀ ਸੀ ।

ਰੇਖਾ : (ਝਿਜਕ ਕੇ) ਮੇਰੀ ਇਕ ਸਹੇਲੀ ਦਾ ਭਰਾ ।

ਸ਼ੋਭਾ : ਉਸ ਨੂੰ ਤੇਰੇ ਆਉਣ ਦਾ ਕਿਵੇਂ ਪਤਾ ਲੱਗਾ ? ਅਗੇ ਉਹ ਕਦੇ ਨਹੀਂ ਆਇਆ ।

ਰੇਖਾ : ਪਤਾ ਲੱਗ ਗਿਆ ਹੋਵੇਗਾ ।

ਸ਼ੋਭਾ : ਹੂੰ ! ਆਪੇ ਪਤਾ ਲਗ ਗਿਆ ਹੋਵੇਗਾ । ਮੈਂ ਸਭ ਸਮਝਦੀ ਆਂ । ਬੀਬਾ, ਤੇਰੇ ਜਿੱਡੀਆਂ ਨੂੰ ਮੈਂ ਪੜ੍ਹਾਂਦੀ ਆਂ । ਲੀਲਾ, ਮਾਈਆਂ ਨੂੰ ਬੁਲਾ !

ਰੇਖਾ : (ਰੋਕ ਕੇ) ਮੱਮਾ, ਕੰਵਲ ਜੀ ਤੋਂ ਆਗਿਆ ਲੈ ਕੇ ਬੇਸ਼ਕ ਚਲੇ ਜਾਣਾ ।

ਸ਼ੋਭਾ : (ਪਾਗਲਾਂ ਵਾਂਗ ਹੱਸਦੀ ਹੋਈ) ਹੁਣ ਮੈਂ ਕੰਵਲ ਜੀ, ਨਾਲੇ ਤੈਥੋਂ ਆਗਿਆ ਲੈ ਕੇ ਹੀ ਹਰ ਕੰਮ ਕਰਿਆ ਕਰਾਂਗੀ । ਉਹਨੂੰ ਆਖੀਂ ਤੇਰੀ ਮਾਈ ਆਗਿਆ ਤੋਂ ਬਿਨਾਂ ਹੀ ਚਲੀ ਗਈ ਏ ।

ਰੇਖਾ : ਖਿਮਾ, ਮੇਰੇ ਮੂੰਹੋਂ ਆਗਿਆ ਸ਼ਬਦ ਨਿਕਲ ਗਿਆ ਏ । ਉਹ ਮੈਨੂੰ ਗੁੱਸੇ ਹੋਣਗੇ, ਮੈਂ ਕੀ ਉੱਤਰ ਦਿਆਂਗੀ ।

ਸ਼ੋਭਾ : ਜੋ ਦਿਲ ਕਰਦੈ ਕਹਿ ਦੇਈਂ । ਉਹਨੇ ਵੀ ਤਾਂ ਹੁਣ ਤੇਰੇ ਇਸ਼ਾਰੇ ਤੇ ਨੱਚਣਾ ਏਂ ।

ਰੇਖਾ : ਇਹ ਤੁਹਾਡਾ ਭੁਲੇਖਾ ਏ । ਤੁਹਾਡਾ ਪੁੱਤਰ ਅਜੇ ਵੀ ਤੁਹਾਡੇ ਆਖੇ ਵਿਚ ਏ । (ਰੋਸੇ ਨਾਲ) ਤੁਹਾਨੂੰ ਤਾਂ ਇਹੋ ਦੁਖ ਏ ਕਿ ਉਹ ਮੇਰੇ ਨਾਲ ਬੋਲਦੇ ਵੀ ਕਿਉਂ ਨੇ । ਮੈਂ ਅੱਜ ਹੀ ਪੇਕੇ ਚਲੀ ਜਾਵਾਂਗੀ ।

ਸ਼ੋਭਾ : ਸੁੱਖੀ ਸਾਂਦੀ ਤੂੰ ਕਿਉਂ ਜਾਣਾ ਏਂ । ਮੈਂ ਤਾਂ ਆਪ ਤੇਰੇ ਰਾਹ ਵਿਚੋਂ ਹਟ ਰਹੀ



ਆਂ । (ਸਾਮਾਨ ਵਿਚੋਂ ਜ਼ਨਾਨਾ ਛਤਰੀ ਚੁਕ ਕੇ) ਲੀਲਾ, ਮਾਈਆਂ ਨੂੰ ਬੁਲਾਇਆ ਨਹੀਂ ?

ਰੇਖਾ : ਮੱਮਾ, ਕਿਉਂ ਐਨੀ ਜ਼ਿੱਦ ਕਰਦੇ ਓ !

ਸ਼ੋਭਾ : ਵਿਚੋਂ ਤਾਂ ਤੂੰ ਖ਼ੁਸ਼ ਏਂ ।

ਰੇਖਾ : ਉਹ ਕਿਵੇਂ ?

ਸ਼ੋਭਾ : ਮੇਰੇ ਇਥੇ ਹੋਣ ਨਾਲ ਪ੍ਰਧਾਨਤਾ ਖੁਸਦੀ ਏ ।

ਰੇਖਾ : ਮੇਰੀ ਕਿ ਤੁਹਾਡੀ ।

ਲੀਲਾ : ਲਉ ਕਾਕਾ ਜੀ ਆ ਗਏ ਨੇ ।

ਰੇਖਾ : ਚੰਗਾ ਹੋਇਆ !

ਕੰਵਲ ਨੈਣ ਨੀਵੀਂ ਪਾਈ ਆਉਂਦਾ ਹੈ । ਉਹ ਇਕ ਸੁਨੱਖਾ ਤੇਜ਼ ਬੁਧ ਨੌਜਵਾਨ ਜਾਪਦਾ ਹੈ । ਰੇਖਾ ਅਗੇ ਵਧਦੀ ਹੈ । ਆਪਣੀ ਬਿਹਤਰੀਨ ਮੁਸਕ੍ਰਾਹਟ ਚਿਹਰੇ ਉਤੇ ਲਿਆ ਕੇ ਉਸ ਵਲ ਦੇਖਦੀ ਹੈ । ਉਹ ਕੋਈ ਪ੍ਰਵਾਹ ਨਹੀਂ ਕਰਦਾ । ਰੇਖਾ ਇਕਦਮ ਕੁਮਲਾ ਜਾਂਦੀ ਹੈ । ਕੰਵਲ ਸ਼ੋਭਾ ਨੂੰ ਜਾਣ ਲਈ ਤਿਆਰ ਖੜੀ ਦੇਖ ਕੇ ਘਬਰਾ ਜਿਹਾ ਜਾਂਦਾ ਹੈ ।

ਕੰਵਲ : ਮਾਤਾ ਜੀ, ਇਹ ਤੁਹਾਡੀ ਵਧੀਕੀ ਏ......

ਸ਼ੋਭਾ : ਮੈਂ ਹੀ ਵਧੀਕੀ ਕਰਦੀ ਆਂ ਬੇਟਾ, ਤਾਹੀਓਂ ਤਾਂ ਮੈਂ ਚਲੀ ਹਾਂ ।

ਕੰਵਲ : ਤੁਸੀਂ ਗੱਲ ਤਾਂ ਪੂਰੀ ਸੁਣਦੇ ਨਹੀਂ । ਮੈਂ ਕਹਿਣ ਲੱਗਾ ਸਾਂ, ਤੁਹਾਡਾ ਅੱਜ ਜਾਣਾ ਵਧੀਕੀ ਏ । ਤੁਸੀਂ ਤਾਂ ਪ੍ਰੀਤੀ ਭੋਜਨ ਦਾ ਸਾਰਾ ਪ੍ਰਬੰਧ ਕੀਤਾ ਏ ।

ਰੇਖਾ : ਇਨ੍ਹਾਂ ਜ਼ਰੂਰ ਈ ਕੁਸ਼ਗਨੀ ਕਰਨੀ ਏਂ ।

ਸ਼ੋਭਾ : ਨੂੰਹ ਜੋ ਬੈਠੀ ਏ, ਸ਼ਗਨ ਕਰਨ ਵਾਲੀ । ਸੱਸ ਨੂੰ ਹੁਣ ਕੌਣ ਪੁਛਦੈ ।

ਰੇਖਾ : ਸਾਧਾਰਨ ਗੱਲ ਵੀ ਕਰੋ । ਉਲਟੀ ਹੀ ਸਮਝਦੇ ਨੇ ।

ਕੰਵਲ : ਰੇਖਾ ਜੀ, ਚੁਪ ਕਰੋ ਤੁਸੀਂ ।

ਰੇਖਾ : ਉਲਟਾ ਮੈਨੂੰ ਡਾਂਟਦੇ ਓ । ਉਨ੍ਹਾਂ ਨੂੰ ਕੁਝ ਨਹੀਂ ਕਹਿੰਦੇ ।'

ਰੁਮਾਲ ਨਾਲ ਅੱਖਾਂ ਪੂੰਝਦੀ ਹੈ ।

ਸ਼ੋਭਾ : ਇਹਨੂੰ ਤਾਂ ਮੇਰੀ ਕੋਈ ਗੱਲ ਵੀ ਚੰਗੀ ਨਹੀਂ ਲੱਗਦੀ ।

ਰੇਖਾ : ਸਗੋਂ ਤੁਸੀਂ ਬੁੱਢਿਆਂ ਵਾਂਗ ਗੱਲ ਗੱਲ ਤੇ ਟੋਕਾ ਟਾਕੀ ਕਰਦੇ ਓ ।

ਕੰਵਲ : ਰੇਖਾ ਜੀ !

ਰੇਖਾ : (ਅੱਖਾਂ ਪੂੰਝਦੀ ਹੋਈ) ਮੇਰੀ ਗੱਲ ਵੀ ਨਹੀਂ ਸੁਣਦੇ ।

ਸੋਭਾ : ਇਹੋ ਤਾਂ ਤੈਨੂੰ ਦੁਖ ਏ ਮਾਂ ਨਾਲ ਬੋਲਦਾ ਵੀ ਕਿਉਂ ਏ ।

ਕੰਵਲ : (ਅੱਕ ਕੇ) ਮੈਂ ਕਿਸੇ ਦੀ ਵੀ ਨਹੀਂ ਸੁਣਦਾ । ਜਿਹੜੀ ਸੱਚੀ ਹੋਵੇਗੀ, ਮੈਂ ਉਸ ਵਲ ਦੀ ਗੱਲ ਕਰਾਂਗਾ ।

ਸੋਭਾ : ਸੱਚੀ ਤਾਂ ਫੇਰ ਇਹਨੇ ਈ ਰਹਿਣਾ ! ਚਾਲਾਕ ਜੋ ਬਹੁਤ ਹੋਈ ।

ਰੇਖਾ : ਤੁਹਾਡੇ ਨਾਲੋਂ ਵਧ ਕੋਈ ਚਤਰ ਨਹੀਂ ਹੋ ਸਕਦਾ ।

ਕੰਵਲ : ਜੇ ਤੁਸੀਂ ਚੁਪ ਨਹੀਂ ਕਰਨਾ ਤਾਂ ਮੈਂ ਜਾਂਦਾ ਹਾਂ । ਆਪੇ ਮਾਮਾ ਜੀ ਆ ਕੇ ਝਗੜਾ ਨਜਿੱਠ ਦੇਣਗੇ ।

ਸੋਭਾ : ਕਾਕਾ, ਇਹ ਕਲੇਸ਼ ਤਾਂ ਸਾਰਾ ਮੇਰਾ ਇਥੇ ਹੋਣ ਦਾ ਏ ।

ਰੇਖਾ : ਸਗੋਂ ਮੇਰਾ ਦੁਖ ਏ ਤੁਹਾਨੂੰ । ਸ਼ਾਦੀ ਜੋ ਤੁਹਾਡੀ ਇੱਛਾ ਦੇ ਵਿਰੁਧ ਹੋਈ ਹੈ । ਇਸੇ ਕਰ ਕੇ ਤਾਂ ਮੇਰੀ ਹਰ ਗੱਲ ਵਿਚ ਨੁਕਸ ਨਿਕਲਦੇ ਨੇ ।

ਸੋਭਾ : ਮੇਰੀ ਪਸੰਦ ਨੂੰ ਕੌਣ ਪੁਛਦਾ ਏ । ਜਿਹਦੇ ਨਾਲ ਦਿਨ ਕਟਣੇ ਨੇ ਉਹਨੂੰ ਪਸੰਦ ਚਾਹੀਦੀ ਏ ।

ਰੇਖਾ : ਕੰਵਲ ਜੀ, ਮੈਨੂੰ ਕੁਝ ਦਿਨਾਂ ਲਈ ਛੁਟੀ ਦਿਓ, ਮੈਂ ਅਜਿਹੇ ਵਾਤਾਵਰਨ ਵਿਚ ਨਹੀਂ ਰਹਿ ਸਕਦੀ ।

ਸੋਭਾ : ਇਹ ਸਭ ਕੁਝ ਮੈਥੋਂ ਵਖ ਹੋਣ ਦੇ ਬਹਾਨੇ ਨੇ ।

ਕੰਵਲ : ਮਾਤਾ ਜੀ, ਚੁਪ ਵੀ ਕਰੋ ਹੁਣ ।

ਸੋਭਾ : ਬੱਚਾ, ਚੁਪ ਕਰਾਉਣ ਜੋਗਾ ਹੋ ਤੇ ਲੈ ।

ਰੇਖਾ : ਰਾਤ ਦੀਆਂ ਚਲੇ ਜਾਣ ਦੀਆਂ ਧਮਕੀਆਂ ਦਿੰਦੇ ਓ, ਫੇਰ ਜਾਂਦੇ......

ਕੰਵਲ : ਰੇਖਾ ਜੀ, ਤੁਸੀਂ ਐਨੇ ਕੋਰੇ ਤੇ ਰੁੱਖੇ ਹੋ ਗਏ ਓ ।

ਰੇਖਾ : ਸਗੋਂ ਤੁਹਾਡਾ ਵਤੀਰਾ ਦੋ ਹਫਤਿਆਂ ਵਿਚ ਈ ਬਦਲ ਗਿਆ ਏ ।

ਸੋਭਾ : (ਲਾ ਕੇ) ਮੈਨੂੰ ਜਾਣ ਦੀ ਇਜਾਜ਼ਤ ਦੇ ਦਿਓ, ਸਭ ਕੁਝ ਠੀਕ ਹੋ ਜਾਵੇਗਾ ।

ਕੰਵਲ : ਮਾਤਾ ਜੀ, ਗੁੱਸੇ ਦੀ ਹਾਲਤ ਵਿਚ ਤਾਂ ਮੈਂ ਤੁਹਾਨੂੰ ਘਰੋਂ ਪੈਰ ਨਹੀਂ ਪੁਟਣ ਦਿਆਂਗਾ । ਇਹ ਬੇਸ਼ਕ ਕੁਝ ਦਿਨਾਂ ਲਈ ਚਲੀ ਜਾਵੇ ।

ਰੇਖਾ : (ਕੜਕ ਕੇ) ਮੈਨੂੰ ਤਾਂ ਪਹਿਲੋਂ ਪਤਾ ਸੀ, ਤੁਸੀਂ ਮਾਂ ਅਗੇ ਅੱਖ ਨਹੀਂ ਚੁੱਕ ਸਕਦੇ । ਮੈਨੂੰ ਦਸਦੇ ਨੇ ਕਲ੍ਹ ਦੇ ਲੜਾਈ ਕਰ ਕਰ । ਤੁਸੀਂ ਹੁਣ ਮਾਤਾ ਜੀ ਨੂੰ ਹੀ ਪਾਸ ਰਖੋ, ਮੈਂ ਜਾਂਦੀ ਹਾਂ ।



ਕੰਵਲ : ਰੇਖਾ ਜੀ, ਕੀ ਬੱਚਿਆਂ ਵਾਲੀਆਂ ਗੱਲਾਂ ਕਰਦੇ ਓ ।

ਰੇਖਾ : ਮੈਂ ਅਜਿਹੇ ਵਾਤਾਵਰਨ ਵਿਚ ਨਹੀਂ ਰਹਿ ਸਕਦੀ । ਇਹ ਗੱਲ ਗੱਲ ਵਿਚ ਨੁਕਸ ਕੱਢਦੇ ਨੇ ।

ਕੰਵਲ : ਨੁਕਸ ਉਥੇ ਈ ਨਿਕਲਦੇ ਨੇ ਜਿਥੇ ਹਮਦਰਦੀ ਦੀ ਘਾਟ ਹੋਵੇ ।

ਸੋਭਾ : ਠੀਕ ਏ, ਮੈਨੂੰ ਤੁਹਾਡੇ ਨਾਲ ਕੋਈ ਹਮਦਰਦੀ ਨਹੀਂ ਮੜ੍ਹੇਈ ਜੋ ਹਾਂ ।

ਕੰਵਲ : ਮਾਤਾ ਜੀ ਤੁਹਾਡਾ ਸੁਭਾ ਵੀ ਕੁਝ ਚਿੜਚਿੜਾ ਹੋ ਰਿਹਾ ਏ ।

ਸੋਭਾ : ਚੰਗੇ ਸੁਭਾ ਵਾਲੀ ਰਾਣੀ ਜੋ ਆ ਗਈ ਏ ।

ਕੰਵਲ : ਮੈਂ ਤਾਂ ਹੁਣ ਇਸ ਘਰ ਵਿਚ ਗੱਲ ਤਕ ਨਹੀਂ ਕਰ ਸਕਦਾ ।

ਲੀਲਾ : ਲਓ ਆ ਗਏ ਨੇ ਭਰਾ ਜੀ ।

ਸਤੀਸ਼ ਹੱਥ ਵਿਚ ਅੰਮ੍ਰਿਤਸਰੀ ਕਾਲੀ ਟੋਪੀ ਫੜੀ ਆਉਂਦਾ ਹੈ । ਉਸ ਦੇ ਹਸ ਮੁਖ ਚਿਹਰੇ ਅਤੇ ਰੌਣਕੀ ਸੁਭਾਅ ਦਾ ਇਕ ਦਮ ਸੁਖਾਵਾਂ ਪ੍ਰਭਾਵ ਪੈਂਦਾ ਹੈ ।

ਸਤੀਸ਼ : ਚੁਪ ਕਿਉਂ ਹੋ ਗਏ ਓ । ਮੇਰੇ ਆਣ ਨਾਲ ਕੋਈ ਵਿਘਨ ਤਾਂ ਨਹੀਂ ਪੈ ਗਿਆ ! ਸਾਨੂੰ ਵੀ ਇਕ ਝੜਪ ਦਿਖਾ ਦਿਓ ਤਾਂ ਜੋ ਸਾਡਾ ਆਉਣਾ ਵੀ ਸਫਲਾ ਹੋ ਜਾਵੇ ।

ਲੀਲਾ : ਭਰਾ ਜੀ, ਤੁਸੀਂ ਲੜਾ ਕੇ ਖੁਸ਼ ਓ ?

ਸਤੀਸ਼ : ਮੈਨੂੰ ਤਾਂ ਭਾਂਡੇ ਠਹਿਕਦੇ ਚੰਗੇ ਲਗਦੇ ਨੇ ।

ਸੋਭਾ : ਇਹ ਆਪ ਜੋ ਘਰ ਵਿਚ ਖੜਕਾ ਦੜਕਾ ਰਖਦਾ ਏ ।

ਸਤੀਸ਼ : ਤੇ ਸੋਭਾ ਵੀ ਆਖ਼ਰ ਮੇਰੀ ਭੈਣ ਏ । ਸੁਭਾ ਤਾਂ ਕੁਦਰਤੀ ਰਲਣਾ ਹੋਇਆ ।

ਸੋਭਾ : ਮੇਰਾ ਤੇ ਤੇਰੇ ਸੁਭਾ ਦਾ ਕਿਲੋਮੀਟਰਾਂ ਦਾ ਫ਼ਰਕ ਏ ।

ਸਤੀਸ਼ : ਭੈਣ, ਇਹ ਦਸ ਜੀਵਨ ਵਿਚ ਵਧੇਰੇ ਸਫ਼ਲ ਕੌਣ ਰਿਹਾ ?

ਸੋਭਾ : ਤੇਰੀ ਵੱਡੀ ਭੈਣ ।

ਸਤੀਸ਼ : ਵਾਹ ! ਬੈਂਕ ਬੈਲੇਂਸ ਕਿੰਨਾ ਕੁ ਏ ?

ਸੋਭਾ : ਤੂੰ ਧਨ ਦੇ ਗਜ਼ ਨਾਲ ਜੀਵਨ ਦੀ ਸਫ਼ਲਤਾ ਮਿਣਦਾ ਏਂ ।

ਸਤੀਸ਼ : ਮੈਂ ਕੱਖ ਤੋਂ ਲੱਖ ਕਰ ਵਿਖਾਇਆ ਏ ।

ਸੋਭਾ : ਤੂੰ ਕਈ ਦਫ਼ਾ ਲੱਖੋਂ ਕੱਖ ਵੀ ਹੋ ਚੁਕਾ ਏਂ । ਇਹ ਜੂਆ ਏ, ਸੱਟਾ ਏ, ਸਫ਼ਲਤਾ ਨਹੀਂ । ਤੇਰਾ ਕੋਈ ਨੇਮ ਨਹੀਂ, ਝੂਠ ਫ਼ਰੇਬ ਤੇਰਾ ਧਰਮ ਏ ।

ਸਤੀਸ਼ : ਭੈਣ, ਅਸਲੋਂ ਹੀ ਤਾਂ ਨਾ ਭੰਡ, ਮੇਰੇ ਜੀਵਨ-ਘੋਟ ਵਿਚ ਵੀ ਸ਼ਾਇਦ ਕੋਈ

ਸੋਨੇ ਦੀ ਕਣੀ ਹੋਵੇ ।

ਸ਼ੋਭਾ : ਤੇਰਾ ਖੋਟ ਵੀ ਸੋਨੇ ਦੇ ਭਾਅ ਵਿਕਦਾ ਏ ।

ਸਤੀਸ਼ : ਭੈਣ ਜੀ, ਬਹਿਸ ਕਰਨ ਉਤੇ ਉਤਰ ਆਏ ਨੇ । ਹੁਣ ਇਨ੍ਹਾਂ ਨਾਲ ਕੌਣ ਵਾਰੇ ਆਵੇ ।

ਸ਼ੋਭਾ : ਸਤੀਸ਼, ਹੋਰ ਕੌਣ । ਠੱਗਾਂ ਵਾਲਾ ਸਾਂਗ ਧਾਰ ਕੇ ਆ ਗਿਆ ਏ, ਕਿਸੇ ਦੀ ਗੰਢ ਕਤਰਨੀ ਹੋਣੀ ਏਂ ।

ਸਤੀਸ਼ : ਭੈਣ, ਸੱਚ ਜਾਣ, ਮੈਂ ਬਾਹਰ ਕਿਸੇ ਨੂੰ ਗੱਲ ਨਹੀਂ ਕਰਨ ਦਿੰਦਾ । ਤੇਰਾ ਪਤਾ ਨਹੀਂ ਬਚਪਨ ਤੋਂ ਕੀ ਰੋਹਬ ਪਿਆ ਹੋਇਐ, ਮੈਂ ਗੱਲਾਂ ਵਿਚ ਸਦਾ ਹਾਰ ਜਾਂਦਾ ਹਾਂ ।

ਸ਼ੋਭਾ : ਕੋਈ ਕੰਮ ਦੀ ਗੱਲ ਕਰ ।

ਸਤੀਸ਼ : ਮੈਨੂੰ ਦਸੋ ਵੀ ਨਾ ਵਿਚੋਂ ਗੱਲ ਕੀ ਏ ।

ਲੀਲਾ : ਤੁਹਾਨੂੰ ਅਗੰਮੀ ਗੱਲਾਂ ਸੁਝਦੀਐਂ, ਬੁਝ ਲਓ ।

ਸਤੀਸ਼ : ਅਤੀਤ ਤੇ ਭਵਿੱਖ ਦੀਆਂ ਗੱਲਾਂ ਨਾਲੋਂ ਮੈਂ ਹੁਣ ਵਰਤਮਾਨ ਵਿਚ ਵਧੇਰੇ ਦਿਲਚਸਪੀ ਰਖਦਾਂ । ਜੇ ਵਰਤਮਾਨ ਸਹੀ ਹੋਵੇ ਤਾਂ ਭਵਿੱਖ ਆਪੇ ਸੁਧਰ ਜਾਂਦੈ ।

ਸ਼ੋਭਾ : ਤੇਰੇ ਭਾਸ਼ਨ ਸੁਣਨ ਦੀ ਕਿਸੇ ਨੂੰ ਵਿਹਲ ਨਹੀਂ ।

ਸਤੀਸ਼ : ਭੈਣ ਜੀ, ਅੱਜ ਕੁਝ ਵਧੇਰੇ ਹੀ ਗਰਮ ਨੇ । ਇਹ ਸੱਸ ਨੂੰਹ ਦਾ ਰਿਸ਼ਤਾ ਈ ਔਂਤਰਾ ਏ । ਇਸਤ੍ਰੀਆਂ ਜਿੰਨਾ ਮਰਜ਼ੀ ਏ ਪੜ੍ਹ ਲਿਖ ਜਾਣ ਝਗੜਨ ਦਾ ਝਸ ਨਹੀਂ ਜਾਂਦਾ ।

ਸ਼ੋਭਾ : ਇਸਤ੍ਰੀਆਂ ਮਰਦਾਂ ਨਾਲੋਂ ਵਧ ਅਮਨ ਪਸੰਦ ਨੇ । ਨਾਲੇ ਉਹ ਤਾਂ ਘਰ ਵਿਚ ਹੀ ਲੜਦੀਆਂ ਨੇ, ਮਰਦਾਂ ਦੇ ਝਗੜਿਆਂ ਨੇ ਤਾਂ ਸੰਸਾਰ ਨੂੰ ਭਿਆਨਕ ਤਬਾਹੀ ਦੇ ਮੂੰਹ ਮੋਹਰੇ ਲੈ ਆਂਦਾ ਏ ।

ਕੰਵਲ : ਇਹਦਾ ਕੀ ਕਾਰਨ ਏ ਮਾਮਾ ਜੀ ।

ਸਤੀਸ਼ : ਸੰਸਾਰ ਯੁਧ ਦਾ ਕਿ ਸੱਸ ਨੂੰਹ ਦੀ ਲੜਾਈ ਦਾ ।

ਕੰਵਲ : (ਕੁਝ ਝੇਂਪ ਕੇ) ਘਰੋਗੀ ਝਗੜੇ ਦਾ ।

ਸਤੀਸ਼ : ਇਸ ਦਾ ਮਨੋਵਿਗਿਆਨਕ ਕਾਰਨ ਏ । ਮਾਂ ਨੇ ਪੁਤ ਨੂੰ ਬੜੇ ਲਾਡਾਂ ਨਾਲ ਪਾਲਿਆ ਹੁੰਦਾ ਏ । ਨੂੰਹ ਇਕ ਦਮ ਆ ਕੇ ਉਸ ਦੇ ਪਿਆਰ ਦਾ ਹੱਕ ਖੋਹਣ ਲਗਦੀ ਏ । ਅਗੇ ਤਾਂ ਵਿਆਹ, ਮੁਕਲਾਵੇ, ਤਰੋਜੇ ਨਾਲ ਅਮਲ ਹੌਲੀ ਹੌਲੀ ਸ਼ੁਰੂ ਹੁੰਦਾ ਸੀ, ਹੁਣ ਤਾਂ ਤੁਰਤ ਫੁਰਤ ਕਾਰਜ ਸ਼ੁਰੂ ਹੋ ਜਾਂਦਾ ਏ । ਮਾਂ ਇਹ ਝੱਟ ਪਟੀ ਤਬਦੀਲੀ ਸਹਾਰ ਨਹੀਂ ਸਕਦੀ । ਕਈ ਹਾਲਤਾਂ ਵਿਚ ਈਡੀਪਸ ਕੰਪਲੈਕਸ......



ਸ਼ੋਭਾ : ਮੂੰਹ ਸੰਭਾਲ, ਆਇਆ ਏ ਵੱਡਾ ਮਨੋਵਿਗਿਆਨੀ ।

ਸਤੀਸ਼ : ਭੈਣ ਜੀ, ਮੈਂ ਤਾਂ ਆਮ ਗੱਲ ਕੀਤੀ ਏ । ਤੁਹਾਡੇ ਝਗੜੇ ਦੇ ਫੌਰੀ ਕਾਰਨ ਦਾ ਤਾਂ ਮੈਨੂੰ ਪਤਾ ਹੀ ਨਹੀਂ ।

ਸ਼ੋਭਾ : ਮੈਂ ਸਭ ਸਮਝਦੀ ਆਂ । ਧੀਏ ਗੱਲ ਕਰ, ਨੂੰਹੇ ਕੰਨ ਕਰ ।

ਸਤੀਸ਼ : ਕਾਕਾ ਕੰਵਲ, ਆਉਂਦੇ ਸਾਰ ਈ ਝਗੜਾ ਸ਼ੁਰੂ ਕਰ ਦਿਤਾ । ਸੱਚ ਸੱਚ ਦਸ ਗੱਲ ਕੀ ਹੋਈ ਏ ।

ਸ਼ੋਭਾ : ਜਿਵੇਂ ਤੈਨੂੰ ਦਸਿਆ ਨਹੀਂ ।

ਕੰਵਲ : ਮਾਮਾ ਜੀ, ਗੱਲ ਤਾਂ ਮਾਮੂਲੀ ਜਿਹੀ ਸੀ । ਮੈਥੋਂ ਕਹਿ ਹੋ ਗਿਆ 'ਮਾਤਾ ਜੀ, ਤੁਸੀਂ ਆਪਣਾ ਕਮਰਾ ਰੇਖਾ ਨੂੰ ਦੇ ਦਿਓ ਤੇ ਆਪ ਸਟੋਰ ਵਿਚ ਸਾਮਾਨ ਰਖ ਲਵੋ ।'

ਸ਼ੋਭਾ : ਅਗੋਂ ਕੀ ਕਿਹਾ ਸੀ ।

ਸਤੀਸ਼ : ਭੈਣ, ਮੁਆਫ਼ ਕਰ ਦੇਹ, ਜੋ ਕੁਝ ਕਹਿ ਬੈਠਾ ਏ, ਫੇਰ ਵੀ ਬੱਚਾ ਏ ।

ਸ਼ੋਭਾ : ਮੈਂ ਸਹੇ ਨੂੰ ਨਹੀਂ ਪਹੇ ਨੂੰ ਰੋਂਦੀ ਆਂ ।

ਸਤੀਸ਼ : ਮੈਨੂੰ ਅਜੇ ਤਕ ਇਹ ਨਹੀਂ ਸਮਝ ਆਈ, ਵਿਆਹ ਤੋਂ ਐਨੀ ਛੇਤੀ ਬਾਅਦ ਇਹ ਵਿਵਸਥਾ ਕਿੱਦਾਂ ਪੈਦਾ ਹੋ ਗਈ ।

ਸ਼ੋਭਾ : ਅੱਛਾ ਜੀ, ਇਹ ਗੱਲ ਐ, ਸ਼ਾਦੀ ਤੋਂ ਪਹਿਲਾਂ ਦਾ ਜੰਗ ਜਾਰੀ ਐ । ਫੇਰ ਇਨ੍ਹਾਂ ਵਿਆਹ ਦੀ ਏਡੀ ਕਾਹਲ ਕਿਉਂ ਕੀਤੀ ।

ਸਤੀਸ਼ : ਜੋ ਅਨਾੜੀ ਜੋੜਿਆਂ ਦਾ ਹਾਲ ਹੁੰਦਾ ਏ, ਭੰਡੀ ਦਾ ਡਰ......

ਸ਼ੋਭਾ : ਅੱਛਾ, ਅੱਛਾ, ਮੈਨੂੰ ਇਸ ਪਿਛੋਕੜ ਦਾ ਉੱਕਾ ਪਤਾ ਨਹੀਂ ਸੀ । ਖ਼ਾਨਦਾਨੀ ਕਾਹਲ ਭਿਆਨਕ ਸਿੱਟਾ ਧਾਰਨ ਕਰ ਗਈ ਏ ।

ਕੰਵਲ : ਮਾਮਾ ਜੀ, ਮੈਂ ਅਸਚਰਜ ਮਾਨਸਕ ਗੁੰਝਲ ਵਿਚ ਫਸ ਗਿਆ ਹਾਂ ।

ਸਤੀਸ਼ : ਠੀਕ, ਤੇਰੇ ਲਈ ਅਤੀ ਸੂਖਮ ਸਥਿਤੀ ਏ ।

ਕੰਵਲ : ਮਾਮਾ ਜੀ, ਮੈਨੂੰ ਦਸੋ ਮੈਂ ਕੀ ਕਰਾਂ ।

ਸਤੀਸ਼ : ਸੱਚੀ ਗੱਲ ਏ, ਤੇਰੀ ਮਾਂ ਨੇ ਅਜ ਤਕ ਕਿਸੇ ਦੀ ਈਨ ਨਹੀਂ ਮੰਨੀ । ਇਹਦਾ ਸੁਭਾ ਪੱਕ ਚੁਕਾ ਏ । ਜਿਹਨੇ ਪਿਤਾ ਪਤੀ ਦੀ ਅਯੋਗ ਅਧੀਨਗੀ ਨਹੀਂ ਮੰਨੀ, ਹੁਣ ਪੁੱਤ ਦੀ ਕਿਵੇਂ ਸਵੀਕਾਰ ਕਰੇ ।

ਕੰਵਲ : ਪਰ ਮਾਮਾ ਜੀ, ਈਨ ਮਨਾਉਂਦਾ ਕੌਣ ਏ ।

ਸ਼ੋਭਾ : ਕੰਵਲ ਤੇ ਰੇਖਾ ।

ਕੰਵਲ : ਮਾਮਾ ਜੀ, ਗੁੱਸੇ ਵਿਚ ਗੱਲ ਮੂੰਹੋਂ ਨਿਕਲ ਹੀ ਗਈ ਸਹੀ......

ਸਤੀਸ਼ : ਭੈਣ ਜੀ, ਬਹੁਤੀ ਹਉਮੈਂ ਤੇ ਸ੍ਵੈ-ਸੁਤੰਤਰਤਾ ਵੀ ਬਹੁਤ ਦਫ਼ਾ ਔਗੁਣ ਬਣ ਜਾਂਦੀ ਏ ।

ਸ਼ੋਭਾ : ਮੈਂ ਤਾਂ ਆਪ ਕਿਸੇ ਦੀ ਖੁਲ੍ਹ ਦੇ ਰਾਹ ਵਿਚ ਖਲੋਣਾ ਨਹੀਂ ਚਾਹੁੰਦੀ ।

ਰੇਖਾ : ਪਰ ਮਾਮਾ ਜੀ, ਦੂਜੇ ਦੀ ਸੁਤੰਤਰਤਾ ਦਾ ਵੀ ਥੋੜਾ ਬਹੁਤ ਧਿਆਨ ਰਖਣਾ ਚਾਹੀਦਾ ਏ ।

ਸ਼ੋਭਾ : ਤੂੰ ਘਰ ਵਿਚ ਕਾਲਜ ਵਾਲੀ ਖੁਲ੍ਹ ਖੇਲ ਚਾਹੁੰਦੀ ਏਂ ।

ਰੇਖਾ : ਮੰਮਾ ਜੀ .

ਸਤੀਸ਼ : (ਟੋਕ ਕੇ) ਤੇਰੀ ਗੱਲ ਵੀ ਸੁਣਦੇ ਆਂ ਬੇਟੀ, ਪਹਿਲਾਂ ਮੇਰੀ ਸੁਣ ਲੈ । ਅਸੀਂ ਆਂ ਹੁਣ ਪੁਰਾਣੇ ਢਬ ਦੇ ਬੰਦੇ । ਤੂੰ ਗੱਲ ਕਰਦੀ ਏਂ ਬੜੀ ਤੇਜ਼ੀ ਨਾਲ । ਤੇਰਾ ਮੰਮਾ ਜੀ ਕਹਿਣ ਤੋਂ ਮੈਨੂੰ ਲਗ ਜਾਂਦਾ ਏ ਭੁਲੇਖਾ । ਕਿਰਪਾ ਕਰ ਕੇ ਤੂੰ ਆਪਣੀ ਸੱਸ ਨੂੰ ਭਾਰਤੀ ਸਭਿਅਤਾ ਅਨੁਸਾਰ ਸੱਦਿਆ ਕਰ ਮਾਤਾ ਜੀ, ਤੇ ਮੈਨੂੰ ਮਾਮਾ । ਅਗੋਂ ਪਿਛੋਂ ਜੋ ਮਰਜ਼ੀ ਏ ਆਖ ਲਿਆ ਕਰ ।

ਰੇਖਾ : ਬਹੁਤ ਅੱਛਾ ਮਾਮਾ ਜੀ । ਮੈਂ ਕਹਿਣਾ ਚਾਹੁੰਦੀ ਸਾਂ, ਦੂਜੇ ਦੇ ਦ੍ਰਿਸ਼ਟੀਕੋਣ ਦਾ ਵੀ ਧਿਆਨ ਰਖਣਾ ਚਾਹੀਦਾ ਏ ।

ਸਤੀਸ਼ : ਕਿਉਂ ਨਹੀਂ, ਕਿਉਂ ਨਹੀਂ, ਹਰ ਇਕ ਨੂੰ ਉਸ ਦੇ ਸਮੇਂ ਤੇ ਸਥਿਤੀ ਅਨੁਸਾਰ ਪਰਖਣਾ ਚਾਹੀਦਾ ਏ ।

ਕੰਵਲ : ਮਾਮਾ ਜੀ ।

ਸਤੀਸ਼ : (ਕੰਵਲ ਨੂੰ ਚੁੱਪ ਰਹਿਣ ਦੇ ਇਸ਼ਾਰੇ ਨਾਲ) ਰੇਖਾ ਧਨਵਾਨ ਪਿਉ ਦੀ ਲਾਡਲੀ ਧੀ ਏ । ਮੁੱਢ ਤੋਂ ਅੰਗਰੇਜ਼ੀ ਸਕੂਲਾਂ ਵਿਚ ਪੜ੍ਹਨ ਦੇ ਗੁਣ ਔਗੁਣ ਹਾਵੀ ਨੇ । ਫੇਰ ਨਵੀਂ ਨਵੀਂ ਕਾਲਜੋਂ ਨਿਕਲ ਕੇ ਆਈ ਏ । ਹੌਲੀ ਹੌਲੀ ਆਪੇ ਸਮਝ ਆ ਜਾਵੇਗੀ ।

ਸ਼ੋਭਾ : ਮੇਰੇ ਜਾਣ ਪਿਛੋਂ ਬਥੇਰੀ ਸਮਝ ਆ ਜਾਣੀ ਏਂ ।

ਰੇਖਾ : ਮਾਤਾ ਜੀ, ਤੁਸੀਂ ਤਾਂ ਅਧਿਆਪਕਾਂ ਵਾਂਗ ਚਾਹੁੰਦੇ ਓ, ਘਰ ਵਿਚ ਕੋਈ ਚੂੰ ਨਾ ਕਰੇ । ਘਰ ਨੂੰ ਤੁਸੀਂ......

ਸ਼ੋਭਾ : ਤੇ ਤੂੰ ਇਸ ਨੂੰ ਪਿਉ ਦਾ ਘਰ ਸਮਝੀ ਬੈਠੀ ਏਂ ।



ਰੇਖਾ : ਪਤੀ ਦਾ ਘਰ ਪਤਨੀ ਦਾ ਘਰ ਵੀ ਹੁੰਦਾ ਏ ।

ਸ਼ੋਭਾ : ਪਤੀ ਪਤਨੀ ਨੂੰ ਚਾਹੀਦਾ ਏ ਪਹਿਲਾਂ ਮਾਂ ਨੂੰ ਘਰੋਂ ਕੱਢਣ ।

ਸਤੀਸ਼ : ਸ਼ਾਬਾਸ਼ ! ਸ਼ਾਬਾਸ਼ !

ਸ਼ੋਭਾ : ਹੋਰ ਦਿਓ ਹੱਲਾਸ਼ੇਰੀ, ਅਗੇ ਕਿਹੜੀ ਘਟ ਬੋਲਦੀ ਏ ।

ਕੰਵਲ : ਏਸ ਘਰੋਗੀ ਜੰਗ ਦਾ ਮੈਨੂੰ ਤੇ ਕੋਈ ਹੱਲ ਨਹੀਂ ਦਿਸਦਾ ।

ਸਤੀਸ਼ : (ਚਿੱਟਾ ਰੁਮਾਲ ਉੱਚਾ ਕਰ ਕੇ) ਬੰਦ ਕਰੋ ਲੜਾਈ । ਦੇਖੋ ਆਰਜ਼ੀ ਸੁਲ੍ਹਾ ਦਾ ਝੰਡਾ । ਗੋਆ ਵਿਚ ਪੁਰਤਗੇਜ਼ਾਂ ਵਾਂਗ ਅਡੋਲ ਹਥਿਆਰ ਸੁਟ ਦਿਓ ।

ਸਭ ਮੁਸਕ੍ਰਾ ਪੈਂਦੇ ਹਨ । ਇਸ ਨਾਲ ਤਣਾਓ ਕੁਝ ਢਿੱਲਾ ਪੈ ਜਾਂਦਾ ਹੈ ।

ਸ਼ੋਭਾ : ਬਹੁਤੇ ਪਖੰਡ ਨਾ ਕਰ ।

ਸਤੀਸ਼ : ਚੁੱਪ ! ਹੁਣ ਕੋਈ ਹਥਿਆਰ ਨਾ ਵਰਤੇ । ਲੀਲਾ, ਤੂੰ ਤਿੰਨ ਪੁਸ਼ਤਾਂ ਲੰਘਾ ਚੁੱਕੀ ਏਂ । ਉਮਰ ਤੇ ਅਕਲ ਵਿਚ ਤੂੰ ਸਭ ਤੋਂ ਵੱਡੀ ਏਂ ਸੋਭਾ ਤੇ ਰੇਖਾ ਨੂੰ ਭਾਵੇਂ ਗੁੱਸਾ ਲਗੇ ਮੇਰੇ ਨਾਲੋਂ ਤੇ ਸਿਆਣੀ ਏਂ । ਪਹਿਲਾਂ ਤੂੰ ਹੀ ਦਸ, ਦੋਹਾਂ ਵਿਚੋਂ ਕਿਸ ਧਿਰ ਦੀ ਵਧੀਕੀ ਏ ।

ਲੀਲਾ : ਭਰਾ ਜੀ, ਮੈਂ ਕੁਝ ਨਹੀਂ ਕਹਿ ਸਕਦੀ ।

ਕੰਵਲ : ਉਹ ਕੀ ਦਸੇ ਵਿਚਾਰੀ । ਮੇਰੇ ਵਾਂਗ ਉਹਦੀ ਵੀ ਸ਼ਾਮਤ ।

ਸਤੀਸ਼ : ਲੀਲਾ, ਡਰ ਨਾ, ਨਿਆਂ ਕਰਨ ਵਾਲੇ ਨੂੰ ਪ੍ਰਮਾਤਮਾ ਤੋਂ ਬਿਨਾਂ ਹੋਰ ਕਿਸੇ ਤੋਂ ਨਹੀਂ ਡਰਨਾ ਚਾਹੀਦਾ ।

ਲੀਲਾ : ਭਰਾ ਜੀ, ਮੈਥੋਂ ਕੁਝ ਨਾ ਪੁੱਛੋ ।

ਸਤੀਸ਼ : ਲੀਲਾ ਨੂੰ ਸਭ ਕੁਝ ਪਤਾ ਏ, ਡਰਦੀ ਦਸਦੀ ਨਹੀਂ । ਐਧਰ ਆ ਮੇਰੇ ਕੰਨ ਵਿਚ ਦਸ ।

ਸ਼ੋਭਾ : (ਧੱਫਾ ਮਾਰ ਕੇ) ਧੌਲੇ ਆ ਗਏ ਨੇ, ਬੱਚਿਆਂ ਵਾਲੀਆਂ ਗੱਲਾਂ ਨਾ ਗਈਆਂ ਤੇਰੀਆਂ ।

ਸਤੀਸ਼ : ਵੱਡੀ ਭੈਣ ਸਾਹਮਣੇ ਤਾਂ ਬੱਚਾ ਈ ਹਾਂ ।

ਸ਼ੋਭਾ : ਗੱਲ ਕਰ ਜੇ ਕੋਈ ਕਰਨੀ ਏਂ, ਮੈਨੂੰ ਦੇਰ ਹੁੰਦੀ ਏ ।

ਸਤੀਸ਼ : ਅਸਲ ਵਿਚ ਸਮੱਸਿਆ ਕਠਨ ਤੇ ਐਨੀ ਸੂਖਮ ਏ, ਮੇਰਾ ਮਨ ਇਸ ਨੂੰ ਟਾਲਣ ਦੇ ਜਤਨ ਵਿਚ ਲੱਗਾ ਹੋਇਆ ਏ ।

ਸ਼ੋਭਾ : ਅੱਖਾਂ ਬੰਦ ਕਰਨ ਨਾਲ ਬਲਾ ਤਾਂ ਨਹੀਂ ਟਲ ਜਾਣੀ ।

ਸਤੀਸ਼ : ਅੱਛਾ, ਪਹਿਲੋਂ ਤੁਸੀਂ ਤਿੰਨੇ ਧਿਰਾਂ ਆਪੋ ਆਪਣਾ ਦ੍ਰਿਸ਼ਟੀਕੋਨ ਸਮਝਾਉ, ਸ਼ਾਇਦ ਕੋਈ ਰਾਹ ਦਿਸ ਆਵੇ। ਪਹਿਲਾਂ ਹੇਠ ਤੋਂ ਸ਼ੁਰੂ ਕਰਦੇ ਆਂ। ਰੇਖਾ ਜੀ, ਪਹਿਲਾਂ ਤੁਸੀਂ ਬੋਲੋ।

ਰੇਖਾ : (ਹਿਰਖ ਨਾਲ) ਮੇਰਾ ਦਰਜਾ ਜੋ ਨੀਵਾਂ ਹੋਇਆ।

ਸਤੀਸ਼ : ਦਰਜਾ ਤੇਰਾ ਪਤੀ ਦੇ ਬਰਾਬਰ ਏ, ਮੇਰਾ ਭਾਵ ਉਮਰ ਤੋਂ ਸੀ।

ਰੇਖਾ : ਪਹਿਲਾਂ ਮਾਤਾ ਜੀ ਦਸਣ।

ਸਤੀਸ਼ : (ਹੱਸਦਾ ਹੋਇਆ) ਇਹ ਤਾਂ ਹੁਣ ਵਖਰਾ ਸਥਾਨ ਚਾਹੁੰਦੇ ਨੇ, ਇਨ੍ਹਾਂ ਨੂੰ ਹੋਰ ਕੋਈ ਸ਼ਕਾਇਤ ਨਹੀਂ। ਚਲੋ ਕੰਵਲ ਜੀ, ਪਹਿਲਾਂ ਤੁਸੀਂ ਬੋਲੋ।

ਕੰਵਲ : ਮਾਮਾ ਜੀ, ਮੈਂ ਕੀ ਬੋਲਾਂ, ਮੈਂ ਬੁਰੀ ਤਰ੍ਹਾਂ ਫਸ ਗਿਆ ਹਾਂ। ਸ਼ਾਦੀ ਕਰਵਾਣ ਦੀ ਠੀਕ ਮੈਂ ਕਾਹਲ ਕੀਤੀ ਏ।

ਰੇਖਾ : ਜੇ ਮੇਰਾ ਈ ਦੁਖ ਏ ਤਾਂ ਮੈਂ ਹੁਣ ਵੀ ਜਾ ਸਕਦੀ ਆਂ। ਇਸ ਅਵਸਥਾ ਵਿਚ ਮੈਂ ਨਹੀਂ ਰਹਿ ਸਕਦੀ।

ਕੰਵਲ : ਰੇਖਾ ਜੀ!

ਰੇਖਾ : ਐਨੀ ਨਿਕੰਮੀ ਨਹੀਂ ਕਿ ਆਪਣੀ ਰੋਟੀ ਵੀ ਨਾ ਕਮਾ ਸਕਾਂ। ਮੈਨੂੰ ਅਨੁਭਵ ਹੋ ਗਿਆ ਏ ਇਸਤ੍ਰੀ ਨੂੰ ਪੈਰਾਂ ਉੱਤੇ ਖਲੋਤੇ ਬਿਨਾਂ ਕਦੇ ਸ਼ਾਦੀ ਨਹੀਂ ਕਰਵਾਣੀ ਚਾਹੀਦੀ, ਮਾਪੇ ਭਾਵੇਂ ਕਿੰਨੇ ਵੀ ਅਮੀਰ ਹੋਣ।

ਸਤੀਸ਼ : ਰੇਖਾ ਜੀ ਚੁੱਪ ਰਹੋ।

ਕੰਵਲ : ਮਾਮਾ ਜੀ, ਪਿਆਰ ਤੇ ਫਰਜ਼ ਦੇ ਭਾਵਾਂ ਵਿਚ ਉਲਝ ਕੇ ਮੇਰੇ ਦਿਮਾਗ਼ ਦਾ ਕਚੂਮਰ ਨਿਕਲ ਗਿਆ ਏ। ਮੈਂ ਰਾਤ ਦਾ ਸਗੋਂ ਰੇਖਾ ਜੀ ਨੂੰ ਦਬਾ ਰਿਹਾ ਹਾਂ।

ਰੇਖਾ : ਮੈਂ ਹੁਣ ਹੋਰ ਦਬਾਅ ਨਹੀਂ ਸਹਾਰ ਸਕਦੀ।

ਸੋਭਾ : ਜੇ ਕੱਸ ਕੇ ਰੱਖੀ ਹੁੰਦੀ ਤਾਂ ਏਦਾਂ ਸਿਰ ਚੜ੍ਹ ਕੇ ਨਾ ਬੋਲਦੀ।

ਰੇਖਾ : ਤੁਸੀਂ ਵੀ ਸਿਰੇ ਚੜ੍ਹ ਕੇ ਹੀ ਪਤੀ ਨੂੰ ਤਿਆਗਿਆ ਹੋਣਾ ਏਂ। ਓਹੋ ਖੇਡ ਤੁਸੀਂ ਦੁਹਰਾਉਣਾ ਚਾਹੁੰਦੇ ਓ।

ਕੰਵਲ : ਰੇਖਾ ਜੀ!

ਲੀਲਾ : ਬਹੂ!

ਸੋਭਾ : ਸੁਣ ਲਓ।

ਸਤੀਸ਼ : ਰੇਖਾ ਜੀ, ਚੁੱਪ ਰਹੋ!

ਸੋਭਾ : ਜ਼ਬਾਨ ਦੇਖਿਆ, ਕਿਵੇਂ ਕੈਂਚੀ ਵਾਂਗ ਚਲਦੀ ਏ।



ਰੇਖਾ : ਇਹ ਤਾਂ ਚਾਹੁੰਦੇ ਨੇ, ਮੇਰੇ ਹੁਕਮ ਤੋਂ ਬਿਨਾਂ ਘਰ ਵਿਚ ਪੱਤਾ ਨਾ ਹਿੱਲੇ।

ਸਤੀਸ਼ : ਰੇਖਾ ਜੀ, ਤੁਸੀਂ ਵੀ ਘਟ ਨਹੀਂ, ਚਾਰ ਗਰਾਮ ਵਧ ਈ ਹੋਵੋਗੇ। ਜੇ ਹੁਣ ਬੋਲੇ ਤਾਂ ਬਹੁਤ ਬੁਰੀ ਗੱਲ ਹੋਵੇਗੀ।

ਕੰਵਲ : ਮਾਮਾ ਜੀ, ਰਾਤ ਜ਼ਰੂਰ ਮੈਥੋਂ ਭੁਲ ਹੋਈ ਏ......

ਸਤੀਸ਼ : (ਇਸ਼ਾਰੇ ਨਾਲ) ਕੰਵਲ ਤੂੰ ਚੁਪ ਰਹੁ। ਤੇਰਾ ਨੁਕਤਾ ਮੈਂ ਸਮਝ ਲਿਆ ਏ। ਸੋਭਾ ਜੀ, ਕਿਰਪਾ ਕਰ ਕੇ ਤੁਸੀਂ ਮੇਰੇ ਪ੍ਰਸ਼ਨਾਂ ਦਾ ਉੱਤਰ ਦਿਓ।

ਸੋਭਾ : ਬੋਲ ਛੇਤੀ।

ਸਤੀਸ਼ : ਕੀ ਤੇਰਾ ਪੁਤ ਤੇ ਨੂੰਹ ਤੇਰੀ ਆਗਿਆ ਅਨੁਸਾਰ ਨਹੀਂ ਚਲਦੇ।

ਸੋਭਾ : ਸਗੋਂ ਆਪਣੀ ਆਗਿਆ ਅਨੁਸਾਰ ਚਲਾਣਾ ਚਾਹੁੰਦੇ ਨੇ।

ਸਤੀਸ਼ : ਕੀ ਤੁਹਾਡੇ ਖ਼ਿਆਲ ਵਿਚ ਰੇਖਾ ਕੰਵਲ ਦੇ ਯੋਗ ਪਤਨੀ ਨਹੀਂ?

ਸੋਭਾ : ਨਹੀਂ।

ਰੇਖਾ : (ਹੱਥਾਂ ਨਾਲ ਅੱਖਾਂ ਬੰਦ ਕਰ ਕੇ) ਕੰਵਲ ਜੀ!

ਸਤੀਸ਼ : ਅਰਥਾਤ ਤੇਰੀ ਨੂੰਹ ਪੁਤਰ ਤੇ ਭਾਰੂ ਏ।

ਸੋਭਾ : ਇਹ ਹਰ ਵੇਲੇ ਮੁੰਡੇ ਨੂੰ ਮੇਰੇ ਵਿਰੁਧ ਸਿਖਾਉਂਦੀ ਰਹਿੰਦੀ ਏ। ਉਹ ਲਾਈ ਲਗ ਏ, ਝਟ ਮੰਨ ਜਾਂਦਾ ਏ।

ਸਤੀਸ਼ : ਨਿਝੱਕ ਰੇਖਾ ਦੇ ਔਗੁਣ ਦਸ।

ਸੋਭਾ : ਇਹ ਅਤੀ ਫ਼ਜ਼ੂਲ ਖ਼ਰਚ ਏ, ਫ਼ੈਸ਼ਨ ਇਹਦੀ ਜਾਨ, ਬਾਕੀ ਸਭ ਕੁਝ ਵਾਧੂ ਏ।

ਸਤੀਸ਼ : ਫ਼ੈਸ਼ਨ ਨਾਲੋਂ ਛੇਤੀ ਬਦਲਣ ਵਾਲੀ ਹੋਰ ਕੋਈ ਚੀਜ਼ ਨਹੀਂ। ਅੱਛਾ, ਬਸ ਕਿ ਕੁਝ ਹੋਰ?

ਸੋਭਾ : ਇਸ ਦਿਆਂ ਚਲਿੱਤਰਾਂ ਦੀ ਪੂਰੀ ਪੁਸਤਕ ਲਿਖੀ ਜਾ ਸਕਦੀ ਏ।

ਸਤੀਸ਼ : ਬੜੀ ਰੋਚਕ ਪੁਸਤਕ ਹੋਵੇਗੀ। "ਪੜ੍ਹੀ ਲਿਖੀ ਨੂੰਹ ਸੱਸ।"

ਸੋਭਾ : ਨਹੀਂ, "ਪੜ੍ਹੀ ਲਿਖੀ ਨੂੰਹ ਦੇ ਚਰਿਤਰ।"

ਸਤੀਸ਼ : ਸੋਭਾ ਜੀ ਤੁਸੀਂ ਹੁਣ ਚੁਪ ਰਹੋ। ਰੇਖਾ ਜੀ ਨੂੰ ਮਨ ਦਾ ਭਾਰ ਹੌਲਾ ਕਰਨ ਦਿਓ ਸ਼ਾਇਦ ਇਸੇ ਤਰ੍ਹਾਂ ਮਨ ਦੀ ਸੁਧੀ ਹੋ ਜਾਵੇ, ਵਿਰੇਚਨ ਸਿਧਾਂਤ ਅਨੁਸਾਰ।

ਰੇਖਾ : (ਰੋਸੇ ਨਾਲ) ਮੇਰੇ ਬੋਲਣ ਦੀ ਕੀ ਲੋੜ ਏ। ਮਾਂ ਪੁਤ ਨੇ ਬਥੇਰੀ ਸਫ਼ਾਈ ਪੇਸ਼ ਕਰ ਦਿਤੀ ਏ। ਮੈਂ ਤਾਂ ਇਸ ਘਰ ਵਿਚ ਇਕ ਵਾਧੂ ਜੀਵ ਆਂ।

ਸਤੀਸ਼ : ਮੈਨੂੰ ਪਤੀ ਅਤੇ ਸੱਸ ਵਿਰੁਧ ਕੀ ਸ਼ਕਾਇਤਾਂ ਨੇ।

ਰੇਖਾ : ਜੇ ਮੈਂ ਇਨ੍ਹਾਂ ਦੇ ਔਗੁਣ ਗਿਣਨ ਲੱਗਾਂ ਤਾਂ ਇਹ ਕਪੜਿਆਂ ਤੋਂ ਬਾਹਰ ਹੋ

ਜਾਣਗੇ। ਇਹ ਗੱਲਾਂ ਕਹਿ ਸਕਦੇ ਨੇ, ਸਹਾਰ ਨਹੀਂ ਸਕਦੇ।

ਸਤੀਸ਼ : ਨਿਝੱਕ ਗੱਲ ਕਰ। ਦਿਲ ਵਿਚ ਕੋਈ ਘੁੰਡੀ ਨਾ ਰਖੀਂ।

ਰੇਖਾ : ਮੇਰੀ ਨਿੱਕੀ ਤੋਂ ਨਿੱਕੀ ਗੱਲ ਵਿਚ ਇਹ ਨੁਕਸ ਕਢਦੇ ਨੇ।

ਸ਼ੋਭਾ : ਇਹ ਤਾਂ ਚਾਹੁੰਦੀ ਏ ਮੇਰੀ ਬੁਰੀ ਗੱਲ ਨੂੰ ਵੀ ਕੋਈ ਬੁਰਾ ਨਾ ਆਖੇ।

ਸਤੀਸ਼ : ਸ਼ੋਭਾ ਜੀ, ਚੁਪ।

ਰੇਖਾ : (ਭਖ ਕੇ) ਸਗੋਂ ਇਹ ਹਰ ਵੇਲੇ ਕੰਵਲ ਜੀ ਦੇ ਕੰਨ ਮੇਰੇ ਵਿਰੁਧ ਭਰਦੇ ਰਹਿੰਦੇ ਨੇ।

ਸ਼ੋਭਾ : ਕੋਰਾ ਝੂਠ, ਜਦੋਂ ਦਾ ਵਿਆਹ ਹੋਇਐ, ਕੰਵਲ ਸਿੱਧੇ ਮੂੰਹ ਮੇਰੇ ਨਾਲ ਗੱਲ ਵੀ ਨਹੀਂ ਕਰਦਾ।

ਕੰਵਲ : (ਚੀਕ ਕੇ) ਮਾਤਾ ਜੀ ਇਹ ਕੀ ਕਹਿ ਰਹੇ ਨੇ।

ਰੇਖਾ : ਇਹ ਮੇਰੇ ਆਚਰਨ ਬਾਰੇ ਇਨ੍ਹਾਂ ਦੇ ਮਨ ਵਿਚ ਸ਼ੰਕਾ ਪੈਦਾ ਕਰ ਰਹੇ ਨੇ।

ਸਤੀਸ਼ : ਕੁਝ ਹੋਰ।

ਰੇਖਾ : ਸੱਚੀ ਗੱਲ ਏ, ਮੈਨੂੰ ਤਾਂ ਇਉਂ ਜਾਪਦਾ ਏ, ਇਹ ਸਾਡੀ ਅਣ ਬਣ ਕਰਵਾ ਕੇ ਖ਼ੁਸ਼ ਨੇ। ਕਾਫ਼ੀ ਹੱਦ ਤਕ ਸਫ਼ਲ ਵੀ ਹੋ ਚੁਕੇ ਨੇ।

ਸਤੀਸ਼ : ਇਸ ਦਾ ਕੋਈ ਸਬੂਤ !

ਰੇਖਾ : ਹੁਣ ਕੰਵਲ ਜੀ ਉਹ ਨਹੀਂ ਰਹੇ ਜੋ ਵਿਆਹ ਤੋਂ ਪਹਿਲਾਂ ਸਨ।

ਸਤੀਸ਼ : ਬੇਟੀ ਰੁਮਾਂਚ ਤੇ ਯਥਾਰਥ ਵਿਚ ਭਾਰੀ ਫ਼ਰਕ ਹੁੰਦਾ ਏ।

ਰੇਖਾ : ਜੇ ਮੈਂ ਸਾਲ ਭਰ ਹੋਰ ਇਸ ਅਵਸਥਾ ਵਿਚ ਰਹਿ ਗਈ ਮੇਰਾ ਸ੍ਵੈ-ਵਿਸ਼ਵਾਸ ਅਥਵਾ ਵਿਅੱਕਤਤ੍ਵ ਖ਼ਤਮ ਹੋ ਜਾਵੇਗਾ। ਇਸ ਲਈ ਮੈਂ ਤਾਂ ਕੰਵਲ ਜੀ ਤੋਂ ਸਦਾ ਲਈ ਛੁਟੀ ਚਾਹੁੰਦੀ ਆਂ।

ਸਤੀਸ਼ : ਐਨੀ ਛੋਟੀ ਭਰਮ ਨਵਿਰਤ ਹੋ ਗਿਆ ਏ। ਬੇਟੀ ਇਹ ਇੰਨਾ ਸਹਿਲ ਕੰਮ ਨਹੀਂ, ਜਿੰਨਾ ਤੂੰ ਸਮਝੀ ਬੈਠੀ ਏਂ।

ਰੇਖਾ : ਅੱਜ ਇਸਤ੍ਰੀ ਇੰਨੀ ਨਿਤਾਣੀ ਨਹੀਂ ਕਿ ਉਹ ਆਪਣੇ ਪੈਰਾਂ ਤੇ ਨਾ ਖਲੋ ਸਕੇ।

ਸਤੀਸ਼ : ਅੱਛਾ ਹੁਣ ਚੁਪ ਰਹੋ। ਲੀਲਾ ਤੂੰ ਵੀ ਘਰ ਦੀ ਪੂਰੀ ਮੈਂਬਰ ਏਂ। ਘਰੋਗੀ ਸ਼ਾਂਤੀ ਦੇ ਨਸ਼ਟ ਹੋਣ ਦਾ ਤੈਨੂੰ ਵੀ ਓਨਾ ਈ ਦੁਖ ਏ।

ਲੀਲਾ : ਮੈਂ ਤਾਂ ਭਰਾ ਜੀ, ਪ੍ਰਮਾਤਮਾ ਅੱਗੇ ਹੱਥ ਜੋੜਦੀ ਆਂ, ਇਹ ਕਲ੍ਹਾ ਕਲੇਸ਼ ਮੁਕੇ। ਮੁੜ ਘਰ ਵਿਚ ਸੁਖ ਸ਼ਾਂਤੀ ਵਰਤੇ।

ਸ਼ੋਭਾ : ਇਹ ਤਾਂ ਮੇਰੇ ਜਾਣ ਪਿਛੋਂ ਸ਼ੀਘਰ ਵਰਤ ਜਾਵੇਗੀ।



ਸਤੀਸ਼ : ਅੱਛਾ ਸੁਣੋ ਚਾਰੇ ਧਿਰਾਂ। ਲੀਲਾ ਵੀ ਪੂਰੀ ਧਿਰ ਸੰਮਿਲਤ ਕੀਤੀ ਗਈ ਏ। ਮਨ ਤੇ ਕੰਨ ਖੋਲ੍ਹ ਕੇ ਸੁਣੋ। ਤੁਹਾਡੇ ਚੌਹਾਂ ਦੇ ਬਿਆਨਾਂ ਤੋਂ ਸਮੱਸਿਆ ਸ਼ੀਸ਼ੇ ਦੇ ਪਾਣੀ ਵਾਂਗ ਨਿੱਤਰ ਆਈ ਏ। ਭਾਵੇਂ ਮੈਂ ਬੜਾ ਕੁਕਰਮੀ ਬੰਦਾ ਹਾਂ, ਪਰ ਨਿਆਂ ਕਰਨ ਲੱਗਾ ਪੰਜ ਪਿਆਰਿਆਂ ਵਾਂਗ ਕਿਸੇ ਦੀ ਰਹੁ ਰੀਤ ਨਹੀਂ ਕਰਾਂਗਾ। ਮੇਰੇ ਲਈ ਭੈਣ, ਭਣੇਵਾਂ, ਨੂੰਹ ਤੇ ਮਾਈ ਇਕ ਸਮਾਨ ਨੇ।

ਸ਼ੋਭਾ : (ਕਾਹਲੀ ਪੈ ਕੇ) ਗੱਲ ਵੀ ਕਰ ਕੋਈ !

ਸਤੀਸ਼ : ਇਸ ਘਰੋਗੀ ਝਗੜੇ ਵਿਚ ਕੰਵਲ ਦਾ ਕਾਫ਼ੀ ਦੋਸ਼ ਏ, ਇਸ ਨੇ ਵਿਆਹ ਕਰਵਾਣ ਦੀ ਬੇਹਦ ਕਾਹਲ ਕੀਤੀ ਏ। ਇਹਦੇ ਅਲ੍ਹੜਪੁਣੇ ਨੇ ਮਾਂ ਦੇ ਪਿਆਰ ਦਾ ਨਿਰਾਦਰ ਕੀਤਾ ਏ, ਪਰ ਕਿਉਂਕਿ ਦਿਲ ਦਾ ਭੈੜਾ ਮੁੰਡਾ ਨਹੀਂ, ਇਸ ਵਾਸਤੇ ਕੰਵਲ ਨੂੰ ਡੰਨ ਲਾ ਕੇ ਮੁਆਫ਼ ਕੀਤਾ ਜਾ ਸਕਦਾ ਹੈ।

ਰੇਖਾ : ਦੋਸ਼ ਤਾਂ ਸਾਰਾ ਮੇਰਾ ਏ, ਜੋ ਬਦੋ ਬਦੀ ਘਰ ਵਿਚ ਆ ਵੜੀ ਆਂ।

ਸਤੀਸ਼ : ਰੇਖਾ ਠੀਕ ਅੱਖੜ ਤੇ ਮੂੰਹ ਜੋਰ ਏ। ਇਹ ਪੜ੍ਹੀ ਲਿਖੀ ਨੂੰਹ ਦੇ ਫ਼ਰਜ਼ ਨਿਭਾਉਣ ਤੋਂ ਅਸਮਰਥ ਰਹੀ ਹੈ। ਇਸ ਨੂੰ ਯੋਗ ਵਿਦਿਆ ਪ੍ਰਾਪਤ ਨਹੀਂ ਹੋਈ। ਇਸ ਵਿਚ ਵਿਦਿਆ ਪ੍ਰਣਾਲੀ ਦਾ ਦੋਸ਼ ਹੈ। ਇਹ ਖਰ੍ਹਵੀ ਤੇ ਮੂਰਖ ਵੀ ਹੈ। ਜੇ ਮੂਰਖ ਸ਼ਬਦ ਅਸਭਿਆ ਏ ਤਾਂ ਝੱਲੀ ਕਿਹਾ ਜਾ ਸਕਦਾ ਏ। ਝੱਲੇ ਮਨੁਖ ਦਾ ਦੋਸ਼ ਕਿਸੇ ਹਦ ਤਕ ਮੁਆਫ਼ ਕੀਤਾ ਜਾ ਸਕਦਾ ਹੈ।

ਸ਼ੋਭਾ : ਭਾਵ ਝਗੜੇ ਦੀ ਜ਼ਿਮੇਵਾਰ ਮੈਂ ਹਾਂ।

ਸਤੀਸ਼ : ਸੁਣ ਸ਼ੋਭਾ, ਤੂੰ ਮੇਰੇ ਸੁਭਾ ਨੂੰ ਚੰਗੀ ਤਰ੍ਹਾਂ ਜਾਣਦੀ ਏਂ। ਮੈਂ ਲੋਕਾਂ ਲਈ ਬੁਰਾ ਹੋ ਸਕਦਾਂ, ਪਰ ਭੈਣ ਦਾ ਬੁਰਾ ਨਹੀਂ ਚਿਤਵ ਸਕਦਾ।

ਸ਼ੋਭਾ : ਬੁਰੇ ਮਨੁਖ ਤੋਂ ਸੁਭਾਵਕ ਬੁਰਾਈ ਹੋ ਸਕਦੀ ਏ।

ਸਤੀਸ਼ : ਸੁਣ ਭੈਣ ਸ਼ੋਭਾ, ਪਿਤਾ ਜੀ ਗ਼ਲਤੀ ਤੇ ਸਨ, ਤੂੰ ਆਪਣੇ ਅਧਿਕਾਰਾਂ ਲਈ ਬਗ਼ਾਵਤ ਕੀਤੀ, ਮੈਂ ਤੇਰਾ ਪੂਰਾ ਸਾਥ ਦਿਤਾ। ਆਪਣੇ ਭਵਿੱਖ ਨੂੰ ਖ਼ਤਰੇ ਵਿਚ ਪਾਇਆ। ਪ੍ਰਮਾਤਮਾ ਨੇ ਉਨ੍ਹਾਂ ਨੂੰ ਸੁਮੱਤ ਬਖ਼ਸ਼ੀ ! ਮਰਨ ਤੋਂ ਪਹਿਲਾਂ ਉਨ੍ਹਾਂ ਮੈਨੂੰ ਮੁਆਫ਼ ਕਰ ਦਿਤਾ।

ਸ਼ੋਭਾ : ਗੱਲ ਵੀ ਕਰ, ਕਹਿਣਾ ਕੀ ਚਾਹੁੰਦਾ ਏਂ।

ਸਤੀਸ਼ : ਫੇਰ ਵਕੀਲ ਸਾਹਿਬ ਨੇ ਧੱਕਾ ਕਰਨਾ ਚਾਹਿਆ ਮੈਂ ਤੇਰੇ ਪੱਖ ਵਿਚ ਡਟ ਗਿਆ। ਖ਼ੈਰ ਮਾਮਲਾ ਸੁਲ੍ਹਾ ਸਫ਼ਾਈ ਨਾਲ ਤੈਅ ਹੋ ਗਿਆ।

ਸ਼ੋਭਾ : ਉਹ ਸਭ ਠੀਕ ਏ।

ਸਤੀਸ਼ : ਹੁਣ ਇਸ ਘਰੇਗੀ ਝਗੜੇ ਵਿਚ ਮੈਂ ਸੱਚੇ ਦਿਲੋਂ ਕਹਿੰਦਾ ਹਾਂ......

ਸੋਭਾ : (ਸਾਹੋ ਸਾਹ) ਕੀ ?

ਸਤੀਸ਼ : ਸੋਭਾ ਤੂੰ ਗ਼ਲਤੀ ਤੇ ਹੈਂ ।

ਸੋਭਾ : ਕੌਣ ਮੈਂ ? ਕਿਸ ਦਲੀਲ ਦੇ ਅਧਾਰ ਤੇ ਤੂੰ ਇਸ ਸਿੱਟੇ ਤੇ ਪੁਜਾ ਏਂ ! ਤੁਸੀਂ ਸਾਰਿਆਂ ਨੇ ਰਲ ਕੇ ਗੋਂਦ ਗੁੰਦੀ ਏ । ਤੂੰ ਵੀ ਰੇਖਾ ਦੀਆਂ ਗੱਲਾਂ ਮਗਰ ਲਗ ਗਿਆ ਏਂ । (ਅੱਖਾਂ ਭਰ ਕੇ) ਨੂੰਹ ਨੇ ਤਾਂ ਉਲਟ ਹੋਣਾ ਈ ਸੀ, ਪੁੱਤ ਤੇ ਭਰਾ ਵੀ ਵਿਰੁਧ ਹੋ ਗਏ ਨੇ । ਤੂੰ ਮਾਂ ਦੇ ਦਿਲ ਨੂੰ ਨਹੀਂ ਪੜ੍ਹ ਸਕਿਆ ! ਵੀਹ ਬਾਈ ਸਾਲਾਂ ਦੀਆਂ ਸਾਂਝਾਂ ਤੇ ਸੱਧਰਾਂ ਦਾ ਇਕ ਝਟਕੇ ਨਾਲ ਘਾਤ ਕਰ ਦਿਤਾ ਏ !

ਸੋਭਾ ਰੋਣ ਲਗ ਜਾਂਦੀ ਹੈ ।

ਸਤੀਸ਼ : ਸੋਭਾ, ਭਾਵਕ ਨਾ ਹੋ, ਸੋਚ ਤੋਂ ਕੰਮ ਲੈ ।

ਸੋਭਾ : ਕੀ ਤੂੰ ਚਾਹੁੰਦਾ ਏਂ, ਮੈਂ ਨੂੰਹ ਪੁਤਰ ਦੇ ਅਧੀਨ ਹੋ ਕੇ ਰਵ੍ਹਾਂ ?

ਸਤੀਸ਼ : ਕੌਣ ਕਹਿੰਦਾ ਏ, ਪਰ ਭੈਣ ਗੁੱਸਾ ਨਾ ਕਰਨਾ, ਸਮੇਂ ਦੀ ਹਵਾ ਵਿਰੁਧ ਚਲਣਾ ਜੀਵਨ ਗਤੀ ਨੂੰ ਰੋਕਣ ਬਰਾਬਰ ਏ । ਤੁਸੀਂ ਆਪਣੇ ਸਮੇਂ ਭਾਵੇਂ ਕਿੰਨੇ ਪ੍ਰਗਤੀਸ਼ੀਲ ਸਓ, ਪਰ ਹੁਣ ਸਮੇਂ ਤੋਂ ਪਿਛੇ ਰਹਿ ਗਏ ਓ ।

ਸੋਭਾ : ਉਹ ਕਿਵੇਂ ?

ਸਤੀਸ਼ : ਤੁਸੀਂ ਕਿਸੇ ਸਮੇਂ ਆਪ ਮੰਨਦੇ ਸਓ, ਸੁਤੰਤਰਤਾ ਮਨੁਖ ਲਈ ਪ੍ਰਾਣਾਂ ਸਮਾਨ ਏ । ਇਹੋ ਖੁਲ੍ਹ ਤੁਸੀਂ ਨੂੰਹ ਪੁਤ ਨੂੰ ਦੇਣ ਲਈ ਤਿਆਰ ਨਹੀਂ ।

ਸੋਭਾ : ਕੀ ਨੂੰਹ ਪੁਤ ਨੂੰ ਗ਼ਲਤ ਰਾਹੋਂ ਰੋਕਣਾ ਵੀ ਮੇਰਾ ਅਧਿਕਾਰ ਨਹੀਂ ?

ਸਤੀਸ਼ : ਇਹੋ ਦਲੀਲ ਕਿਸੇ ਸਮੇਂ ਪਿਤਾ ਜੀ ਦਿੰਦੇ ਹੁੰਦੇ ਸਨ, ਪਰ ਅਸੀਂ ਉਨ੍ਹਾਂ ਨੂੰ ਗ਼ਲਤ ਸਮਝਦੇ ਸਾਂ ।

ਸੋਭਾ : (ਕੁਝ ਅਨੁਭਵ ਕਰ ਕੇ) ਕੰਵਲ ਨੂੰ ਪੁਛ, ਮੈਂ ਕਿੰਨੀ ਵਾਰ ਜਾਣ ਦਾ ਜਤਨ ਕੀਤਾ ਏ ।

ਸਤੀਸ਼ : ਸੋਭਾ, ਤੂੰ ਗੁੱਸੇ ਨਾਲ ਘਰ ਛਡਦੀ ਸੈਂ, ਦੂਜੇ ਸ਼ਬਦਾਂ ਵਿਚ ਇਨ੍ਹਾਂ ਨੂੰ ਇਕ ਭਾਂਤ ਦੀ ਆਰਥਕ ਧਮਕੀ ਦਿੰਦੀ ਸੀ ।

ਸੋਭਾ : ਮੈਂ ਇਹ ਧਮਕੀ ਕਦੇ ਵੀ ਨਹੀਂ ਦਿੱਤੀ ।

ਸਤੀਸ਼ : ਰਿਸ਼ਤਾ ਕੋਮਲ ਹੋਣ ਕਾਰਨ ਇਹ ਲੁਕਵੀਂ ਹੁੰਦੀ ਸੀ । ਫੇਰ ਤੇਰੀ ਹੋਰ ਗ਼ਲਤੀ ।

ਸੋਭਾ : (ਹੋਰ ਹੈਰਾਨੀ ਵਿਚ) ਉਹ ਕਿਹੜੀ ?



ਸਤੀਸ਼ : ਤੂੰ ਇਸ ਝਗੜੇ ਦੀ ਤਹਿ ਤਕ ਪੁਜਣ ਦਾ ਜਤਨ ਨਹੀਂ ਕੀਤਾ ।

ਸੋਭਾ : ਕਿਵੇਂ ?

ਸਤੀਸ਼ : ਇਸ ਸਰਬ ਸਾਧਾਰਨ ਘਰੋਗੀ ਝਗੜੇ ਦੇ ਮਨੋਵਿਗਿਆਨਕ ਆਰਥਕ ਤੇ ਸਮਾਜਕ ਪੱਖ ਨਹੀਂ ਗਉਲੇ । ਆਰਥਕ ਤੌਰ ਤੇ ਇਹ ਅਜੇ ਵੀ ਤੇਰੇ ਅਧੀਨ ਨੇ । ਇਸ ਕਰ ਕੇ ਕਾਫ਼ੀ ਹੱਦ ਤਕ ਵਧੀਕੀ ਸਹਿੰਦੇ ਵੀ ਰਹੇ ਨੇ ।

ਸੋਭਾ : ਮੈਂ ਸਦਾ ਵਧੀਕੀ ਕਰਦੀ ਰਹੀ ਆਂ । ਮਤ੍ਰੇਈ ਜੋ ਹੋਈ ।

ਇਸ ਸਮੇਂ ਰਮੇਸ਼ ਆਉਂਦਾ ਹੈ । ਉਹ ਅੱਗੇ ਨਾਲੋਂ ਬਹੁਤ ਕਮਜ਼ੋਰ ਹੈ । ਵਾਤਾਵਰਨ ਹੋਰ ਗੰਭੀਰ ਹੋ ਜਾਂਦਾ ਹੈ ।

ਸਤੀਸ਼ : ਸੋਭਾ, ਤੂੰ ਵੀ ਸੱਚੀ ਹੈਂ । ਰੇਖਾ ਨੇ ਤੈਨੂੰ ਯੋਗ ਸਤਿਕਾਰ ਨਹੀਂ ਦਿਤਾ । ਕੰਵਲ ਤੈਨੂੰ ਸਮਝਣ ਤੋਂ ਅਸਮਰਥ ਰਿਹਾ ਏ । ਤੂੰ ਸ਼ੁਰੂ ਤੋਂ ਸੁਤੰਤਰਤਾ ਦੇ ਸੱਚੇ ਵਿਚ ਢਲੀ ਏਂ । ਸ੍ਵੈ-ਮਾਨ ਤੇ ਆਜ਼ਾਦੀ ਲਈ ਤੈਨੂੰ ਮਹਾਨ ਘੋਲ ਕਰਨਾ ਪਿਆ ਏ । ਤੇਰੀ ਦਰਿੜ੍ਹਤਾ, ਸੂਝ ਤੇ ਸਾਹਸ ਅੱਗੇ ਮੈਂ ਸਿਰ ਨਿਵਾਉਂਦਾ ਹਾਂ ।

ਰਮੇਸ਼ : ਮੈਂ ਇਸ ਖ਼ਿਆਲ ਨਾਲ ਪੂਰੀ ਤਰ੍ਹਾਂ ਸਹਿਮਤ ਹਾਂ ।

ਸਤੀਸ਼ : ਪਰ ਇਥੇ ਤੂੰ ਜ਼ਰੂਰ ਟਪਲਾ ਖਾਧਾ ਏ ।

ਸੋਭਾ : (ਗੰਭੀਰਤਾ ਨਾਲ) ਮੈਨੂੰ ਠੀਕ ਇਨ੍ਹਾਂ ਦੀ ਸ਼ਾਦੀ ਪਿਛੋਂ ਵਖ ਹੋ ਜਾਣਾ ਚਾਹੀਦਾ ਸੀ । ਮੇਰਾ ਫ਼ਰਜ਼ ਪੂਰਾ ਹੋ ਗਿਆ ਸੀ । (ਅੱਥਰੂ ਭਰ ਕੇ) ਮੇਰੀ ਮਮਤਾ ਦੀ ਭੁੱਲ, ਮੈਂ ਪੁਤਰ ਨੂੰ ਹੀ ਆਪਣਾ ਸੰਸਾਰ ਸਮਝ ਬੈਠੀ ।

ਸਤੀਸ਼ : ਇਨ੍ਹਾਂ ਦੇ ਸੁਖ ਵਿਚੋਂ ਤੈਨੂੰ ਆਪਣੀ ਖੁਸ਼ੀ ਦੇਖਣੀ ਚਾਹੀਦੀ ਏ ।

ਸੋਭਾ : ਮੈਨੂੰ ਆਪਣਾ ਰਾਹ ਸਾਫ਼ ਦਿਸ ਪਿਆ ਏ । (ਅੱਖਾਂ ਪੂੰਝਦੀ ਹੋਈ) ਲੀਲਾ, ਮਾਈਆਂ ਨੂੰ ਬੁਲਾ ।

ਛਤਰੀ ਚੁਕ ਕੇ ਚਲਣ ਲਈ ਤਿਆਰ ਹੋ ਜਾਂਦੀ ਹੈ । ਸਤੀਸ਼, ਰਮੇਸ਼ ਅਤੇ ਕੰਵਲ ਉਸ ਦੇ ਦੁਆਲੇ ਇਕੱਠੇ ਹੋ ਜਾਂਦੇ ਹਨ ।

ਸਤੀਸ਼ : ਭੈਣ, ਤੂੰ ਨਾਰਾਜ਼ ਹੋ ਗਈ ਏਂ ।

ਸੋਭਾ : ਨਹੀਂ ।

ਸਤੀਸ਼ : ਫੇਰ ਤੂੰ ਮੇਰੇ ਨਾਲ ਆਪਣੇ ਘਰ ਚਲ । ਪਿਤਾ ਜੀ ਦੀ ਥਾਂ ਹੁਣ ਮੈਂ ਹੀ ਹਾਂ ।

ਸੋਭਾ : ਇਹ ਗੱਲ ਨਹੀਂ ਬਣਦੀ ਵੀਰ । ਵਿਆਹੀ ਜਾ ਚੁਕੀ ਭੈਣ ਸਨਮਾਨ ਨਾਲ ਭਰਾ ਘਰ ਨਹੀਂ ਰਹਿ ਸਕਦੀ ।

ਰਮੇਸ਼ : ਸੋਭਾ ਜੀ, ਪਿਛਲੀ ਭੁੱਲ ਮੁਆਫ਼ ਕਰੋ । ਆਪਣੇ ਘਰ ਚਲੋ । ਮੈਂ ਤੁਹਾਡੇ ਸੁਭਾ ਨੂੰ ਪਾ ਲਿਆ ਏ । ਹੁਣ ਕੋਈ ਗੱਲ ਨਹੀਂ ਹੋਵੇਗੀ ।

ਸੋਭਾ : ਰਮੇਸ਼ ਜੀ, ਟੁੱਟਾ ਦਿਲ ਜੁੜਨਾ ਮੁਸ਼ਕਲ ਏ । ਸਾਡਾ ਮਨੁੱਖੀ ਰਿਸ਼ਤਾ ਸਥਾਪਤ ਏ । ਜੇ ਚਾਹੁੰਦੇ ਓ ਤਾਂ ਕੰਵਲ ਦੀ ਆਰਥਕ ਸਹਾਇਤਾ ਕਰੋ ।

ਰਮੇਸ਼ : ਉਹ ਤਾਂ ਮੈਂ ਕਰਾਂਗਾ ਹੀ, ਦੁਖੇ ਦਿਲ ਨੂੰ ਧਾਰਸ ਦੇਣ ਲਈ ।

ਸਤੀਸ਼ : ਫੇਰ ਭੈਣ, ਤੂੰ ਕਿਥੇ ਰਵੇਂਗੀ ?

ਸੋਭਾ : ਕੰਮ ਦੇ ਸਿਰ ਤੇ, ਸਕੂਲ ਵਿਚ, ਆਪਣਾ ਫ਼ਰਜ਼ ਚੰਗੀ ਤਰ੍ਹਾਂ ਨਿਭਾਣ ਲਈ ।

ਕੰਵਲ : (ਅੱਖਾਂ ਭਰ ਕੇ) ਮਾਤਾ ਜੀ, ਅਗੇ ਤੋਂ ਅਸੀਂ ਤੁਹਾਡੇ ਹੁਕਮ ਅਨੁਸਾਰ ਚਲਣ ਦਾ ਜਤਨ ਕਰਾਂਗੇ । ਇਹ ਸਾਡਾ ਨਹੀਂ ਤੁਹਾਡਾ ਘਰ ਏ, ਕਿੰਨੇ ਕਸ਼ਟਾਂ ਨਾਲ ਤੁਸਾਂ ਉਸਾਰਿਆ ਏ ।

ਸੋਭਾ : (ਪਿਆਰ ਦਿੰਦੀ ਹੋਈ) ਕੰਵਲ, ਮੈਂ ਹੁਣ ਗੁੱਸੇ ਨਾਲ ਨਹੀਂ ਜਾ ਰਹੀ । ਨਿੱਜੀ ਮੋਹ ਨੇ ਫ਼ਰਜ਼ ਵਲੋਂ ਮੇਰੀਆਂ ਅੱਖਾਂ ਬੰਦ ਕਰ ਦਿੱਤੀਆਂ ਸਨ । ਮੈਂ ਨਗੂਣੇ ਘਰੋਗੀ ਝਗੜਿਆਂ ਵਿਚ ਸਮਾਂ ਤੇ ਸ਼ਕਤੀ ਨਸ਼ਟ ਕਰ ਰਹੀ ਸਾਂ, ਜਦੋਂ ਕਿ ਦੇਸ਼ ਦੇ ਬਹੁਤ ਵਡੇ ਕੰਮ ਮੇਰੀ ਉਡੀਕ ਕਰ ਰਹੇ ਨੇ । ਬੇਟਾ, ਮੇਰਾ ਇਥੇ ਰਹਿਣਾ ਭਾਵਕ ਏਕਤਾ ਦੀ ਥਾਂ ਫਟ ਦਾ ਕਾਰਨ ਬਣ ਰਿਹਾ ਸੀ ।

ਸਤੀਸ਼ : ਨਮਸਕਾਰ ਹੈ ਭਾਰਤੀ ਇਸਤ੍ਰੀ ਦੇ ਆਤਮਕ ਗੁਣਾਂ ਨੂੰ ।

ਸੋਭਾ : (ਉਸ ਦਾ ਭਾਵ ਸਮਝਦੀ ਹੋਈ) ਜਗਤ ਜਨਣੀ ਨੂੰ ਸਰਬ ਸ਼ੁਭ ਇੱਛਕ ਹੋਣਾ ਈ ਸੋਭਦਾ ਏ ।

ਰੇਖਾ : ਮਾਤਾ ਜੀ, ਮੈਨੂੰ ਖਿਮਾ ਕਰੋ, ਬੇਸਮਝ ਬੱਚੀ ਜਾਣ ਕੇ ।

ਸੋਭਾ : (ਪਿਆਰ ਨਾਲ ਗਲ ਲਾ ਕੇ) ਮੇਰੇ ਸਭ ਗੁੱਸੇ ਗਿਲੇ ਮਿਟ ਗਏ ਨੇ । ਨਿਜ ਨੇ ਹੀ, ਪਰ ਲਈ ਮੇਰੀਆਂ ਅੱਖਾਂ ਖ਼ੋਲ੍ਹੀਆਂ ਨੇ । ਜੀਊਂਦੇ ਵਸਦੇ ਰਵੋ । ਇਕ ਮਾਂ ਆਪਣੇ ਬੱਚੇ ਖ਼ਾਤਰ ਕੁਲ ਸੰਸਾਰ ਦੇ ਬੱਚਿਆਂ ਦਾ ਭਲਾ ਲੋਚਦੀ ਏ ।

ਕੰਵਲ : ਮਾਤਾ ਜੀ, ਮੇਰੀ ਇਕ ਬੇਨਤੀ ਤਾਂ ਮੰਨ ਲਓ ।

ਸੋਭਾ : ਦਸ ਬੱਚਾ ।

ਕੰਵਲ : ਸ਼ਾਮ ਦੇ ਪ੍ਰੀਤੀ ਭੋਜਨ ਤੋਂ ਬਾਅਦ ਚਲੇ ਜਾਣਾ ।

ਸੋਭਾ : ਹੁਣ ਮੈਂ ਕਿਸੇ ਸੂਰਤ ਨਹੀਂ ਅਟਕ ਸਕਦੀ । ਹਾਂ, ਸ਼ਾਮ ਨੂੰ ਆ ਜਾਵਾਂਗੀ ।

ਸਤੀਸ਼ : (ਕੰਵਲ ਨੂੰ ਇਸ਼ਾਰੇ ਨਾਲ) ਕੰਵਲ, ਜ਼ਿੱਦ ਨਾ ਕਰ, ਉਹ ਠੀਕ ਕਹਿੰਦੇ ਨੇ, ਸ਼ਾਮ ਨੂੰ ਆ ਜਾਣਗੇ ।



ਲੀਲਾ : ਬੀਬੀ ਜੀ, ਮੈਨੂੰ ਵੀ ਦਸ ਜਾਓ ਨਾ (ਅੱਖਾਂ ਭਰ ਕੇ) ਪੂਰੇ ਇਕਤਾਲੀ ਵਰ੍ਹਿਆਂ ਪਿਛੋਂ ਮੈਨੂੰ ਛਡ ਕੇ ਚਲੇ ਓ......

ਸੋਭਾ : ਲੀਲਾ, ਤੂੰ ਕੰਵਲ ਪਾਸ ਰਹੁ । (ਹੰਝੂਆਂ ਵਿਚੋਂ ਹੱਸਦੀ ਹੋਈ) ਤੇਰੀ ਛੇਤੀ ਲੋੜ ਪੈ ਜਾਣੀ ਏਂ ।

ਸਤੀਸ਼ : ਰਮੇਸ਼ ਜੀ, ਇਸਤ੍ਰੀ ਸੰਸਾਰ ਦੀ ਸ਼ੋਭਾ ਵੀ ਏ ਤੇ ਸ਼ਕਤੀ ਵੀ ।

ਰਮੇਸ਼ : ਸੁੰਦਰਤਾ ਤੇ ਸੰਚਾਲਕ ਸ਼ਕਤੀ ।

ਸਤੀਸ਼ ਦੇ ਇਸ਼ਾਰੇ ਤੇ ਰੇਖਾ ਸੋਭਾ ਦੇ ਪੈਰਾਂ ਨੂੰ ਹੱਥ ਲਾ ਕੇ ਮੱਥੇ ਨੂੰ ਲਾਉਂਦੀ ਹੈ । ਕੰਵਲ ਪੈਰਾਂ ਨੂੰ ਛੂਹਣ ਲੱਗਾ ਫੁਟ ਪੈਂਦਾ ਹੈ । ਸਭ ਦੀਆਂ ਅੱਖਾਂ ਭਰ ਜਾਂਦੀਆਂ ਹਨ ।

ਸੋਭਾ : (ਭਰੀਆਂ ਅੱਖਾਂ ਤੇ ਗਲੇ ਨਾਲ, ਪਿਆਰ ਦਿੰਦੀ ਹੋਈ) ਕੰਵਲ ਬੇਟਾ, ਮੈਂ ਖ਼ੁਸ਼ੀ ਖ਼ੁਸ਼ੀ ਜਾ ਰਹੀ ਹਾਂ । ਬੁਢਾਪੇ ਨੇ ਜੁਆਨੀ ਨੂੰ ਸਹਾਰਾ ਦੇਣਾ ਏਂ ਨਾ ਕਿ ਉਸ ਦਾ ਰਾਹ ਰੋਕਣਾ ਏਂ । (ਹੱਸਣ ਦਾ ਜਤਨ ਕਰਦੀ ਹੋਈ) ਮੈਂ ਆਧੁਨਿਕ ਜੁਗ ਦੇ ਸੰਨਿਆਸ ਆਸ਼ਰਮ ਵਿਚ ਖ਼ੁਸ਼ੀ ਨਾਲ ਪ੍ਰਵੇਸ਼ ਕਰ ਰਹੀ ਹਾਂ । (ਸਾਰਿਆਂ ਨੂੰ ਹੱਥ ਜੋੜ ਕੇ) ਦੇਸ਼ ਤੇ ਮਨੁਖ ਜਾਤੀ ਦੀ ਨਿਰਮਾਣ ਸੇਵਾ ਹਿਤ !

ਸਤੀਸ਼ ਤੇ ਮਾਈਆਂ ਸਾਮਾਨ ਚੁਕ ਕੇ ਸੋਭਾ ਮਗਰ ਤੁਰ ਪੈਂਦੀਆਂ ਹਨ । ਰਮੇਸ਼, ਕੰਵਲ, ਰੇਖਾ ਤੇ ਲੀਲਾ ਅੱਖਾਂ ਭਰੀ ਖੜੇ ਹਨ ।

[ਪਰਦਾ]

★

## ਸ਼ੋਭਾ ਸ਼ਕਤੀ ਖੇਡਣ ਬਾਰੇ

ਜਿਵੇਂ ਇਕ ਸੁੰਦਰੀ ਆਪਣੇ ਪ੍ਰਸ਼ੰਸਕ ਨੂੰ ਚੁੱਪ-ਬੋਲੀ ਵਿਚ ਕਹਿ ਰਹੀ ਹੋਵੇ — "ਤੂੰ ਕੀ ਜਾਣੇਂ, ਸਾਨੂੰ ਸੁੰਦਰ ਬਣਨ ਲਈ ਕਿੰਨੀ ਮਿਹਨਤ ਤੇ ਸਾਧਨਾ ਕਰਨੀ ਪੈਂਦੀ ਹੈ," ਇਵੇਂ ਸਫ਼ਲਤਾ ਸਹਿਤ ਸਮਾਪਤ ਹੋਏ ਖੇਲ ਦੇ ਅੰਤ ਵਿਚ ਤਾਲੀਆਂ ਦੀ ਗੂੰਜ ਦੇ ਉੱਤਰ ਵਿਚ ਇਕ ਨਿਰਦੇਸ਼ਕ (Director) ਮਨ ਵਿਚ ਦਰਸ਼ਕਾਂ ਨੂੰ ਆਖ ਰਿਹਾ ਹੁੰਦਾ ਹੈ—"ਤੁਹਾਨੂੰ ਸੰਤੁਸ਼ਟ ਕਰਨ ਲਈ ਖ਼ਬਰੇ ਮੈਨੂੰ ਕਿੰਨੀ ਘਾਲਣਾ ਘਾਲਣੀ ਪਈ ਹੈ।" ਨਾਟਕ ਬਹੁਤ ਸਾਰੀਆਂ ਕਲਾਵਾਂ ਦਾ ਸਮੂਹ ਹੈ। ਇਸ ਵਾਸਤੇ ਰੰਗ ਮੰਚ ਤੇ ਨਾਟਕ ਦੀ ਸਫ਼ਲਤਾ ਬਹੁਤ ਸਾਰੀਆਂ ਗੱਲਾਂ ਤੇ ਅਧਾਰਤ ਹੁੰਦੀ ਹੈ। ਨਾਟਕ ਆਪਣੇ ਆਪ ਵਿਚ ਭਾਵੇਂ ਕਿੰਨਾ ਵੀ ਚੰਗਾ ਕਿਉਂ ਨਾ ਹੋਵੇ, ਅਨਾੜੀ ਅਦਾਕਾਰ ਜਾਂ ਬੇਸਮਝ ਨਿਰਦੇਸ਼ਕ ਚੰਗੀ ਚੀਜ਼ ਦੀ ਵੀ ਜੜ੍ਹ ਮਾਰ ਸਕਦਾ ਹੈ।

ਫ਼ਰਾਂਸ ਦੇ ਪ੍ਰਸਿੱਧ ਆਲੋਚਕ ਸਾਰਸੀ ਅਨੁਸਾਰ, "ਨਾਟਕ ਬਿਨਾਂ ਰੰਗਮੰਚ ਪਾਤਰਾਂ ਅਤੇ ਦਰਸ਼ਕਾਂ ਦੇ ਸੋਚਿਆ ਵੀ ਨਹੀਂ ਜਾ ਸਕਦਾ।" ਇਹ ਠੀਕ ਹੈ, ਨਾਟਕ ਨਾ ਕੇਵਲ ਲੇਖਕ, ਪਾਤਰਾਂ ਤੇ ਨਿਰਦੇਸ਼ਕ ਦੇ ਸਹਿਯੋਗ ਦੀ, ਸਗੋਂ ਇਨ੍ਹਾਂ ਸਾਰਿਆਂ ਅਤੇ ਦਰਸ਼ਕਾਂ ਦੇ ਮਿਲਵਰਤਨ ਦੀ ਕਲਾ ਹੈ। ਖੇਡ ਦੇ ਨੁਕਤੇ ਤੋਂ ਸ਼ੋਭਾ ਸ਼ਕਤੀ ਨੂੰ ਅਸੀਂ ਹੇਠਲੇ ਭਾਗਾਂ ਵਿਚ ਵੰਡ ਕੇ ਵਿਚਾਰ ਸਕਦੇ ਹਾਂ :—

੧. ਨਾਟਕ    ੨. ਰੰਗ ਮੰਚ,    ੩. ਅਦਾਕਾਰ ਜਾਂ ਖੇਡਕਾਰ,

੪. ਨਿਰਦੇਸ਼ਕ,    ੫. ਦਰਸ਼ਕ।

੧. ਸ਼ੋਭਾ ਸ਼ਕਤੀ ਨੂੰ ਮੈਂ ਆਪਣੇ ਲੰਮੇ ਤਜਰਬੇ ਦੇ ਆਧਾਰ ਤੇ ਰੰਗ ਮੰਚ ਤੇ ਖੇਡੇ ਜਾਣ ਲਈ ਲਿਖਿਆ ਹੈ। ਮੇਰਾ ਵਿਸ਼ਵਾਸ ਹੈ ਜੇਕਰ ਇਸ ਨੂੰ ਲੋੜੀਂਦੀ ਮਿਹਨਤ ਤੇ ਸੂਝ ਨਾਲ ਪੇਸ਼ ਕੀਤਾ ਜਾਵੇ ਤਾਂ ਕਾਫ਼ੀ ਸਫ਼ਲ ਰਹਿ ਸਕਦਾ ਹੈ। ਵਾਰਤਾਲਾਪ ਚੁਸਤ ਤੇ ਰੋਚਕ ਅਤੇ ਵਿਸ਼ੇ ਤੇ ਪਾਤਰਾਂ ਨਾਲ ਢੁਕਵਾਂ ਰਖਣ ਦਾ ਪੂਰਾ ਯਤਨ ਕੀਤਾ ਗਿਆ ਹੈ।

੨. ਸ਼ੋਭਾ ਸ਼ਕਤੀ ਲਿਖਣ ਸਮੇਂ ਮੈਂ ਸਮਕਾਲੀ ਰੰਗ ਮੰਚ ਦੀਆਂ ਮਜਬੂਰੀਆਂ ਦਾ ਪੂਰਾ ਧਿਆਨ ਰਖਿਆ ਹੈ, ਇਹ ਸਾਦਾ ਸਾਧਾਰਨ ਅਤੇ ਉੱਨਤ ਦੋਹਾਂ ਤਰ੍ਹਾਂ ਦੀਆਂ



ਮੰਚਾਂ ਤੇ ਖੇਡਿਆ ਜਾ ਸਕਦਾ ਹੈ। ਸਟੇਜ ਇਕੋ ਵਾਰ ਸੈੱਟ ਕੀਤੀ ਜਾ ਸਕਦੀ ਹੈ। ਪਹਿਲਾ ਸਾਰਾ ਨਾਟ ਬਰਾਂਡੇ ਵਿਚ ਅਤੇ ਦੂਜਾ ਤੇ ਤੀਜਾ ਅੰਕ ਕਮਰੇ ਅੰਦਰ ਪੇਸ਼ ਹੁੰਦੇ ਹਨ। ਇਕ ਕਮਰੇ ਨੂੰ ਕੰਧਾਂ ਦੇ ਚਿੱਤਰ, ਕੁਰਸੀਆਂ ਮੇਜ਼, ਦਰਵਾਜ਼ੇ ਬਾਰੀਆਂ ਦੇ ਪਰਦੇ ਆਦਿ ਬਦਲ ਕੇ ਨਵੀਂ ਝਾਕੀ ਦਾ ਸੌਖੀ ਤਰ੍ਹਾਂ ਝਾਉਲਾ ਦਿਤਾ ਜਾ ਸਕਦਾ ਹੈ। ਪਹਿਲੀ ਤੇ ਤੀਜੀ ਝਾਕੀ ਲਈ ਵੇਲਾਂ ਬੂਟੇ ਦਰਸ਼ਾਣ ਲਈ ਮਾਂਗਵੇਂ ਗਮਲੇ ਆਦਿ ਲਿਆਂਦੇ ਜਾ ਸਕਦੇ ਹਨ। ਤਿੰਨਾਂ ਅੰਕਾਂ ਵਿਚ ਸਮਾਂ ਦਿਨ ਦਾ ਹੋਣ ਕਰ ਕੇ ਰੌਸ਼ਨੀ ਦੀ ਕੋਈ ਔਖਿਆਈ ਨਹੀਂ ਹੋ ਸਕਦੀ।

੩. ਖੇਡ ਵਿਚ ਅਦਾਕਾਰ ਸਭ ਤੋਂ ਜ਼ਰੂਰੀ ਤੱਤ ਹੈ। ਇਕ ਮਾਹਰ ਤਜਰਬੇਕਾਰ ਖੇਡਕਾਰ ਰੜੇ ਮੈਦਾਨ ਖਲੋ ਕੇ ਦਰਸ਼ਕਾਂ ਨੂੰ ਕੀਲ ਸਕਦਾ ਹੈ। ਖੇਡਕਾਰ ਨੂੰ ਮਨੁੱਖੀ ਮਨ ਤੇ ਸੁਭਾ ਅਤੇ ਅਭਿਨਯ ਕਲਾ ਤੋਂ ਥੋੜਾ ਬਹੁਤ ਜਾਣੂ ਹੋਣਾ ਜ਼ਰੂਰੀ ਹੈ। ਇਸ ਨਾਟਕ ਵਿਚ ਸੋਭਾ, ਸਤੀਸ਼ ਤੇ ਲੀਲਾ ਤਿੰਨਾਂ ਅੰਕਾਂ ਵਿਚ ਆਉਂਦੇ ਹਨ। ਪਹਿਲੇ ਤੇ ਤੀਜੇ ਅੰਕ ਵਿਚ ਵੀਹਾਂ ਕੁ ਸਾਲਾਂ ਦਾ ਫ਼ਰਕ ਹੈ। ਤਿੰਨਾਂ ਨਾਟਾਂ ਵਿਚ ਸਮੇਂ ਤੇ ਸਥਾਨ ਵੀ ਵਖੋ ਵਖਰੇ ਹਨ। ਸੋ ਅਦਾਕਾਰਾਂ ਦੇ ਚਿਹਰਿਆਂ ਅਤੇ ਪੁਸ਼ਾਕਾਂ ਵਿਚ ਫ਼ਰਕ ਦਰਸਾਉਣਾ ਜਰੂਰੀ ਹੈ। ਤੀਜਾ ਅੰਕ ਭਵਿੱਖ ਵਿਚ ਚਲਦਾ ਹੈ। ਆਉਣ ਵਾਲੇ ਸੱਤਾਂ ਸਾਲਾਂ ਵਿਚ ਹਾਲਾਤ ਬਦਲ ਸਕਦੇ ਹਨ, ਪਰ ਘਰੋਗੀ ਜੀਵਨ ਤੇ ਮਨੁੱਖੀ ਸੁਭਾਵਾਂ ਵਿਚ ਖ਼ਾਸ ਫ਼ਰਕ ਪੈਣ ਦੀ ਸੂਰਤ ਨਹੀਂ। ਫੇਰ ਵੀ,ਸੋਭਾ ਦਾ ਘਰ ਭਾਰਤੀ ਸਭਿਆਚਾਰ ਅਨੁਸਾਰ ਸਜਾਣਾ ਚਾਹੀਦਾ ਹੈ। ਨਾਟਕ ਦੀ ਰੰਗ ਮੰਚ ਤੇ ਅੱਧੀ ਸਫ਼ਲਤਾ, ਯੋਗ ਪਾਤਰਾਂ ਦੀ ਢੁਕਵੀਂ ਚੋਣ ਤੇ ਨਿਰਭਰ ਹੁੰਦੀ ਹੈ। ਭਾਵੇਂ ਅਦਾਕਾਰਾਂ ਦੀ ਚੋਣ ਬਾਰੇ ਕਰੜੇ ਨੇਮ ਨਹੀਂ ਥਾਪੇ ਜਾ ਸਕਦੇ, ਹਰ ਹਾਲਤ ਵਿਚ ਉਹ ਨਾਟਕ ਵਿਚਲੇ ਪਾਤਰ ਨੂੰ ਜਚਦੇ ਮਿਚਦੇ ਜ਼ਰੂਰ ਹੋਣ ਅਤੇ ਪਾਤਰਾਂ ਨੂੰ ਸਟੇਜ ਉਤੇ ਜੀਣ ਥੀਣ ਦੀ ਸੂਝ ਤੇ ਸਮਰੱਥਾ ਰਖਦੇ ਹੋਣ।

੪. ਨਾਟਕ ਦੀ ਸਫਲਤਾ ਦੀ ਬਹੁਤ ਜ਼ਿਮੇਂਵਾਰੀ ਨਿਰਦੇਸ਼ਕ ਸਿਰ ਹੁੰਦੀ ਹੈ। ਆਪਣੇ ਮਨੋਰਥ ਦੀ ਸਫਲਤਾ ਲਈ ਉਸ ਦਾ ਪਹਿਲਾ ਫ਼ਰਜ਼ ਨਾਟਕ ਦੀ ਆਤਮਾ ਤੇ ਵਿਸਥਾਰ ਨੂੰ ਸਮਝਣਾ ਹੈ ਅਤੇ ਫਿਰ ਬਿਨਾਂ ਰੂ ਰਿਆਇਤ ਦੇ ਪਾਤਰਾਂ ਦੀ ਸਹੀ ਚੋਣ ਕਰਨਾ ਹੈ। ਇਕ ਚੰਗਾ ਨਿਰਦੇਸ਼ਕ ਅਦਾਕਾਰਾਂ ਨਾਲ ਰਲ ਕੇ ਪਹਿਲੋਂ ਨਾਟਕ ਨੂੰ ਤਿੰਨ ਵਾਰ ਪੜ੍ਹਦਾ ਤੇ ਵਿਚਾਰਦਾ ਹੈ, ਹਰ ਪਾਤਰ ਨੂੰ ਉਸ ਦਾ ਰੋਲ ਚੰਗੀ ਤਰ੍ਹਾਂ ਸਮਝਾਂਦਾ ਤੇ ਯਾਦ ਕਰਵਾਂਦਾ ਹੈ ਅਤੇ ਬਿਨਾਂ ਪੂਰੀ ਰੀਹਰਸਲ ਦੇ ਨਾਟਕ ਨੂੰ ਰੰਗ ਮੰਚ

ਤੇ ਪੇਸ਼ ਕਰਨ ਦੀ ਕਾਹਲ ਨਹੀਂ ਕਰਦਾ। ਭੈੜਾ ਖੇਡ ਦਿਖਾਣ ਨਾਲੋਂ ਨਾ ਦਿਖਾਣਾ ਚੰਗਾ ਹੈ।

੫. ਦਰਸ਼ਕਾਂ ਦੀ ਪੱਧਰ ਵਿਚ ਜ਼ਰੂਰ ਫ਼ਰਕ ਹੁੰਦਾ ਹੈ, ਪਰ ਚੰਗੀ ਚੀਜ਼ ਨੂੰ ਹਰ ਕੋਈ ਪਸੰਦ ਕਰਦਾ ਹੈ। ਪੰਜਾਬੀ ਦਰਸ਼ਕਾਂ ਬਾਰੇ ਮੈਨੂੰ ਕੋਈ ਸ਼ਿਕਾਇਤ ਨਹੀਂ। ਅਸੀਂ ਦਸ ਹਜ਼ਾਰ ਦੀ ਹਾਜ਼ਰੀ ਵਿਚ ਵੀ ਸਫਲਤਾ ਨਾਲ ਨਾਟਕ ਖੇਡਿਆ ਹੈ। ਮੈਨੂੰ ਆਸ ਹੈ ਹਰ ਭਾਂਤ ਦੇ ਦਰਸ਼ਕ ਸ਼ੋਭਾ ਸ਼ਕਤੀ ਨੂੰ ਪਸੰਦ ਕਰਨਗੇ।

——o——

## ਮੁਖ ਸ਼ਬਦ

'ਸ਼ੋਭਾ ਸ਼ਕਤੀ' ਮੇਰਾ ਦਸਵਾਂ ਪੂਰਾ ਨਾਟਕ ਹੈ। ਇਹ ੧੯੬੦ ਵਿਚ ਪ੍ਰਕਾਸ਼ਤ ਹੋ ਕੇ ਪਾਠਕਾਂ ਦੇ ਹੱਥਾਂ ਵਿਚ ਹੋਣਾ ਸੀ ਅਤੇ ਫ਼ਰਵਰੀ ਮਾਰਚ, ੧੯੬੧ ਵਿਚ ਦਰਸ਼ਕਾਂ ਸਾਹਮਣੇ ਰੰਗ ਮੰਚ ਉੱਤੇ ਪੇਸ਼ ਵੀ ਹੋ ਜਾਣਾ ਸੀ, ਜੇ ਕਰ ਇਸ ਨਾਲ ਇਕ ਦੁਰਘਟਨਾ ਨਾ ਵਾਪਰਦੀ। ਇਸ ਦੇ ਪੁਨਰ ਜਨਮ ਦੀ ਕਹਾਣੀ ਭਾਵੇਂ ਕੋਈ ਅਨੋਖੀ ਘਟਨਾ ਨਹੀਂ, ਪਰ ਪਾਠਕਾਂ ਖ਼ਾਸ ਕਰ ਕੇ ਲੇਖਕਾਂ ਦੇ ਹਿਤ ਵਿਚ ਦਸ ਦੇਣਾ ਚਾਹੁੰਦਾ ਹਾਂ, ਸ਼ਾਇਦ ਕੋਈ ਲੇਖਕ ਮੇਰੇ ਤਜਰਬੇ ਤੋਂ ਆਪਣਾ ਖਰੜਾ ਗੁੰਮ ਹੋਣ ਤੋਂ ਬਚਾ ਲਵੇ। ਕਹਿ ਨਹੀਂ ਸਕਦਾ ਨਵੇਂ ਜਾਮੇ ਵਿਚ ਇਹ ਨਾਟਕ ਪਿਛਲੇ ਜਨਮ ਨਾਲੋਂ ਚੰਗਾ ਹੈ ਜਾਂ ਮੰਦਾ। ਹਰ ਹਾਲਤ ਵਿਚ ਚੋਲਾ ਹੀ ਬਦਲਿਆ ਹੈ, ਆਤਮਾ ਮੁੜ ਉਹੋ ਪ੍ਰਵੇਸ਼ ਕਰ ਗਈ ਹੈ।

'ਸ਼ੋਭਾ ਸ਼ਕਤੀ' ੧੯੬੦ ਦੀਆਂ ਗਰਮੀਆਂ ਵਿਚ ਲਿਖਿਆ ਗਿਆ ਸੀ। ਮੂਲ ਖਰੜੇ ਨੂੰ ਰੱਦੀ ਦੀ ਟੋਕਰੀ ਵਿਚ ਸੁਟ ਕੇ ਬਾਕੀ ਤਿੰਨ ਹੱਥ-ਲਿਖਤਾਂ ਨੂੰ ਸੂਟਕੇਸ ਵਿਚ ਪਾ ਕੇ ਮੈਂ ਅਕਤੂਬਰ ੧੯੬੦ ਵਿਚ ਪੰਜਾਬ ਗਿਆ ਸਾਂ। ਖਿਆਲ ਸੀ, ਨਵਯੁਗ ਪ੍ਰੈਸ ਨੂੰ ਛਾਪਣ ਲਈ ਦੇਣ ਤੋਂ ਪਹਿਲਾਂ; ਦੂਜੇ ਤੀਜੇ ਖਰੜੇ ਦੇ ਹਾਸ਼ੀਏ ਉਤੇ ਪਿਛੋਂ ਸੁਝੀਆਂ ਅਤੇ ਝਰੀਟੀਆਂ ਕੁਝ ਗੱਲਾਂ ਪ੍ਰੈਸ-ਕਾਪੀਆਂ ਉੱਤੇ ਗੱਡੀ ਵਿਚ ਜਾਂਦਿਆਂ ਤੇ ਆਉਂਦਿਆਂ ਉਤਾਰ ਲਵਾਂਗਾ, ਪਰ ੨੭ ਅਕਤੂਬਰ ਦੀ ਰਾਤ ਨੂੰ ਦਿੱਲੀ ਵਲ ਆਉਂਦਿਆਂ ਅੰਬਾਲੇ ਛਾਉਣੀ ਲਾਗੇ ਸੂਟ ਕੇਸ, ਸਮੇਤ ਤਿੰਨ ਹੱਥ-ਲਿਖਤਾਂ ਦੇ, ਕਿਸੇ ਸੱਜਣ (ਠੱਗ) ਦੇ ਹੱਥ ਲਗ ਗਿਆ। ਕੁਝ ਚਿਰ ਤਾਂ ਇਸ ਘਟਨਾ ਦਾ ਦਿਲ ਤੇ ਹੌਲ ਜਿਹਾ ਬੈਠਾ ਰਿਹਾ। ਦੂਜੀ ਵਾਰ ਲਿਖਣ ਦਾ ਕੁਝ ਮਹੀਨੇ ਹੌਸਲਾ ਨਾ ਪਿਆ। ਦਿੱਲੀ ਦੇ ਰਾਜ ਰੌਲੇ ਦੇ ਵਾਤਾਵਰਣ ਵਿਚ ਕਿਸੇ ਚੀਜ਼ ਨੂੰ ਮੁੜ ਲਿਖਣ ਲਈ ਮਨ ਇਕਾਗਰ ਕਰਨਾ ਉਂਜ ਵੀ ਬੜਾ ਔਖਾ ਸੀ। ਅਖ਼ੀਰ ਅਪ੍ਰੈਲ ੧੯੬੧ ਵਿਚ ਸੱਤ ਮਹੀਨੇ ਬਾਅਦ ਇਸ ਦਾ ਪੁਨਰ ਜਨਮ ਹੋਇਆ।

ਆਪਣੇ ਹੋਰ ਪੂਰੇ ਤੇ ਇਕਾਂਗੀ ਨਾਟਕਾਂ ਵਾਂਗ ਮੈਂ ਸ਼ੋਭਾ ਸ਼ਕਤੀ ਨੂੰ ਰੰਗ ਮੰਚ ਉਤੇ ਖੇਡੇ ਜਾਣ ਲਈ ਲਿਖਿਆ ਹੈ। ਮੇਰੇ ਨਾਟਕਾਂ ਦੀ ਸ਼ੁਰੂ ਤੋਂ ਸੁਚੇਤ ਤੌਰ ਤੇ ਇਹ ਇਕ ਵਿਸ਼ੇਸ਼ਤਾ ਰਹੀ ਹੈ ਕਿ ਉਹ ਬਿਨਾਂ ਕਿਸੇ ਅਦਲਾ ਬਦਲੀ ਦੇ ਛੱਤੀ ਜਾਂ ਅਣਛੱਤੀ ਰੰਗ ਮੰਚ ਤੇ ਸੌਖੀ ਤਰ੍ਹਾਂ ਖੇਡੇ ਜਾ ਸਕਦੇ ਹਨ। ਨਾਟਕ ਲਿਖਣ ਸਮੇਂ ਮੇਰੇ ਸਾਹਮਣੇ



ਰੰਗ ਭੂਮੀ ਵਿਚ ਬੈਠੇ ਦਰਸ਼ਕ ਹੁੰਦੇ ਹਨ, ਸਮੇਂ ਦੀ ਰੰਗ ਮੰਚ ਹੁੰਦੀ ਹੈ; ਦਰਸ਼ਕਾਂ ਦੀ ਮਾਨਸਕ ਪੱਧਰ ਤੇ ਦਿਲਚਸਪੀ ਹੁੰਦੀ ਹੈ, ਨਿਰਦੇਸ਼ਕ ਤੇ ਸੰਚਾਲਕ ਦੀਆਂ ਅਨੇਕਾਂ ਆਰਥਕ ਤੇ ਸਥੂਲਿਕ ਮਜਬੂਰੀਆਂ ਹੁੰਦੀਆਂ ਹਨ, ਪਾਤਰਾਂ ਤੇ ਵਿਸ਼ੇ ਦੇ ਅਨੁਕੂਲ ਅਮਲ-ਉਕਸਾਊ ਵਾਰਤਾਲਾਪ ਘੜਨ ਦੀ ਸੋਧ ਹੁੰਦੀ ਹੈ, ਇਤਿਆਦਿ।

ਕੁਝ ਨਾਟਕਕਾਰਾਂ ਦਾ ਵਿਚਾਰ ਹੈ ਕਿ ਨਾਟਕ ਕੇਵਲ ਜੀਵਨ-ਮੰਚ ਤੇ ਪੂਰਾ ਉਤਰਨਾ ਚਾਹੀਦਾ ਹੈ ਅਰਥਾਤ ਉਹ ਕੇਵਲ ਸਾਹਿਤ ਦਾ ਅੰਗ (ਪੜ੍ਹੰਦਰ) ਵੀ ਹੋ ਸਕਦਾ ਹੈ। ਮੈਂ ਇਸ ਵਿਚਾਰ ਦਾ ਹਾਮੀ ਨਹੀਂ। ਮੇਰੇ ਵਿਚਾਰ ਵਿਚ ਹਰ ਚੰਗਾ ਨਾਟਕ ਦੋਹਾਂ ਮੰਚਾਂ ਤੇ ਇਕੋ ਜਿਹਾ ਪੂਰਾ ਉਤਰਨਾ ਜ਼ਰੂਰੀ ਹੈ। ਨਾਟਕ ਇਕ ਜੀਊਂਦੀ ਕਲਾ ਹੈ। ਉਹ ਜੀਵਨ ਵਿਚੋਂ ਲਿਆ ਜਾਂਦਾ ਹੈ (ਭਾਵੇਂ ਹੂ-ਬ-ਹੂ ਜੀਵਨ ਨਹੀਂ ਹੁੰਦਾ) ਅਤੇ ਰੰਗ ਮੰਚ ਅਨੁਕੂਲ ਲਿਖਿਆ ਤੇ ਖੇਡਿਆ ਜਾਂਦਾ ਹੈ। ਕਈ ਲੇਖਕ ਨਾਟਕ ਨੂੰ ਕੇਵਲ ਸਕਰਿਪਟ ਦਾ ਦਰਜਾ ਦਿੰਦੇ ਹਨ, ਮੈਂ ਇਸ ਧੁਰ ਦੇ ਵਿਚਾਰ ਨਾਲ ਵੀ ਸਹਿਮਤ ਨਹੀਂ, ਪਰ ਮੇਰਾ ਵਿਸ਼ਵਾਸ ਹੈ ਕਿ ਰੰਗ ਮੰਚ ਹੀ ਨਾਟਕ ਨੂੰ ਸਜੀਵ-ਰੂਪ ਦੇ ਸਕਦਾ ਹੈ। ਨਾਟਕ ਦੀਆਂ ਚੰਗਿਆਈਆਂ ਜਾਂ ਬੁਰਿਆਈਆਂ ਖੇਡਣ ਤੋਂ ਹੀ ਜਾਣੀਆਂ ਜਾ ਸਕਦੀਆਂ ਹਨ। ਰੰਗ ਮੰਚ ਪਾਤਰਾਂ ਨੂੰ ਜ਼ਿੰਦਗੀ ਬਖ਼ਸ਼ਦਾ ਹੈ, ਧੜਕਦੇ ਰੂਪ ਵਿਚ ਜ਼ਿੰਦਗੀ ਨੂੰ ਦਰਸ਼ਕਾਂ ਸਾਹਮਣੇ ਸਾਕਾਰ ਕਰਦਾ ਹੈ ਅਤੇ ਨਾਟਕ ਦੀਆਂ ਲੁਕੀਆਂ ਸ਼ਕਤੀਆਂ ਨੂੰ ਉਜਾਗਰ ਕਰਦਾ ਹੈ।

ਅਜ ਨਾਟਕ ਕਲਾ ਦਾ ਮਨੋਰਥ ਰੋਚਕ ਢੰਗ ਨਾਲ ਦਰਸ਼ਕਾਂ ਲਈ ਕਿਸੇ ਵਿਸ਼ੇ ਜਾਂ ਸਮੱਸਿਆ ਬਾਰੇ ਸੋਚਣ ਦਾ ਮੌਕਾ ਪੈਦਾ ਕਰਨਾ ਅਤੇ ਉਸ ਸੰਬੰਧੀ ਕੋਈ ਨਵਾਂ ਸੁਝਾ ਜਾਂ ਡੂੰਘਾ ਅਤੇ ਤੀਬਰ ਅਨੁਭਵ ਕਰਵਾਉਣਾ ਸਮਝਿਆ ਜਾਂਦਾ ਹੈ। ਅਜਿਹੇ ਆਸ਼ੇ ਦੀ ਸਫਲਤਾ ਰੰਗ ਮੰਚ ਤੇ ਪੂਰੀ ਹੋ ਸਕਦੀ ਹੈ, ਕਿਉਂਕਿ ਨਾਟਕ ਸਮੂਹ ਕਲਾ ਹੈ। ਸਮੂਹ ਵਿਚ ਬੈਠਾ ਦਰਸ਼ਕ ਡੂੰਘਾ ਪ੍ਰਭਾਵ ਗ੍ਰਹਿਣ ਕਰਦਾ ਹੈ। ਸੈਟਿੰਗ ਤੇ ਸਮੱਗਰੀ ਵਾਤਾਵਰਣ ਅਤੇ ਲੋੜੀਂਦਾ ਪ੍ਰਭਾਵ ਪੈਦਾ ਕਰਨ ਵਿਚ ਸਹਾਇਕ ਹੁੰਦੇ ਹਨ।

ਕੋਈ ਕਿੰਨਾ ਵੀ ਸੂਝਵਾਨ ਪਾਠਕ ਕਿਉਂ ਨਾ ਹੋਵੇ, ਉਹ ਨਾਟਕ ਨੂੰ ਮਨ ਦੀਆਂ ਅੱਖਾਂ ਸਾਹਮਣੇ ਸੰਪੂਰਨ ਰੂਪ ਵਿਚ ਅਨੁਭਵ ਨਹੀਂ ਕਰ ਸਕਦਾ। ਸੰਸਾਰ ਦੇ ਕੁਲ ਮਹਾਨ ਨਾਟਕ ਰੰਗ ਮੰਚ ਖ਼ਾਤਰ ਹੀ ਰਚੇ ਗਏ ਹਨ। ਦੁਨੀਆਂ ਦੇ ਸਭ ਚੋਟੀ ਦੇ ਨਾਟਕਕਾਰ ਸਟੇਜ ਤੋਂ ਭਲੀ ਭਾਂਤ ਜਾਣੂ ਸਨ। ਕਿਸੇ ਵੀ ਦੇਸ ਦੇ ਨਾਟਕ ਦਾ ਇਤਿਹਾਸ ਪੜ੍ਹਨ ਤੋਂ ਪਤਾ ਲਗੇਗਾ ਕਿ ਨਾਟਕ ਉਦੋਂ ਹੀ ਸਿੱਖਰ ਨੂੰ ਛੋਹਿਆ ਹੈ ਜਦੋਂ ਉਹ ਰੰਗ ਮੰਚ ਨਾਲ ਪੂਰੀ ਤਰ੍ਹਾਂ ਸੰਬੰਧਤ ਸੀ। ਜੇ ਮੰਦੇ ਭਾਗਾਂ ਨੂੰ ਪੰਜਾਬੀ ਰੰਗ ਮੰਚ ਅਵਿਕਸਤ ਰੂਪ ਵਿਚ ਹੈ ਤਾਂ ਨਾਟਕ ਨੂੰ ਰੰਗ ਮੰਚ ਨਾਲੋਂ ਵਖ ਕਰਨ ਦਾ ਗਲਤ